40ਵਾਂ ਵਰ੍ਹਾ


TARKSHEEL SOCIETY PUNJAB (REGD.)
BE RATIONALIST

ਗਿਆਨ-ਵਿਗਿਆਨ ਅਤੇ ਚਿੰਤਨ ਦੀ ਅਵਾਜ਼

ਤਰਕਸ਼ੀਲ

TARKSHEEL

ਜੁਲਾਈ-ਅਗਸਤ 2025



ਮਸ਼ੀਨੀ ਬੁੱਧੀ ਮਨੁੱਖਤਾ ਦਾ ਨਵਾਂ ਜੰਮਿਆਂ ਬੱਚਾ ਹੈ। ਜੇ ਸਹੀ ਗਿਆਨ ਨਾ ਦਿੱਤਾ ਤਾਂ ਇਹ ਵਿਗੜ ਜਾਵੇਗੀ। - *ਸੁਰਜੀਤ ਪਾਤਰ*

ਤਰਤੀਬ

ਲੇਖ ਰਚਨਾ ਮੁਕਾਬਲਾ

ਤਰਕਸ਼ੀਲ ਵੱਲੋਂ ਇਸ ਅੰਕ ਤੋਂ 'ਲੇਖ ਰਚਨਾ ਮੁਕਾਬਲਾ' ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਮੁਕਾਬਲੇ ਲਈ ਲਿਖਣ ਵਾਸਤੇ ਵਿਸ਼ਾ, ਕਿਸੇ ਰਵਾਇਤੀ ਵਿਸ਼ੇ ਦੀ ਬਜਾਏ, ਕੋਈ ਵਿਚਾਰ ਜਾਂ ਕਵਿਤਾ ਦੀ ਸਤਰ ਜਾਂ ਸ਼ੇਅਰ ਹੋਵੇਗਾ। ਲੇਖ ਦੀ ਲੰਬਾਈ 1000 ਕੁ ਸ਼ਬਦਾਂ ਦੇ ਆਸ ਪਾਸ ਹੋਣੀ ਚਾਹੀਦੀ ਹੈ। ਇਸ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਨ ਵਾਲੇ ਨੂੰ 1000 ਰੁਪਏ ਅਤੇ ਦੂਜੇ ਸਥਾਨ ਵਾਲੇ ਨੂੰ 700 ਰੁਪਏ ਇਨਾਮ ਵਜੋਂ ਦਿੱਤੇ ਜਾਣਗੇ। ਇਸ ਲੇਖ ਮੁਕਾਬਲੇ ਲਈ ਅਸੀਂ ਮੁੱਖ ਤੌਰ 'ਤੇ ਕਾਲਜ ਵਿਦਿਆਰਥੀਆਂ ਅਤੇ ਨਵੇਂ ਉਭਰ ਰਹੇ ਲੇਖਕਾਂ ਨੂੰ ਸੱਦਾ ਦਿੰਦੇ ਹਾਂ।

ਇਸ ਵਾਰ ਦਾ ਵਿਸ਼ਾ : 9 ਸਤੰਬਰ ਨੂੰ ਮਹਾਨ ਇਨਕਲਾਬੀ ਕਵੀ ਪਾਸ਼ ਦਾ ਜਨਮ ਦਿਨ ਹੈ। ਉਨ੍ਹਾਂ ਨੂੰ ਯਾਦ ਕਰਦਿਆਂ, ਇਸ ਵਾਰ ਲਈ ਲੇਖ ਮੁਕਾਬਲੇ ਦਾ ਵਿਸ਼ਾ ਉਨ੍ਹਾਂ ਦੀ ਬਹੁਤ ਪ੍ਰਸਿੱਧ ਕਵਿਤਾ ਦੀਆਂ ਇਹ ਸਤਰਾਂ ਹਨ –

ਸਭ ਤੋਂ ਖ਼ਤਰਨਾਕ ਹੁੰਦਾ ਹੈ,
ਸਾਡੇ ਸੁਪਨਿਆਂ ਦਾ ਮਰ ਜਾਣਾ।

ਇਸ ਵਿਸ਼ੇ ਉਪਰ ਤੁਹਾਡੀ ਰਚਨਾ 5 ਅਗਸਤ ਤੱਕ ਈਮੇਲ ਜਾਂ ਵਟਸਐਪ ਰਾਹੀਂ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

Email - editortarksheel@gmail.com
Watsapp Number - 95018 83486

ਮੁੱਖ ਸੰਪਾਦਕ
ਰਾਜਪਾਲ ਸਿੰਘ
95018 83486
editortarksheel@gmail.com

ਸੰਪਾਦਕੀ ਬੋਰਡ
ਹੇਮ ਰਾਜ ਸਟੈਨੋ 98769 53561
ਪਾਲ ਬਾਗਪੁਰ 94173 13738
ਰਾਮ ਸਵਰਨ ਲੱਖੇਵਾਲੀ 95010 06626
ਵਿਸ਼ਵ ਕਾਂਤ 94170 37843
ਰਣਧੀਰ ਗਿੱਲਪੱਤੀ 98556 56156

ਮੁੱਖ ਪ੍ਰਬੰਧਕ
ਸੁਖਵਿੰਦਰ ਬਾਗਪੁਰ
94174 27538

ਵਿਦੇਸ਼ੀ ਪ੍ਰਤੀਨਿਧ
ਅਵਤਾਰ ਬਾਈ, ਵੈਨਕੂਵਰ
+1 672 558-5757
ਬੀਰਬਲ ਭਦੌੜ, ਕੈਲਗਿਰੀ
+1 204 894-4371
ਬਲਦੇਵ ਰਹਿਪਾ, ਟਰਾਂਟੋ
+1 41688 17202
ਅੱਛਰ ਸਿੰਘ ਖਰਲਵੀਰ (ਇੰਗਲੈਂਡ)
+1 44 748 635 1185
ਅਵਤਾਰ ਗੋਂਦਾਰਾ (USA)
+1(559)375-2589

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਕ, ਬਰਨਾਲਾ-148101 (ਪੰਜਾਬ)
ਮੋਬਾ. 98769 53561
ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234 IFSC : PUNB0004400
ਸਲਾਨਾ ਚੰਦਾ ਦੇਸ਼ : 150 ਰੁ.
ਜੀਵਨ ਮੈਂਬਰਸ਼ਿਪ : 1500 ਰੁ.
ਸਲਾਨਾ ਚੰਦਾ ਵਿਦੇਸ਼ : 40 ਯੂ.ਐਸ. ਡਾਲਰ
ਜੀਵਨ ਮੈਂਬਰਸ਼ਿਪ ਵਿਦੇਸ਼ : 20,000 ਰੁ.
ਰਸੀਦ ਵਾਊਚਰ ਅਤੇ ਪਤਾ ਹੇਠ ਲਿਖੇ ਨੰਬਰ 'ਤੇ ਭੇਜਿਆ ਜਾਵੇ
98156 70725

ਰਾਜਿੰਦਰ ਭਦੌੜ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।

ਸੰਪਾਦਕੀ

ਤਰਕਸ਼ੀਲ ਮੈਗਜ਼ੀਨ ਦਾ ਇਹ ਅੰਕ ਏ.ਆਈ. (Artificial Intelligence) ਵਿਸ਼ੇਸ਼ ਅੰਕ ਹੈ। ਏ.ਆਈ. 'ਤੇ ਇਹ ਵਿਸ਼ੇਸ਼ ਅੰਕ ਕਿਉਂ ਕੱਢਿਆ ਗਿਆ ਹੈ ?

ਵੈਸੇ ਤਾਂ ਹਰ ਨਵੀਂ ਕਾਢ ਹੀ ਸਾਡੇ ਜੀਵਨ ਨੂੰ ਪ੍ਰਭਾਵਿਤ ਕਰਦੀ ਹੈ, ਪਰ ਕੁਝ ਕਾਢਾਂ ਅਜਿਹੀਆਂ ਹੁੰਦੀਆਂ ਹਨ ਜੋ ਦੁਨੀਆ ਨੂੰ ਬਿਲਕੁਲ ਬਦਲ ਕੇ ਰੱਖ ਦਿੰਦੀਆਂ ਹਨ। ਏ.ਆਈ. ਇੱਕ ਅਜਿਹੀ ਹੀ ਕਾਢ ਹੈ। ਅਸੀਂ ਚਾਹੁੰਦੇ ਹਾਂ ਕਿ ਸਾਡੇ ਪਾਠਕ ਅਤੇ ਤਰਕਸ਼ੀਲ ਸਾਥੀ ਇਸ ਨਵੀਂ ਕਾਢ ਦੇ ਸਾਰੇ ਪੱਖਾਂ ਤੋਂ ਜਾਣੂ ਹੋਣ। ਇਸਦੇ ਸਮਾਜ ਉੱਤੇ ਪੈਣ ਵਾਲੇ ਚੰਗੇ ਮਾੜੇ ਪ੍ਰਭਾਵਾਂ ਨੂੰ ਸਮਝ ਸਕਣ।

ਏ.ਆਈ. ਨਾਲ ਸਬੰਧਿਤ ਪਹਿਲੇ ਆਰਟੀਕਲ ਵਿੱਚ ਇਸ ਬਾਰੇ ਸੌਖੇ ਸ਼ਬਦਾਂ ਵਿੱਚ ਸੰਖੇਪ ਜਾਣਕਾਰੀ ਦਿੱਤੀ ਗਈ ਹੈ ਕਿ ਪੰਜਾਬੀ ਵਿੱਚ ਮਸਨੂਈ ਜਾਂ ਮਸ਼ੀਨੀ ਬੁੱਧੀ ਵਜੋਂ ਜਾਣੀ ਜਾਂਦੀ ਏ.ਆਈ. ਅਸਲ ਵਿੱਚ ਹੈ ਕੀ।

ਇਸ ਤੋਂ ਅਗਲਾ ਆਰਟੀਕਲ ਇਹ ਦਰਸਾਉਣ ਲਈ ਹੈ ਕਿ ਏ.ਆਈ. ਕਿਵੇਂ ਸਾਰੇ ਗਿਆਨ ਨੂੰ ਛਾਂਟ ਕੇ ਅਤੇ ਮਾਂਜ ਸਵਾਰ ਕੇ ਸਾਡੇ ਅੱਗੇ ਪੇਸ਼ ਕਰਦੀ ਹੈ। ਇਹ ਦਰਸਾਉਣ ਲਈ ਅਸੀਂ ਜੋ ਵਿਸ਼ਾ ਚੁਣਿਆ ਹੈ, ਉਹ ਹੈ 'ਅੱਜ ਦੇ ਸਮੇਂ ਵਿੱਚ ਸਾਡੇ ਸਮਾਜ ਲਈ ਤਰਕਸ਼ੀਲਤਾ ਦਾ ਮਹੱਤਵ'। ਏ.ਆਈ. ਵੱਲੋਂ ਦਿੱਤੇ ਜਵਾਬ ਜਿੱਥੇ ਇਸ ਦੀ ਸਮਰੱਥਾ ਨੂੰ ਦਰਸਾਉਂਦੇ ਹਨ, ਉਥੇ ਸਾਡੇ ਮੈਂਬਰਾਂ ਅਤੇ ਹਮਦਰਦਾਂ ਨੂੰ ਵੀ ਤਰਕਸ਼ੀਲ ਲਹਿਰ ਦੇ ਮਹੱਤਵ ਦਾ ਅਹਿਸਾਸ ਕਰਵਾਉਣ ਵਿੱਚ ਬਹੁਤ ਮਦਦਗਾਰ ਸਾਬਤ ਹੋਣਗੇ।

ਇਸ ਹਿੱਸੇ ਵਿੱਚ ਕੁਝ ਚਰਚਿਤ ਏ.ਆਈ. ਪਲੇਟਫਾਰਮਾਂ (ਜਿਵੇਂ ਜੈਮਿਨੀ, ਚੈਟਜੀਪੀਟੀ, ਕਲਾਡ, ਡੀਪਸੀਕ, ਗਰੋਕ) ਤੋਂ ਵੀ ਪਾਠਕਾਂ ਨੂੰ ਜਾਣੂ ਕਰਵਾਇਆ ਗਿਆ ਹੈ। ਵਰਣਨਯੋਗ ਹੈ ਕਿ ਇਹ ਸਾਰੇ ਪਲੇਟਫਾਰਮ ਪੰਜਾਬੀ ਵਿੱਚ ਵੀ ਕੰਮ ਕਰਦੇ ਹਨ।

ਇਸ ਤੋਂ ਅਗਲੇ ਪੰਨਿਆਂ ਉੱਤੇ ਏ.ਆਈ. ਦੀ ਸਿਰਜਣਾਤਮਿਕ ਯੋਗਤਾ ਬਾਰੇ ਬਹੁਤ ਦਿਲਚਸਪ ਤਜਰਬਾ ਹੈ ਜੋ ਸ਼ਾਇਦ ਪੰਜਾਬੀ ਸਾਹਿਤ ਵਿੱਚ ਪਹਿਲੀ ਵਾਰ ਕੀਤਾ ਜਾ ਰਿਹਾ ਹੈ। ਸਾਰੇ ਪਾਠਕਾਂ ਦੇ ਨਾਲ ਨਾਲ ਅਸੀਂ ਸਾਹਿਤਕਾਰਾਂ ਪਾਸੋਂ ਇਸ ਪ੍ਰਤੀ ਵਿਸ਼ੇਸ਼ ਤਵੱਜੋਂ ਦੇਣ ਦੀ ਆਸ ਕਰਦੇ ਹਾਂ।

ਰਾਜਿੰਦਰਪਾਲ ਬਰਾੜ ਦਾ ਲੇਖ ਏ.ਆਈ. ਦੇ ਸਾਰੇ ਪਹਿਲੂਆਂ ਬਾਰੇ ਭਰਪੂਰ ਗਿਆਨ ਦਿੰਦਾ ਹੋਇਆ ਇਸ ਦੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਦੀ ਗੱਲ ਕਰਦਾ ਹੈ। ਇਸ ਆਰਟੀਕਲ ਦਾ ਸਿਰਲੇਖ ਹੀ ਇਹ ਸਪਸ਼ਟ ਕਰਦਾ ਹੈ ਕਿ ਏ.ਆਈ. ਤੋਂ ਡਰਨ ਦੀ ਨਹੀਂ ਇਸ ਨੂੰ ਸਿੱਖਣ ਦੀ ਲੋੜ ਹੈ ਤਾਂ ਜੋ ਇਸ ਨੂੰ ਮਨੁੱਖਤਾ ਦੇ ਹਿਤ ਲਈ ਵਰਤਿਆ ਜਾ ਸਕੇ।

ਏ.ਆਈ. ਦੁਆਰਾ ਜਾਅਲੀ ਵੀਡੀਓਜ਼ ਬਨਾਉਣ ਦਾ ਵਰਤਾਰਾ ਸ਼ੁਰੂ ਹੋ ਚੁੱਕਿਆ ਹੈ ਅਤੇ ਇਸ ਨੇ ਹੋਰ ਫੈਲਦੇ ਜਾਣਾ ਹੈ। ਡੀਪਫੇਕ (Deepfake) ਵਜੋਂ ਜਾਣੇ ਜਾਂਦੇ ਇਸ ਵਰਤਾਰੇ ਬਾਰੇ ਦੀਪ ਜਗਦੀਪ ਸਿੰਘ ਦੇ ਆਰਟੀਕਲ ਤੋਂ ਬਹੁਤ ਸਾਰਾ ਗਿਆਨ ਹਾਸਲ ਹੁੰਦਾ ਹੈ।

ਏ.ਆਈ. ਬਾਰੇ ਅਜਮੇਰ ਸਿੱਧੂ ਦੀ ਕਹਾਣੀ 'ਨਵੇਂ ਅਵਤਾਰ' ਬਹੁਤ ਸੋਚ ਵਿਚਾਰ ਤੋਂ ਬਾਅਦ ਸ਼ਾਮਲ ਕੀਤੀ ਗਈ ਹੈ। ਇਸ ਕਹਾਣੀ ਦੀ ਲੰਬਾਈ ਇਸਨੂੰ ਮੈਗਜ਼ੀਨ ਵਿੱਚ ਸ਼ਾਮਲ ਕਰਨ ਤੋਂ ਰੋਕਦੀ ਸੀ, ਪਰ ਇਸ ਵਿੱਚ ਏ.ਆਈ. ਦੇ ਮਨੁੱਖੀ ਜੀਵਨ ਉੱਤੇ ਪੈਣ ਵਾਲੇ ਪ੍ਰਭਾਵਾਂ ਤੋਂ ਇਲਾਵਾ ਤਕਨੀਕ ਅਤੇ ਮਨੁੱਖ ਦੇ ਆਪਸੀ ਸਬੰਧਾਂ ਵਿੱਚ ਮਨੁੱਖ ਦੀ ਸਰਦਾਰੀ ਕਾਇਮ ਰਹਿਣ ਦੇ ਦ੍ਰਿਸ਼ ਨੂੰ ਜਿਵੇਂ ਪੇਸ਼ ਕੀਤਾ ਗਿਆ ਹੈ, ਉਸ ਕਰਕੇ ਇਸ ਨੂੰ ਛੱਡਿਆ ਨਹੀਂ ਜਾ ਸਕਦਾ ਸੀ।

ਇਸ ਅੰਕ ਵਿੱਚ ਏ.ਆਈ. ਬਾਰੇ ਕੁਝ ਬੁਨਿਆਦੀ ਜਾਣਕਾਰੀ ਪੇਸ਼ ਕੀਤੀ ਗਈ ਹੈ। ਇਸ ਦੇ ਬਹੁਤ ਪੱਖ ਹਨ, ਇਸ ਨਾਲ ਸਬੰਧਿਤ ਬਹੁਤ ਸਾਰੇ ਸਵਾਲ ਉੱਠ ਰਹੇ ਹਨ, ਆਉਣ ਵਾਲੇ ਸਮੇਂ ਵਿੱਚ ਜਿਵੇਂ-ਜਿਵੇਂ ਇਸਦੀ ਵਰਤੋਂ ਵਧਣੀ ਹੈ, ਇਸ ਬਾਰੇ ਹੋਰ ਬਹਿਸ ਚੱਲਣੀ ਹੈ। ਅਸੀਂ ਆਸ ਕਰਦੇ ਹਾਂ ਕਿ ਇਸ ਅੰਕ ਵਿਚੋਂ ਏ.ਆਈ. ਬਾਰੇ ਤੁਹਾਨੂੰ ਜੋ ਜਾਣਕਾਰੀ ਹਾਸਲ ਹੋਵੇਗੀ, ਉਸ ਨਾਲ ਤੁਸੀਂ ਇਸ ਪ੍ਰਤੀ ਵਧੇਰੇ ਦਰੁੱਸਤ ਪਹੁੰਚ ਅਪਣਾਉਣ ਦੇ ਕਾਬਲ ਹੋਵੋਗੇ।

ਇਸ ਅੰਕ ਦਾ ਵਿਸ਼ਾ ਵਸਤੂ ਨਵਾਂ ਹੈ, ਸ਼ਬਦਾਵਲੀ ਅਤੇ ਤਕਨੀਕੀ ਟਰਮਾਂ ਨਵੀਆਂ ਹਨ, ਜਿਸ ਕਰਕੇ ਕੁਝ ਪਾਠਕਾਂ ਨੂੰ ਇਹ ਅੰਕ ਔਖਾ ਲੱਗ ਸਕਦਾ ਹੈ। ਪਰ ਜੇ ਅਸੀਂ ਸਮੇਂ ਦੇ ਹਾਣੀ ਬਣਨਾ ਹੈ ਤਾਂ ਇਸ ਨੂੰ ਸਮਝਣਾ ਅਤੇ ਸਿੱਖਣਾ ਹੀ ਪਵੇਗਾ।

ਤੁਹਾਡੇ ਵਿਚਾਰਾਂ ਦੀ ਉਡੀਕ ਰਹੇਗੀ।

ਰਾਜਪਾਲ ਸਿੰਘ

ਬਾਬੇ ਦੀਆਂ ਲਾਚੀਆਂ

ਰਾਮ ਸਿੰਘ

ਕੁਝ ਸਮਾਂ ਪਹਿਲਾਂ ਐੱਸ.ਡੀ.ਐੱਮ. ਦੇ ਅਹੁਦੇ ਤੋਂ ਰਿਟਾਇਰ ਹੋਏ ਰਾਮ ਸਿੰਘ ਜੀ ਉੱਘੇ ਲੇਖਕ ਅਤੇ ਕਵੀ ਹਨ। ਇਨ੍ਹਾਂ ਦੀ ਸਵੈ-ਜੀਵਨੀ 'ਪਾਸ਼ੋ ਦਾ ਮੁੰਡਾ' ਇਨ੍ਹਾਂ ਦੇ ਗਰੀਬ ਘਰ ਵਿਚੋਂ ਉੱਠ ਕੇ ਤਹਿਸੀਲਦਾਰ ਵਜੋਂ ਸਿਲੈਕਟ ਹੋਣ ਦੇ ਸੰਘਰਸ਼ ਦੀ ਬਾਤ ਪਾਉਂਦੀ ਬਹੁਤ ਹੀ ਪ੍ਰੇਰਣਾਦਾਇਕ ਪੁਸਤਕ ਹੈ। ਇਨ੍ਹਾਂ ਦੀ ਇੱਕ ਹੋਰ ਪੁਸਤਕ 'ਮੈਜਿਸਟ੍ਰੇਟ ਮੁਜ਼ਰਿਮ' ਵੀ ਬਹੁਤ ਚਰਚਿਤ ਰਹੀ ਹੈ। ਹੇਠ ਦਿੱਤਾ ਜਾ ਰਿਹਾ ਆਰਟੀਕਲ ਇਨ੍ਹਾਂ ਦੀ ਨਵੀਂ ਪੁਸਤਕ 'ਉੱਲੂ ਹੁਣ ਵੀ ਬੋਲ ਰਹੇ' ਵਿਚੋਂ ਲਿਆ ਗਿਆ ਹੈ। ਇਸ ਵਿੱਚ ਇੱਕ ਉੱਘੇ ਡੇਰੇ ਦੇ ਬਾਬੇ ਦੇ ਅਫਸਰਸ਼ਾਹੀ ਉੱਤੇ ਪ੍ਰਭਾਵ ਅਤੇ ਉਸ ਦੇ ਵਿਖਾਵੇ ਵਜੋਂ ਕੀਤੇ ਜਾਂਦੇ ਕਥਿਤ ਸਮਾਜਸੇਵੀ ਕਾਰਜਾਂ ਦੀ ਪੋਲ ਖੋਲ੍ਹੀ ਗਈ ਹੈ।



ਚਲੋ ਮੱਥਾ ਟੇਕ ਕੇ ਆਈਏ। ਜਗਰਾਉਂ ਦਾ ਚਾਰਜ ਲਏ ਨੂੰ ਜਦੋਂ ਮੈਨੂੰ ਤਕਰੀਬਨ ਇੱਕ ਮਹੀਨਾ ਬੀਤ ਗਿਆ ਤਾਂ ਇੱਕ ਦਿਨ ਮੇਰੇ ਤਹਿਸੀਲਦਾਰ ਨੇ ਜ਼ਿਦ ਭਰੇ ਲਹਿਜੇ 'ਚ ਮੈਨੂੰ ਆਖਿਆ। ਪੋਲੇ-ਪੋਲੇ ਉਹ ਮੈਨੂੰ ਦੋ-ਤਿੰਨ ਵਾਰ ਪਹਿਲਾਂ ਵੀ ਆਖ ਚੁੱਕਾ ਸੀ ਪਰ ਮੈਂ ਧਾਰਮਿਕ ਰੁਚੀਆਂ ਘੱਟ ਰੱਖਦਾ ਹੋਣ ਕਰਕੇ, ਘੱਟ ਤਵੱਜੋਂ ਦਿੱਤੀ। ਏਨੀ ਕੁ ਜ਼ਿਦ ਕਰਨ ਦਾ ਅਧਿਕਾਰ ਉਹਨੂੰ ਪੁਰਾਣੇ ਸਬੰਧਾਂ ਕਰਕੇ ਮਿਲਿਆ ਹੋਇਆ ਸੀ, ਕਿਉਂਕਿ ਜਦੋਂ ਮੈਂ ਤਹਿਸੀਲਦਾਰ ਹੁੰਦਾ ਸਾਂ ਉਹ ਮੇਰਾ ਨਾਇਬ ਤਹਿਸੀਲਦਾਰ ਹੁੰਦਾ ਸੀ। ਇਹ ਜ਼ਿਦ ਉਹ ਮੈਨੂੰ ਮਸ਼ਹੂਰ ਧਾਰਮਿਕ ਡੇਰੇ 'ਤੇ ਲਿਜਾਣ ਲਈ ਕਰ ਰਿਹਾ ਸੀ।

ਬਾਬਿਆਂ ਦਾ ਇਸ ਸ਼ਹਿਰ 'ਚ ਹੀ ਨਹੀਂ, ਸਰਕਾਰ 'ਚ ਵੀ ਦਬਦਬਾ ਐ। ਮੇਲ ਜੋਲ ਰੱਖਣਾ ਚੰਗਾ ਰਹਿੰਦੈ।" ਮੇਰਾ ਠੰਢਾ ਹੁੰਗਾਰਾ ਵੇਖ ਕੇ ਉਸ ਨੇ ਆਖਿਆ। ਉਹਦੀ ਇਸ ਦਲੀਲ ਨੇ ਮੇਰੇ ਦਿਲ 'ਚ ਉੱਠਦੀ ਨਾਂਹ ਨੂੰ ਉੱਠਣ ਤੋਂ ਰੋਕ ਲਿਆ ਤੇ ਮੈਂ ਆਪਣੀ ਕੁਰਸੀ ਤੋਂ ਉੱਠ ਪਿਆ। 'ਆਪਣੀ ਜਾਨ ਸੌਖੀ ਰੱਖਣ ਲਈ ਸਾਰੇ ਪਾਸੇ ਹੱਥ 'ਚ ਹੋਣੇ ਚਾਹੀਦੇ ਨੇ।' ਕਮਰੇ 'ਚੋਂ ਬਾਹਰ ਨਿਕਲਦਿਆਂ ਮੈਂ ਸੋਚਿਆ। 'ਜਦੋਂ ਏਥੇ ਜਾਈਏ ਤਾਂ ਸਾਰਿਆਂ ਬਾਬਿਆਂ ਨੂੰ ਮਿਲਣਾ ਪੈਂਦਾ। ਜੇ ਤੁਸੀਂ ਇੱਕ ਵੀ ਬਾਬੇ ਨੂੰ ਮਿਲੇ ਬਗ਼ੈਰ ਆ ਗਏ ਤਾਂ ਤੁਹਾਨੂੰ ਉਸੇ ਵਕਤ ਦੁਬਾਰਾ ਉਸ ਨੂੰ ਮਿਲਣ ਜਾਣਾ ਪਏਗਾ। ਕਿਉਂਕਿ ਤੁਹਾਡੇ ਵਾਪਸ ਆ ਕੇ ਬਹਿੰਦਿਆਂ ਹੀ ਚੰਡੀਗੜ੍ਹੋਂ ਫ਼ੋਨ ਆ ਜਾਏਗਾ। ਤਹਿਸੀਲਦਾਰ ਮੇਰੇ ਤੋਂ ਪਹਿਲਾਂ ਦਾ ਉੱਥੇ ਲੱਗਾ ਹੋਇਆ ਸੀ ਤੇ ਉਹ ਆਪਣਾ ਤਜਰਬਾ ਬਿਆਨ ਕਰ ਰਿਹਾ ਸੀ।

"ਉਥੇ ਕਿੰਨੇ ਕੁ ਬਾਬੇ ਆ ?" ਉਥੇ ਲੱਗਣ ਵਾਲੇ ਟਾਈਮ ਦਾ ਅੰਦਾਜ਼ਾ ਲਾਉਣ ਲਈ ਮੈਂ ਪੁੱਛਿਆ।

"ਬਥੇਰੇ ਨੇ ਜੀ ਗਿਣਤੀ ਕੀ ਦੱਸੀਏ ?" ਇਹ ਜਵਾਬ ਮੇਰੇ ਤੋਂ ਪਿਛਲੀ ਸੀਟ 'ਤੇ ਬੈਠੇ ਉਸ ਮੁੰਡੇ ਨੇ ਦਿੱਤਾ ਸੀ ਜਿਹੜਾ ਇੱਥੋਂ ਦੇ ਇੱਕ ਖ਼ਾਸ ਬਾਬੇ ਦਾ ਖ਼ਾਸ ਚੇਲਾ ਸੀ। ਉਸ ਨੂੰ ਤਹਿਸੀਲਦਾਰ ਨੇ ਆਪਣੀ ਸਹੂਲਤ ਵਾਸਤੇ ਬੁਲਾਇਆ ਹੋਇਆ ਸੀ।

ਗੱਡੀ 'ਚੋਂ ਉਤਰ ਕੇ ਜਦੋਂ ਅਸੀਂ ਜੁੱਤੀਆਂ ਲਾਹ ਰਹੇ ਸਾਂ ਤਾਂ ਚੇਲਾ ਬਾਬੇ ਨੂੰ ਸਾਡੀ ਆਮਦ ਦੀ ਸੂਚਨਾ ਦੇਣ ਲਈ ਅੰਦਰ ਚਲਾ ਗਿਆ। ਤੇ ਛੇਤੀ ਹੀ ਵਾਪਸ ਆ ਕੇ ਸਾਨੂੰ ਅਗਵਾਈ ਦੇ ਕੇ ਲਿਜਾਣ ਲੱਗਾ। ਸੱਜੇ ਹੱਥ ਕਮਰੇ ਦਾ ਦਰਵਾਜ਼ਾ ਸੀ ਤੇ ਖੱਬੇ ਹੱਥ ਲੱਗੇ ਬੈਂਚ 'ਤੇ ਪੰਜ ਗੰਨਮੈਨ ਬੈਠੇ ਹੋਏ ਸਨ।

ਧਾਰਮਿਕ ਥਾਂ 'ਤੇ ਬਾਬੇ ਨੂੰ ਕੀ ਖ਼ਤਰਾ ਹੋ ਸਕਦੈ ? ਉਨ੍ਹਾਂ ਨੂੰ ਵੇਖ ਕੇ ਇਕ ਦਮ ਖ਼ਿਆਲ ਆਇਆ। ਅੰਦਰ ਲੰਘਦਿਆਂ ਹੀ ਇੱਕ ਉੱਚੀ, ਆਰਾਮਦੇਹ ਖ਼ਾਲੀ ਕੁਰਸੀ ਦੇ ਦਰਸ਼ਨ ਹੋਏ। ਕੰਧਾਂ 'ਤੇ ਧਾਰਮਿਕ ਤਸਵੀਰਾਂ ਲਟਕ ਰਹੀਆਂ ਸਨ। ਦੋ-ਤਿੰਨ ਬੰਦੇ ਫ਼ਰਸ਼ ਉਪਰ ਵਿਛੀ ਦਰੀ 'ਤੇ ਬੈਠੇ ਹੋਏ ਸਨ। ਚੇਲੇ ਦਾ ਇਸ਼ਾਰਾ ਪਾ ਕੇ ਅਸੀਂ ਇੱਕ ਪਾਸੇ ਖੜ੍ਹੇ ਹੋ ਗਏ। ਥੋੜ੍ਹੀ ਦੇਰ 'ਚ ਇੱਕ ਲੰਮੇ ਖੁੱਲ੍ਹੇ ਚਿੱਟੇ ਬਾਣੇ ਵਾਲੇ ਬਾਬੇ ਦਾ ਆਗਮਨ ਹੋਇਆ। ਤਹਿਸੀਲਦਾਰ ਨੂੰ ਗੋਡੀਂ ਹੱਥ ਲਾਉਂਦਿਆਂ ਵੇਖ ਕੇ ਮੈਂ ਵੀ ਥੋੜ੍ਹਾ ਜਿਹਾ ਝੁਕ ਕੇ ਸਤਿ ਸ੍ਰੀ ਅਕਾਲ ਬੁਲਾਈ ਪਰ ਗੋਡਿਆਂ ਤੱਕ ਹੱਥ ਲਿਜਾਣਾ ਮੈਨੂੰ ਮੁਨਾਸਿਬ ਨਾ ਲੱਗਿਆ। ਬਾਬੇ ਨੇ ਸ਼ਾਇਦ ਮੇਰੀ ਦੁਚਿੱਤੀ ਭਾਂਪ ਲਈ ਸੀ, ਇਸ ਕਰਕੇ ਮੇਰੇ ਹੱਥ ਆਪਣੇ ਹੱਥਾਂ 'ਚ ਲੈ ਕੇ 'ਆਓ ਐਸ.ਡੀ.ਐਮ. ਸਾਹਿਬ, ਜੀ ਆਇਆਂ ਨੂੰ' ਕਿਹਾ ਤੇ ਉਸ ਆਰਾਮਦੇਹ ਕੁਰਸੀ ਉੱਤੇ ਬਿਰਾਜਮਾਨ ਹੁੰਦਿਆਂ ਹੱਥ ਦੇ ਇਸ਼ਾਰੇ ਨਾਲ ਸਾਨੂੰ ਥੱਲੇ ਬੈਠਣ ਦਾ ਇਸ਼ਾਰਾ ਕੀਤਾ। ਕੁਰਸੀ ਦੇ ਨੇੜੇ ਹੀ ਅਸੀਂ ਸਾਰੇ ਬੈਠ ਗਏ।

ਅਸਾਂ ਡੇਰੇ ਦੇ ਆਲੇ-ਦੁਆਲੇ ਨੂੰ ਫੁੱਲਦਾਰ ਬੂਟਿਆਂ ਨਾਲ ਸ਼ਿੰਗਾਰ ਦੇਣਾ ਐਂ। ਕੁਝ ਬੂਟੇ ਮੈਂ ਬਾਹਰਲੇ ਦੇਸ਼ਾਂ ਤੋਂ ਮੰਗਵਾ ਲਏ ਨੇ। ਉਹ ਥੋੜ੍ਹੇ ਦਿਨਾਂ 'ਚ ਲਾ ਦਿੱਤੇ ਜਾਣੇ ਨੇ। ਤੁਸੀਂ ਬੱਸ ਮਹਿਕਮਿਆਂ ਨੂੰ ਕਹਿ ਕੇ ਉਨ੍ਹਾਂ ਦੀ ਸੰਭਾਲ ਕਰਾਉਣੀ ਐਂ। ਜਿਸ ਦਿਨ ਬੂਟੇ ਲਾਉਣੇ ਹੋਏ ਉਸ ਦਿਨ ਵੀ ਤੁਸੀਂ ਦਰਸ਼ਨ

ਦੇਣੇਂ। ਬਾਬਾ ਜੀ ਦੀ ਬਰਸੀ ਵੀ ਆਉਣ ਵਾਲੀ ਐ। ਕਮੇਟੀ ਨੂੰ ਕਹਿ ਕੇ ਸਫ਼ਾਈ ਕਰਵਾ ਦਿਓ | ਸੰਗਤ ਬੜੀ ਆਉਂਦੀ ਆ, ਆਰਜ਼ੀ ਬਾਥਰੂਮਾਂ ਦਾ ਪ੍ਰਬੰਧ ਵੀ ਕਰਵਾ ਦਿਓ। ਐਸ.ਐਮ.ਓ. ਤੇ ਕਮੇਟੀ ਨੂੰ ਕਹਿ ਕੇ ਮੱਛਰ ਮਾਰਨ ਵਾਲਾ ਧੂੰਆਂ ਵੀ ਮਰਵਾ ਦਿਓ। ਬਾਕੀ ਗੱਲਾਂ ਮੈਂ ਆਪ ਜੀ ਨੂੰ ਟੈਲੀਫ਼ੋਨ ਤੇ ਦਸਦਾ ਰਹੂੰਗਾ। ਪ੍ਰਵਚਨ ਸੁਣਨ ਤੋਂ ਬਾਅਦ ਮੈਂ ਸਾਰੀਆਂ ਗੱਲਾਂ ਸਿਰੇ ਚੜ੍ਹਾਉਣ ਦੀ ਹਾਮੀ ਭਰੀ ਤੇ ਨਾਲ ਹੀ ਸਟੀਲ ਦੇ ਗਲਾਸਾਂ ਚ ਵਰਤਾਈ ਗਈ ਚਾਹ ਦੀ ਘੁੱਟ ਵੀ। ਤੁਰਨ ਲੱਗੇ ਤਾਂ ਬਾਬੇ ਨੇ ਥੋੜ੍ਹੀ ਦੇਰ ਰੁਕਣ ਲਈ ਆਖਿਆ। ਬਾਬਾ ਅੰਦਰ ਗਿਆ ਤੇ ਬਾਹਰ ਆਉਂਦਿਆਂ ਹੀ ਬੋਲਿਆ, ਲਓ ਪ੍ਰਸ਼ਾਦ ਲਵੋ। ਸਾਡੇ ਅੱਡੇ ਹੋਏ ਹੱਥਾਂ ਤੇ ਉਸਨੇ ਜੋ ਰੱਖਿਆ ਉਹ ਛੋਟੀਆਂ ਲਾਚੀਆਂ ਸਨ। ਇੱਕ, ਦੋ ਜਾਂ ਚਾਰ ਪੰਜ ਨਹੀਂ ਸਗੋਂ ਪੂਰਾ ਰੁੱਗ। ਮੈਂ ਉਸ ਪ੍ਰਸ਼ਾਦ ਨੂੰ ਆਪਣੀ ਪੈਂਟ ਦੀ ਖੱਬੀ ਜੇਬ ਚ ਸੰਭਾਲ ਲਿਆ। ਸੱਜੀ ਜੇਬ ਚ ਤਾਂ ਰੁਮਾਲ ਭਰੀ ਹੁੰਦੀ ਐ। ਸਤਿ ਸ੍ਰੀ ਅਕਾਲ ਬੁਲਾ ਕੇ ਬਾਹਰ ਆਉਂਦਿਆਂ ਨੂੰ ਬਾਬੇ ਨੇ ਆਉਂਦੇ ਰਹਿਣ ਦਾ ਹੁਕਮ ਕੀਤਾ। ਬਾਹਰ ਆ ਕੇ ਜੁੱਤੀ ਵੱਲ ਵਧਦੇ ਮੇਰੇ ਕਦਮਾਂ ਨੂੰ ਖ਼ਾਸ ਚੇਲੇ ਨੇ ਬਾਕੀ ਡੇਰਾ ਦੇਖਣ ਦਾ ਕਹਿ ਕੇ ਰੋਕ ਦਿੱਤਾ।

ਕਾਫ਼ੀ ਥਾਂ ਤੇ ਫੈਲੇ ਹੋਏ ਇਸ ਡੇਰੇ ਵਿੱਚ ਕਈ ਗੁਰੂ ਘਰ ਬਣਾ ਕੇ ਉਨ੍ਹਾਂ ਵਿੱਚ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਐ। ਹਰ ਗੁਰੂਘਰ ਦਾ ਸੇਵਕ ਇੱਕ ਵੱਖਰਾ ਬਾਬਾ ਐ, ਜੋ ਉੱਥੇ ਮੱਥਾ ਟੇਕਣ ਵਾਲਿਆਂ ਨੂੰ ਵੱਖਰੀ ਤਰ੍ਹਾਂ ਦਾ ਪ੍ਰਸ਼ਾਦ ਦੇਂਦਾ। ਕੋਈ ਕੇਲੇ ਦਾ, ਕੋਈ ਸੇਬ ਦਾ, ਕੋਈ ਮਖਾਣਿਆਂ ਦਾ ਤੇ ਕੋਈ ਕੁਝ ਹੋਰ। 'ਇਹ ਭੋਰਾ ਸਾਹਿਬ ਐ। ਇੱਥੇ ਵੱਡੇ ਬਾਬਾ ਜੀ ਤਪ ਕਰਦੇ ਸਨ ਤੇ ਏਥੇ ਹੀ ਉਨ੍ਹਾਂ ਨੂੰ ਰੱਬ ਦੇ ਦਰਸ਼ਨ ਹੋਏ ਸਨ।' ਖ਼ਾਸ ਚੇਲਾ ਨਾਲ ਤੁਰਦਾ-ਤੁਰਦਾ ਹਰ ਜਗ੍ਹਾ ਬਾਰੇ ਚਾਨਣ ਪਾਈ ਜਾਂਦਾ ਸੀ। ਸਾਰਾ ਡੇਰਾ ਵੇਖਦਿਆਂ ਤਕਰੀਬਨ ਇੱਕ ਘੰਟਾ ਲੱਗ ਗਿਆ। 'ਏਥੇ ਇੱਕ ਬੈਂਚ ਤਾਂ ਰਖਵਾ ਦਿਓ, ਬੰਦਾ ਬੈਠ ਕੇ ਜੁਰਾਬਾਂ ਤਾਂ ਪਾ ਸਕੇ।' ਵਾਪਸ ਆ ਕੇ ਖੜ੍ਹੇ-ਖੜ੍ਹੇ ਡਿਗੂੰ-ਡਿਗੂੰ ਕਰਦਿਆਂ ਜੁਰਾਬਾਂ ਪਾਉਂਦੇ ਨੇ ਮੈਂ ਖ਼ਾਸ ਚੇਲੇ ਨੂੰ ਇਸ ਖ਼ਾਸ ਲੋੜ ਬਾਰੇ ਦੱਸਿਆ। 'ਰਖਵਾ ਤਾਂ ਦੇਈਏ ਜੇ ਰੌਲਾ ਪੈਣ ਦਾ ਡਰ ਨਾ ਹੋਵੇ।' ਉਹਨੇ ਸਹਿਜ ਸੁਭਾਅ ਜਵਾਬ ਦਿੱਤਾ ਪਰ ਮੈਨੂੰ ਉਹਦੀ ਗੱਲ ਸਹਿਜ ਨਾ ਲੱਗੀ। 'ਇਹਦੇ 'ਚ ਰੌਲਾ ਪੈਣ ਵਾਲੀ ਕਿਹੜੀ ਗੱਲ ਹੋਈ?' ਮੈਂ ਪੁੱਛਿਆ।

ਜੇ ਅਸੀਂ ਏਥੇ ਬੈਂਚ ਰਖਵਾ ਦਿੱਤਾ ਤਾਂ ਬਾਕੀ ਬਾਬਿਆਂ ਨੇ ਉਸੇ ਵੇਲੇ ਸਾਡੇ ਬਾਬੇ ਦੀ ਸ਼ਿਕਾਇਤ ਕਰ ਦੇਣੀ ਆ ਪਈ ਉਹ ਜਗ੍ਹਾ ਤੇ ਕਬਜ਼ਾ ਕਰੀ ਜਾਂਦੈ। ਸਾਰਿਆਂ ਬਾਬਿਆਂ ਨੇ ਆਪੋ ਆਪਣੀਆਂ ਥਾਵਾਂ ਮੱਲੀਆਂ ਹੋਈਆਂ ਨੇ। ਜਿਹੜਾ ਜਿੱਥੇ ਆ ਉਥੋਂ ਅੱਗੇ ਨੀ ਜਾ ਸਕਦਾ।' ਉਹਦੀ ਵਿਆਖਿਆ ਨੇ ਮੇਰੇ ਕਹਿਣ ਲਈ ਕੁਝ ਨਾ ਛੱਡਿਆ। ਮੈਨੂੰ ਅਫ਼ਸੋਸ ਹੋਇਆ 'ਕਿੱਥੇ ਗੁਰੂਘਰਾਂ ਦੀਆਂ ਬਖ਼ਸ਼ਿਸ਼ਾਂ, ਕਿੱਥੇ ਸਿੱਖ ਗੁਰੂਆਂ ਦੇ ਤਿਆਗ ਤੇ ਕਿੱਥੇ ਸੇਵਾਦਾਰਾਂ ਦੀਆਂ ਵੰਡੀਆਂ ਤੇ ਇਨ੍ਹਾਂ ਵੰਡੀਆਂ ਕਰਕੇ ਖੜ੍ਹੇ ਹੋ ਕੇ ਜੁਰਾਬਾਂ ਪਾਉਣ ਦੀ ਮਜਬੂਰੀ। ਵਾਪਿਸ ਆਉਂਦਿਆਂ ਬੈਂਚ ਵਾਲੀ ਗੱਲ ਸੋਚ ਕੇ ਮੈਨੂੰ ਲੱਗਾ ਕਿ ਮੈਂ ਜੋ ਸੋਚ ਕੇ ਏਥੇ ਆਇਆ ਸਾਂ ਉਹ ਕਦੀ ਨਹੀਂ ਹੋ ਸਕਣਾ। ਮੈਂ ਸੋਚਿਆ ਸੀ ਕਿ ਡੇਰੇ ਤੋਂ ਸ਼ਹਿਰ ਵਾਸੀਆਂ ਦੀਆਂ ਕੁਝ ਮੁਸ਼ਕਿਲਾਂ ਹੱਲ ਕਰਨ ਲਈ ਮਦਦ ਮੰਗਾਂਗਾ। ਜਿਵੇਂ ਸ਼ਹਿਰ ਦੀ ਸਫ਼ਾਈ ਲਈ ਕੁਝ ਖ਼ਰਚਾ ਕਰਨ ਲਈ ਆਖੂੰਗਾ। ਪਰ ਬਾਬੇ ਤਾਂ ਆਪ ਪ੍ਰਸ਼ਾਸਨ ਤੋਂ ਮੰਗੀ ਜਾ ਰਹੇ ਸਨ। ਤਹਿਸੀਲਦਾਰ ਦੀ ਡੇਰੇ ਅਤੇ ਬਾਬੇ ਵਿੱਚ ਸ਼ਰਧਾ ਵੇਖ ਕੇ ਮੈਂ ਚੁੱਪ ਰਹਿਣਾ ਹੀ ਮੁਨਾਸਿਬ ਸਮਝਿਆ।

ਦੁਪਹਿਰ ਦੀ ਰੋਟੀ ਸਮੇਂ ਜਦ ਮੈਂ ਸਰਕਾਰੀ ਕੋਠੀ ਚ ਆਇਆ ਤਾਂ ਪੈਂਟ ਦੀ ਖੱਬੀ ਜੇਬ ਚੋਂ ਬਾਬੇ ਵੱਲੋਂ ਮਿਲੀਆਂ ਲਾਚੀਆਂ ਮੈਂ ਇੱਕ ਪਲਾਸਟਿਕ ਦੀ ਕੌਲੀ ਚ ਪਾ ਕੇ ਆਪਣੇ ਬੈਡ ਦੀ ਢੋਅ ਤੇ ਰੱਖ ਦਿੱਤੀਆਂ। ਸੋਚਿਆ ਕਦੀ ਕੰਮ ਆ ਜਾਣਗੀਆਂ। ਬਰਸੀ ਸਮਾਗਮਾਂ ਲਈ ਵੱਖ-ਵੱਖ ਮਹਿਕਮਿਆਂ ਨੂੰ ਆਖ ਕੇ ਮੈਂ ਆਖੇ ਗਏ ਕੰਮ ਕਰਵਾ ਦਿੱਤੇ ਪਰ ਆਪਣੇ ਕਈ ਰੁਝੇਵਿਆਂ ਕਰਕੇ ਮੈਂ ਆਪ ਬਰਸੀ ਸਮਾਗਮਾਂ ਤੇ ਨਾ ਜਾ ਸਕਿਆ। ਭਾਵੇਂ ਕਿ ਖ਼ਾਸ ਬਾਬੇ ਨੇ ਮੈਨੂੰ ਕਈ ਉਲਾਹਮੇਂ ਭਰੇ ਫ਼ੋਨ ਕੀਤੇ। ਬਰਸੀ ਸਮਾਗਮਾਂ ਤੋਂ ਬਾਅਦ ਵੀ ਕਈ ਸਮਾਗਮ ਜਿਵੇਂ ਸੈਮੀਨਾਰ ਜਾਂ ਲੋਕ ਭਲਾਈ ਕੈਂਪ ਵਗ਼ੈਰਾ ਲੰਘ ਗਏ ਪਰ ਮੇਰੇ ਤੋਂ ਡੇਰੇ ਦਾ ਗੇਟ ਨਾ ਲੰਘ ਹੋਇਆ। ਇਸ ਵਿੱਚ ਸਮੇਂ ਦੀ ਘਾਟ ਘੱਟ ਜ਼ਿੰਮੇਵਾਰ ਸੀ ਤੇ ਮੇਰੇ ਵਿੱਚ ਧਾਰਮਿਕਤਾ ਦੀ ਘਾਟ ਵੱਧ। ਜਗਰਾਉਂ ਲੱਗੇ ਨੂੰ ਡੇਢ ਸਾਲ ਕਦੋਂ ਲੰਘ ਗਿਆ ਪਤਾ ਹੀ ਨਾ ਲੱਗਾ। 'ਰਾਮ ਸਿੰਘ ਜੀ, ਮੇਰੇ ਪਾਸ ਡੇਰੇ ਵਾਲੇ ਬਾਬਾ ਜੀ ਬੈਠੇ ਹੂਏ ਹੈਂ, ਉਨਕੇ ਕੁਛ ਕਾਮ ਹੈਂ, ਜ਼ਰਾ ਨੋਟ ਕੀਜੀਏ। ਇਹ ਮੇਰੇ ਫ਼ੋਨ ਤੇ ਮਿਲ ਰਿਹਾ ਡੀ.ਸੀ. ਲੁਧਿਆਣਾ ਦਾ ਹੁਕਮ ਸੀ।

ਜੀ ਸਰ।" ਕਹਿ ਕੇ ਮੈਂ ਲਿਖਣਾ ਸ਼ੁਰੂ ਕੀਤਾ

ਬਾਬਾ ਜੀ ਨੇ ਹਾਈਵੇ ਪੇ ਅੱਛੀ ਕਿਸਮ ਕੇ ਬੂਟੇ ਲਗਵਾਏ ਹੈਂ, ਜੋ ਪਸ਼ੂ ਬਰਬਾਦ ਕਰ ਦੇਤੇ ਹੈਂ। ਜੰਗਲਾਤ ਵਾਲੋਂ ਕੋ ਕਹਿ ਕਰ ਉਨ ਪਰ ਤਾਰ ਲਗਵਾਈਏ। ਕੁਛ ਔਰ ਬੂਟੇ ਲਗਵਾਨੇ ਹੈਂ, ਜੋ ਉਨਹੋਂ ਨੇ ਬਾਹਰ ਸੇ ਮੰਗਵਾਏ ਹੈਂ। ਉਸ ਕੇ ਲੀਏ ਬੀ.ਡੀ.ਓ. ਕੋ ਮਨਰੇਗਾ ਸੇ ਲੇਬਰ ਲਗਾਨੇ ਕੋ ਕਹਿ ਦੀਜੀਏ। ਨੈਸ਼ਨਲ ਹਾਈ ਵੇਅ ਵਾਲੋਂ ਕੋ ਕਹੋ ਕਿ ਵੋਹ ਸੜਕ ਕੇ ਬੀਚੋ ਬੀਚ ਬੂਟੇ ਲਗਾਨੇ ਵਾਲੀ ਜਗ੍ਹਾ ਪੇ ਬਜਰੀ ਨਾ ਡਾਲੇਂ, ਮਿੱਟੀ ਡਾਲੇਂ, ਨਹੀਂ ਤੋ ਬੂਟੇ ਨਹੀਂ ਲਗ ਸਕੇਂਗੇ। ਵਹੀਂ ਕੁਝ ਨਜਾਇਜ਼ ਝੁੱਗੀਆਂ ਭੀ ਬਨੀ ਹੁਈਂ ਹੈਂ ਉਨਕੋ ਉਠਵਾ ਦੀਜੀਏ। ਔਰ ਹਫ਼ਤੇ ਦਸ ਦਿਨ ਮੇਂ ਇਨ ਕਾਮੋਂ ਕਾ ਰੀਵੀਊ ਕਰ ਲੀਆ ਕਰੋ। ਫ਼ੋਨ ਬੰਦ ਹੋ ਗਿਆ। ਐਸ.ਡੀ.ਐਮ. ਬਾਬੇ ਕੋਲ ਨਹੀਂ ਗਿਆ ਤਾਂ ਬਾਬਾ ਡੀ.ਸੀ. ਕੋਲ

ਚਲਾ ਗਿਆ। ਖ਼ੈਰ ਬੂਟੇ ਲਾਉਣ ਦਾ ਕੰਮ ਪੁੰਨ ਦਾ ਕੰਮ ਸਮਝ ਕੇ ਮੈਂ ਤਹਿ ਦਿਲੋਂ ਸਿਰੇ ਲਾਉਣ ਦਾ ਸੋਚਿਆ।

ਵਣ ਰੇਂਜ ਅਫ਼ਸਰ, ਬੀ.ਡੀ.ਓ. ਤੇ ਨੈਸ਼ਨਲ ਹਾਈਵੇ ਆਲਿਆਂ ਦੀ ਮੀਟਿੰਗ ਬੁਲਾਓ।' ਆਪਣੀ ਸੁਪਰਡੈਂਟ ਬੁਲਾ ਕੇ ਮੈਂ ਚਿੱਠੀ ਲਿਖਣ ਲਈ ਆਖਿਆ। ਜਿਸ ਦਿਨ ਦੀ ਮੀਟਿੰਗ ਰੱਖੀ ਸੀ ਉਸ ਦਿਨ ਮੇਰੀ ਆਪਣੀ ਮੀਟਿੰਗ ਆ ਗਈ ਤੇ ਮੈਂ ਉਹ ਮੀਟਿੰਗ ਨਾ ਕਰ ਸਕਿਆ। ਫਿਰ ਉਹ ਮੀਟਿੰਗ ਦੁਬਾਰਾ ਰੱਖਣ ਦਾ ਸਬੱਬ ਨਾ ਬਣ ਸਕਿਆ, ਨਾ ਸੁਪਰਡੈਂਟ ਨੇ ਚੇਤਾ ਕਰਾਇਆ, ਨਾ ਮੈਨੂੰ ਆਪਣੇ ਆਪ ਚੇਤਾ ਆਇਆ।

ਮੈਨੇ ਪਹਿਲੇ ਭੀ ਆਪ ਕੋ ਕਹਾ ਥਾ, ਮਗਰ ਆਪ ਨੇ ਅਭੀ ਤੱਕ ਨਹੀਂ ਕੀਆ। ਡੀ.ਸੀ. ਲੁਧਿਆਣਾ ਨੇ ਫਿਰ ਬਾਬੇ ਦੇ ਕੋਲ ਬੈਠੇ ਤੋਂ ਜਦੋਂ ਮੈਨੂੰ ਫ਼ੋਨ ਕੀਤਾ ਤਾਂ ਮੈਂ ਹੜਬੜਾ ਕੇ ਜਵਾਬ ਦਿੱਤਾ ।

ਸਰ ਮੈਂ ਮੀਟਿੰਗ ਪਰਸੋਂ ਨੂੰ ਰੱਖੀ ਹੋਈ ਆ।

ਅੱਛਾ ਰੱਖੀ ਹੂਈ ਹੈ, ਬਾਬਾ ਜੀ ਕੋ ਪਤਾ ਨਹੀਂ, ਇਨਕੋ ਭੀ ਉਸ ਮੀਟਿੰਗ ਮੇਂ ਬੁਲਾ ਲੀਜੀਏ ਗਾ।'

ਫ਼ੋਨ ਕੱਟਣ ਤੋਂ ਤੁਰੰਤ ਬਾਅਦ, ਮੈਂ ਉਸ ਮੀਟਿੰਗ ਬੁਲਾਉਣ ਦੀ ਚਿੱਠੀ ਜਾਰੀ ਕਰਵਾਈ ਜਿਸ ਬਾਰੇ ਮੈਂ 'ਮੀਟਿੰਗ ਰੱਖੀ ਹੋਈ ਕਹਿ ਕੇ ਆਪਣੀ ਖਲੜੀ ਬਚਾਈ ਸੀ।

ਬਾਬੇ...ਨੂੰ ਚਿੱਠੀ ਉਚੇਚੇ ਤੌਰ ਤੇ ਭੇਜੋ। ਮੈਂ ਆਪਣੀ ਸੁਪਰਡੈਂਟ ਨੂੰ ਉਚੇਚੀ ਹਦਾਇਤ ਕੀਤੀ।

'ਐਸ.ਡੀ.ਐਮ. ਸਾਹਿਬ ਏਦਾਂ ਆਂ, ਮੈਨੂੰ ਆਪ ਦੇ ਦਫ਼ਤਰ ਸੱਦਣ ਦੀ ਬਜਾਇ ਤੁਸੀਂ ਅਫ਼ਸਰਾਂ ਨੂੰ ਲੈ ਕੇ, ਏਥੇ ਆ ਜੋ, ਨਾਲੇ ਸਾਨੂੰ ਸੇਵਾ ਦਾ ਮੌਕਾ ਦਿਓ, ਮੇਰੀ ਬੇਨਤੀ ਆ। ਮੀਟਿੰਗ ਵਾਲੇ ਦਿਨ ਬਾਬੇ ਨੇ ਮੀਟਿੰਗ 'ਤੇ ਆਉਣ ਦੀ ਥਾਂ ਮੀਟਿੰਗ ਦੀ ਥਾਂ ਹੀ ਬਦਲ ਦੇਣ ਨੂੰ ਆਖਿਆ।

ਅਫ਼ਸਰਾਂ ਨੂੰ ਆ ਲੈਣ ਦਿਓ, ਮੈਂ ਫਿਰ ਫ਼ੋਨ ਕਰਕੇ ਦਸਦਾਂ।' ਮੇਰੇ ਸਾਹਮਣੇ ਬੈਠੇ ਅਫ਼ਸਰ ਮੇਰਾ ਝੂਠ ਸੁਣ ਕੇ ਮੁਸਕਰਾ ਪਏ। ਬਾਬੇ ਦੀ ਉਸ ਹੁਕਮ ਭਰੀ ਬੇਨਤੀ ਨੂੰ ਟਾਲਣ ਤੇ ਉਸ ਬਾਰੇ ਠੀਕ ਫ਼ੈਸਲਾ ਲੈਣ ਲਈ ਬਹਾਨੇ ਤੋਂ ਇਲਾਵਾ ਕੋਈ ਬਦਲ ਉਪਲਬਧ ਨਹੀਂ ਸੀ। ਕੰਮ ਮੈਨੂੰ ਡੀ.ਸੀ. ਸਾਹਿਬ ਨੇ ਨੋਟ ਕਰਵਾਏ ਹੀ ਸਨ, ਮੈਂ ਚਾਹ ਦਾ ਕੱਪ ਲੈਂਦੇ ਲੈਂਦੇ ਅਫ਼ਸਰਾਂ ਨਾਲ ਗੱਲਬਾਤ ਕਰਨਾ ਮੁਨਾਸਿਬ ਸਮਝਿਆ। ਕੰਮ ਸੁਣਨ ਤੋਂ ਬਾਅਦ ਤੇ ਬਾਬੇ ਵੱਲੋਂ ਬਾਹਰੋਂ ਮੰਗਵਾਏ ਬੂਟਿਆਂ ਬਾਰੇ ਸੁਣਨ ਤੋਂ ਬਾਅਦ ਦੋਵਾਂ ਅਫ਼ਸਰਾਂ ਨੇ ਇੱਕ ਦੂਜੇ ਨਾਲ ਗੁੱਝੀ ਜਹੀ ਮੁਸਕਰਾਹਟ ਵਟਾਈ। ਮੈਨੂੰ ਲੱਗਾ ਇਸ ਬਾਰੇ ਉਨ੍ਹਾਂ ਕੋਲ ਕੋਈ ਸਾਂਝਾ ਤਜਰਬਾ ਜ਼ਰੂਰ ਹੈ।

ਖੁੱਲ੍ਹ ਕੇ ਗੱਲ ਕਰੋ।' ਮੇਰੇ ਆਖਣ ਤੇ ਉਨ੍ਹਾਂ ਨੇ ਉਧੜਨਾ ਸ਼ੁਰੂ ਕੀਤਾ।

ਕੀ ਦੱਸੀਏ ਸਰ, ਪਿਛਲੀ ਵਾਰ ਵੀ ਜਿਹੜੇ ਬੂਟੇ ਲਗਾਏ, ਮਨਰੇਗਾ ਚੋਂ ਲੇਬਰ ਅਸਾਂ ਦਿੱਤੀ। ਹੁਣ ਵੀ ਦੇਵਾਂਗੇ। ਫ਼ੋਟੋ ਖਿਚਾਉਣ ਵੇਲੇ ਬਾਬਾ ਸਾਰਾ ਕੁਝ ਆਪਣੇ ਨਾਂ ਲਵਾ ਲੈਂਦਾ। ਉਥੇ ਕੋਈ ਸੇਵਾਦਾਰ ਬੂਟੇ ਨੀ ਲਾਉਂਦਾ, ਸਾਰੇ ਸਾਡੀ ਲੇਬਰ ਲਾਉਂਦੀ ਆ, ਪਰ ਅਗਲੇ ਦਿਨ ਅਖ਼ਬਾਰ ਚ ਖ਼ਬਰ ਬਾਬੇ ਦੀ ਆਉਂਦੀ ਆ। ਗੱਲਾਂ ਇਹ ਹੁੰਦੀਆਂ ਕਿ ਡੇਰਾ ਬੂਟੇ ਲਾਉਣ ਲਈ ਬਹੁਤ ਕੁਝ ਕਰ ਰਿਹਾ।" ਬੀ.ਡੀ.ਓ. ਨੇ ਦੱਸਿਆ। ਉਸਦਾ ਝਾਕਾ ਲੱਥਣ ਤੋਂ ਬਾਅਦ ਵਣ ਰੇਂਜ ਅਫ਼ਸਰ ਵੀ ਬੋਲਿਆ, "ਆਹ ਜਿਹੜੇ ਬੂਟੇ ਬਾਬਾ ਕਹਿੰਦਾ ਅਸੀਂ ਬਾਹਰੋਂ ਮੰਗਵਾਏ ਆ, ਸਾਰੇ ਸਾਡੀ ਨਰਸਰੀ ਚੋਂ ਤਿਆਰ ਹੋਏ ਆ, ਡੇਰੇ ਦੀ ਅੰਦਰਲੀ ਨਰਸਰੀ 'ਚ ਵੀ ਸਾਡੇ ਬੇਲਦਾਰ ਹੀ ਕੰਮ ਕਰਦੇ ਆ। ਇਨ੍ਹਾਂ ਦਾ ਕੋਈ ਸੇਵਾਦਾਰ ਹੱਥ ਨੀ ਲਾਉਂਦਾ, ਨਾ ਬੂਟੇ ਤਿਆਰ ਕਰਨ ਲਈ, ਨਾ ਲੱਗੇ ਬੂਟੇ ਪਾਲਣ ਲਈ। ਸਾਰੇ ਬੂਟੇ ਸਾਡੀਆਂ ਬਾਹਰਲੀਆਂ ਨਰਸਰੀਆਂ ਚ ਤਿਆਰ ਹੁੰਦੇ ਆ। ਕੰਮ ਸਾਰਾ ਅਸੀਂ ਕਰਦੇ ਆਂ। ਨਾਮ ਕਿਸੇ ਹੋਰ ਦਾ ਹੋਈ ਜਾਂਦਾ। ਸਾਨੂੰ ਫ਼ੋਟੋ ਖਿਚਾਉਣ ਦਾ ਕੋਈ ਸ਼ੌਕ ਨਹੀਂ ਪਰ ਅੱਖਾਂ ਸਾਹਮਣੇ, ਉਹ ਵੀ ਸਾਡੀਆਂ ਅੱਖਾਂ ਸਾਹਮਣੇ ਬੋਲਿਆ ਝੂਠ ਚੰਗਾ ਨੀ ਲੱਗਦਾ। ਤੇ ਝੂਠ ਬੋਲਦੇ ਵੀ ਉਹ ਨੇ ਜਿਨ੍ਹਾਂ ਨੂੰ ਦੁਨੀਆਂ ਮੱਥਾ ਟੇਕਦੀ ਆ, ਵਿਸ਼ਵਾਸ ਕਰਦੀ ਆ।

ਕਿੰਨੇ ਕੁ ਵਜੇ ਆਓਗੇ ਐਸ.ਡੀ.ਐਮ. ਸਾਹਿਬ ? ਬਾਬੇ ਦੇ ਫ਼ੋਨ ਨੇ ਵਣ ਰੇਂਜ ਅਫ਼ਸਰ ਦੀ ਗੱਲ ਖ਼ਤਮ ਹੁੰਦਿਆਂ ਸਾਰ ਚੁੱਪ ਦੇ ਰਾਜ ਦੀ ਸ਼ੁਰੂਆਤ ਨੂੰ ਭੰਗ ਕਰ ਦਿੱਤਾ। ਉਪਰਲੀ ਗੱਲ ਖ਼ਤਮ ਹੋਣ ਤੋਂ ਬਾਅਦ ਜਿਹੜੀ ਚੀਜ਼ ਦੀ ਲੋੜ ਸੀ ਉਹ ਚੁੱਪ ਹੀ ਸੀ। ਮੈਂ ਉਸ ਚੁੱਪ ਦੀ ਗੱਲ ਨਹੀਂ ਕਰ ਰਿਹਾ ਜਿਹੜੀ ਇਨ੍ਹਾਂ ਅਫ਼ਸਰਾਂ ਨੇ ਆਪਣੇ ਨਾਲ ਵੱਜਦੀ ਠੱਗੀ ਵੇਖ ਕੇ ਧਾਰ ਰੱਖੀ ਸੀ, ਇਹ ਉਸ ਚੁੱਪ ਦੀ ਗੱਲ ਹੈ ਜਿਹੜੀ ਵਿਸ਼ਵਾਸ ਟੁੱਟਣ ਤੋਂ ਮਗਰੋਂ ਕੁਝ ਚਿਰ ਤੱਕ ਆਪਣੇ ਆਪ ਪਸਰ ਜਾਂਦੀ ਹੈ ਕਿਉਂਕਿ ਤੁਹਾਡੀ ਕੁਝ ਕਹਿਣ ਦੀ ਤਾਕਤ ਜਵਾਬ ਦੇ ਦਿੰਦੀ ਹੈ।' ਸਿਰਫ਼ ਇੱਕੋ ਅਫ਼ਸਰ ਆਇਆ ਸੀ, ਬਾਕੀਆਂ ਨੂੰ ਕੰਮ ਸੀ, ਸੋ ਫਿਰ ਕਿਸੇ ਦਿਨ ਮੀਟਿੰਗ ਰੱਖਾਂਗੇ। ਪਹਿਲਾਂ ਬਹਾਨਾ ਲਾਉਂਦੇ ਸਮੇਂ ਮੈਂ ਕੁਝ ਕੁਝ ਸ਼ਰਮਿੰਦਾ ਸਾਂ। ਇਹ ਬਹਾਨਾ ਲਾਉਂਦੇ ਸਮੇਂ ਬਿਲਕੁਲ ਨਹੀਂ। ਬਾਬੇ ਨੂੰ ਇੱਕ ਵਾਰ ਫਿਰ ਡੀ.ਸੀ. ਕੋਲ ਜਾਣਾ ਪਿਆ ਤੇ ਮੈਨੂੰ ਇੱਕ ਤਲਖ਼ੀ ਭਰੇ ਫ਼ੋਨ ਦਾ ਸਾਹਮਣਾ ਕਰਨਾ ਪਿਆ। ਜਦੋਂ ਕੋਈ ਇੱਕੋ ਗੱਲ ਬਦਲੇ ਘੜੀ ਮੁੜੀ ਆਈ ਜਾਵੇ ਤਾਂ ਅਫ਼ਸਰਾਂ ਨੂੰ ਗੁੱਸਾ ਆ ਹੀ ਜਾਂਦੈ।

ਮਹਾਰਾਜ ਜੀ ਮੇਰੀ ਗੱਲ ਦਾ ਬੁਰਾ ਨਾ ਮੰਨਿਉਂ, ਜੇ ਸੀਜਨ ਨਿਕਲ ਗਿਆ ਤਾਂ ਫਿਰ ਬੂਟੇ ਲਾਏ ਕਿਹੜੇ ਕੰਮ? ਬਾਬੇ ਨੇ ਮੀਟਿੰਗ ਛੇਤੀ ਰੱਖਣ ਲਈ ਫ਼ੋਨ ਕਰਕੇ ਆਖਿਆ। ਆਖ਼ਿਰ ਮੈਂ ਮੀਟਿੰਗ ਫ਼ਿਕਸ ਕੀਤੀ।

"ਕਿੰਨੇ ਵਜੇ ਡੇਰੇ ਚਰਨ ਪਾਓਗੇ ਤੁਸੀਂ ? " ਬਾਬੇ ਨੇ ਟਾਈਮ ਪੁੱਛਿਆ।

"ਅਸੀਂ ਡੇਰੇ ਨਹੀਂ ਆਉਣਾ, ਏਨਾ ਵਕਤ ਨਹੀਂ ਹੈ। ਆਪਾਂ ਬਾਹਰ ਹੀ ਮਿਲਾਂਗੇ ਜਿੱਥੇ ਕੰਮ ਹੈ, ਦੱਸੋ ਕਿੱਥੇ ਮਿਲੀਏ ?" ਮੈਂ ਵਕਤ ਦਾ ਰੋਣਾ ਰੋਇਆ ਜਿਹੜਾ ਮੇਰੇ ਕੋਲ ਬਿਲਕੁਲ ਵੀ ਘੱਟ ਨਹੀਂ ਸੀ।

"ਤੁਸੀਂ ਪਰਦੇਸੀ ਢਾਬੇ ਤੇ ਆ ਜੋ।" ਬਾਬੇ ਦੇ ਦੱਸੇ ਟਿਕਾਣੇਂ ਤੇ ਪਹੁੰਚ ਕੇ ਸਾਡੀ ਅਫ਼ਸਰਾਂ ਦੀ ਟੀਮ ਖੜ੍ਹੀ ਹੋ ਗਈ। ਇੱਕ ਸ਼ਾਨਦਾਰ ਖੁੱਲ੍ਹੀ ਡੁੱਲ੍ਹੀ ਵੱਡੀ ਗੱਡੀ ਸਾਡੇ ਕੋਲ ਆ ਕੇ ਰੁਕੀ।

"ਤੁਸੀਂ ਸਾਰੇ ਮੇਰੇ ਆਲੀ ਗੱਡੀ ਚ ਆ ਜੋ, ਨਾਲੇ ਮੀਟਿੰਗ ਹੋਜੂ ਨਾਲੇ ਮੈਂ ਥੋਨੂੰ ਦਿਖਾਉਣ ਵਾਲੀਆਂ ਥਾਵਾਂ ਦਿਖਾ ਦੂੰ।" ਸਾਡੀਆਂ ਖ਼ਾਲੀ ਗੱਡੀਆਂ ਬਾਬੇ ਦੀ ਗੱਡੀ ਦਾ ਪਿੱਛਾ ਕਰਨ ਲੱਗੀਆਂ। ਗੱਡੀ ਚ ਬੈਠਿਆਂ-ਬੈਠਿਆਂ ਅਸੀਂ ਉਹ ਸਾਰਾ ਕੁਝ ਅੱਖਾਂ ਚੋਂ ਦੀ ਕੱਢ ਲਿਆ ਜੋ ਕਢਾਇਆ ਗਿਆ।

ਠੀਕ ਐ ਅਸੀਂ ਐਸਟੀਮੇਟ ਬਣਾ ਕੇ ਭੇਜ ਦਿੰਦੇ ਆਂ। ਬਾਬੇ ਤੋਂ ਵਿਦਾ ਲੈਂਦਿਆਂ ਮੈਂ ਉਹ ਯਕੀਨ ਦਿਵਾਇਆ ਜਿਹੜਾ ਪੂਰਾ ਹੋ ਜਾਣ ਦਾ ਮੈਨੂੰ ਆਪ ਯਕੀਨ ਨਹੀਂ ਸੀ। ਜਿੰਨੀ ਜਗ੍ਹਾ ਤੇ ਤਾਰ ਲਾਉਣ ਦੀ ਮੰਗ ਕੀਤੀ ਗਈ ਸੀ ਉਸ ਤੇ ਕਰੋੜਾਂ ਰੁਪਈਆ ਖ਼ਰਚ ਆਉਣਾ ਸੀ। ਥੋੜ੍ਹੇ ਦਿਨਾਂ ਬਾਅਦ ਰੇਂਜ ਅਫ਼ਸਰ ਨੇ ਐਸਟੀਮੇਟ ਬਣਾ ਕੇ ਭੇਜ ਦਿੱਤਾ। 2019 ਦੀਆਂ ਲੋਕ ਸਭਾ ਇਲੈਕਸ਼ਨ ਨੂੰ ਧਿਆਨ ਚ ਰੱਖਦਿਆਂ ਜਿਹੜੀਆਂ ਬਦਲੀਆਂ ਹੋਈਆਂ, ਉਨ੍ਹਾਂ ਚ ਮੈਂ ਵੀ ਬਦਲ ਗਿਆ। ਜਿੰਨਾ ਕੁ ਸਮਾਨ ਮੇਰੇ ਲਈ ਬਹੁਤ ਜ਼ਰੂਰੀ ਸੀ, ਉਹ ਅਗਲੇ ਸਟੇਸ਼ਨ ਤੇ ਜਾਣ ਲੱਗਿਆਂ, ਮੈਨੂੰ ਤੁਰੰਤ ਚੁੱਕਣਾ ਪੈਣਾ ਸੀ।

ਸਰ ਇਨ੍ਹਾਂ ਲਾਚੀਆਂ ਨੂੰ ਕਾਹਦੇ ਚ ਪਾਵਾਂ? ਸੇਵਾਦਾਰ ਨੇ ਪਿਛਲੇ ਇਕ ਡੇਢ ਸਾਲ ਤੋਂ ਬੈੱਡ ਦੀ ਢੋਅ ਤੇ ਪਈ ਲਾਚੀਆਂ ਵਾਲੀ ਕੌਲੀ ਚੁੱਕਦਿਆਂ ਪੁੱਛਿਆ। ਕੱਪੜਾ ਮਾਰਨ ਲੱਗਿਆਂ ਉਹ ਕੌਲੀ ਚੁੱਕ ਲੈਂਦਾ ਸੀ ਤੇ ਮਾਰ ਕੇ ਫਿਰ ਉਥੇ ਰੱਖ ਦਿੰਦਾ ਸੀ। ਕਿਉਂਕਿ ਉਹ ਲਾਚੀਆਂ ਡੇਰੇ ਨਾਲ ਜੁੜੀਆਂ ਹੋਈਆਂ ਸਨ, ਇਸ ਲਈ ਉਹਦੇ ਸਵਾਲ ਪੁੱਛਣ ਕਰਕੇ ਡੇਰੇ ਨਾਲ ਜੁੜੀ ਇੱਕ ਇੱਕ ਗੱਲ ਤੁਰੰਤ ਮੇਰੀਆਂ ਅੱਖੀਆਂ ਅੱਗਿਉਂ ਫ਼ਿਲਮ ਦੀ ਰੀਲ ਵਾਂਗ ਘੁੰਮ ਗਈ।

ਕਿਤੇ ਵੀ ਨਹੀਂ, ਜੇ ਤੈਨੂੰ ਚਾਹੀਦੀਆਂ ਤੂੰ ਰੱਖ ਲੈ, ਮੈਨੂੰ ਇਨ੍ਹਾਂ ਦੀ ਲੋੜ ਨਹੀਂ।" ਮੇਰੀ ਗੱਲ ਸੁਣ ਕੇ ਉਹ ਕਦੀ ਮੇਰੇ ਵੱਲ ਵੇਖੇ, ਕਦੀ ਲਾਚੀਆਂ ਵੱਲ (ਜੋ ਉਹਦੀ ਨਜ਼ਰ ਵਿੱਚ ਬਹੁਤ ਪਵਿੱਤਰ ਸਨ) ਤੇ ਕਦੀ ਕੋਠੀ ਵਿੱਚ ਲੱਗੀਆਂ ਡੇਰੇ ਦੀਆਂ ਤਸਵੀਰਾਂ ਵੱਲ। ਉਸ ਕੋਠੀ ਵਿੱਚ ਐਸੀਆਂ ਫੋਟੋਆਂ ਲੱਗੀਆਂ ਸਨ ਜਿਹੜੀਆਂ ਮੇਰੇ ਤੋਂ ਪਹਿਲੇ ਸ਼ਰਧਾਲੂ ਅਫ਼ਸਰਾਂ ਨੂੰ ਡੇਰੇ ਵੱਲੋਂ ਭੇਟ ਕੀਤੀਆਂ ਗਈਆਂ ਹੋਣਗੀਆਂ। ਮੈਂ ਉਹ ਇਸ ਕਰਕੇ ਲੱਗੀਆਂ ਰਹਿਣ ਦਿੱਤੀਆਂ ਕਿਉਂਕਿ ਉਹ ਮੈਨੂੰ ਕੁਝ ਨਹੀਂ ਕਹਿੰਦੀਆਂ ਸਨ। ਸੇਵਾਦਾਰ ਲਾਚੀਆਂ ਹੱਥ ਚ ਲਈ ਪਤਾ ਨਹੀਂ ਕੀ ਸੋਚ ਰਿਹਾ ਸੀ। ਸ਼ਾਇਦ ਉਸ ਨੂੰ ਲੱਗਾ ਹੋਵੇ ਕਿ ਮੈਂ ਧਾਰਮਿਕਤਾ ਦਾ ਅਦਬ ਨਹੀਂ ਕੀਤਾ। ਉਹਨੂੰ ਇਹ ਸਮਝਾਉਣ ਦਾ ਮੇਰੇ ਕੋਲ ਵਕਤ ਨਹੀਂ ਸੀ ਕਿ ਧਾਰਮਿਕਤਾ ਨੂੰ ਨਾਸਤਿਕਾਂ ਤੋਂ ਓਨਾ ਖ਼ਤਰਾ ਨਹੀਂ ਜਿੰਨਾ ਧਾਰਮਿਕ ਆਗੂਆਂ ਤੋਂ ਹੈ।

ਸਹਾਇਤਾ

ਮੈਗਜ਼ੀਨ ਸਹਾਇਤਾ

1. ਸ਼੍ਰੀ ਮੂਲ ਰਾਜ ਮੈਂਬਰ ਇਕਾਈ ਬਠਿੰਡਾ - 500 ਰੁਪਏ

ਇਕਾਈ ਭਦੌੜ ਨੂੰ ਸਹਾਇਤਾ

1. ਹਰਬੰਸ ਸਿੰਘ ਸੰਧੂ ਕਲਾਂ ਵੱਲੋਂ ਆਪਣੇ ਪੁੱਤਰ ਦੇ ਵਿਆਹ ਦੀ ਖੁਸ਼ੀ ਵਿੱਚ - 1000 ਰੁਪਏ

ਇਕਾਈ ਰਾਮਪੁਰਾ ਨੂੰ ਸਹਾਇਤਾ

1. ਪ੍ਰਿੰਸੀਪਲ ਰਾਜ ਕੁਮਾਰ - 1000 ਰੁਪਏ

ਇਕਾਈ ਫਗਵਾੜਾ ਨੂੰ ਸਹਾਇਤਾ

1. ਪ੍ਰਿੰਸੀਪਲ ਕੇਵਲ ਸਿੰਘ - 700 ਰੁਪਏ

ਇਕਾਈ ਧੂਰੀ ਨੂੰ ਸਹਾਇਤਾ

1. ਸੁਖਦੇਵ ਧੂਰੀ ਵੱਲੋਂ - 5000 ਰੁਪਏ
2. ਡਾ. ਅਮਰਜੀਤ ਸਿੰਘ ਵੱਲੋਂ - 1000 ਰੁਪਏ
3. ਲੈਕਚਰਾਰ ਰਾਜ ਸਿੰਘ ਵੱਲੋਂ - 1000 ਰੁਪਏ

ਇਕਾਈ ਬੱਸੀ ਪਠਾਣਾਂ ਨੂੰ ਸਹਾਇਤਾ

1. ਸੰਦੀਪ ਸਿੰਘ - 1000 ਰੁਪਏ
2. ਦਿਲਬਾਗ ਸਿੰਘ - 1000 ਰੁਪਏ
3. ਕੰਵਲਜੀਤ ਸਿੰਘ ਐਡਵੋਕੇਟ - 1000 ਰੁਪਏ
4. IAF ਬਚਿੱਤਰ ਸਿੰਘ ਰੋਪੜ - 500 ਰੁਪਏ
5. ਅਜੀਤ ਪ੍ਰਦੇਸੀ - 500 ਰੁਪਏ
6. ਕੁਲਵੰਤ ਸਿੰਘ - 500 ਰੁਪਏ
7. ਕਰਨੈਲ ਸਿੰਘ - 500 ਰੁਪਏ

ਇਕਾਈ ਬਠਿੰਡਾ ਨੂੰ ਸਹਾਇਤਾ

1. ਜੇ.ਐਸ. ਆਟਾ ਚੱਕੀ, ਤਿੰਨਕੋਨੀ (ਬਠਿੰਡਾ)- 1100
2. ਜਤਿੰਦਰ ਸਿੰਘ, ਲੈਕਚਰਾਰ ਇਤਿਹਾਸ ਵੱਲੋਂ ਲੈਕਚਰਾਰ ਵਜੋਂ ਪ੍ਰੋਮੋਟ ਹੋਣ ਦੀ ਖੁਸ਼ੀ ਵਿੱਚ- 1000 ਰੁਪਏ
3. ਮਹਿੰਦਰ ਸਿੰਘ ਬੁਲਾਡੇ ਵਾਲਾ ਵੱਲੋਂ PSPCL ਵਿੱਚ SDO ਪ੍ਰੋਮੋਟ ਹੋਣ ਦੀ ਖੁਸ਼ੀ ਵਿੱਚ - 1000 ਰੁਪਏ
3. ਸੈਕਟਰੀ ਰਣਜੀਤ ਸਿੰਘ ਵਿਰਕ ਖੁਰਦ ਵੱਲੋਂ ਪੋਤਰੀ ਰੱਬਲੀਨ ਕੌਰ ਪੁਤਰੀ ਅਜੇਪਾਲ ਸਿੰਘ ਦੇ ਜਨਮ ਦੀ ਖੁਸ਼ੀ ਵਿੱਚ ਬਿਕਰਮਜੀਤ ਰਾਹੀਂ - 1000 ਰੁਪਏ

ਏ.ਆਈ. ਭਾਵ ਮਸ਼ੀਨੀ ਬੁੱਧੀ ਕੀ ਹੁੰਦੀ ਹੈ ?

ਰਾਜਪਾਲ ਸਿੰਘ

ਏ.ਆਈ. ਅੰਗਰੇਜ਼ੀ ਸ਼ਬਦ Artificial Intelligence ਦਾ ਸੰਖੇਪ ਰੂਪ ਹੈ। ਪੰਜਾਬੀ ਵਿੱਚ ਇਸ ਲਈ ਮਸ਼ੀਨੀ ਬੁੱਧੀ, ਮਸਨੂਈ ਬੁੱਧੀ, ਬਨਾਵਟੀ ਬੁੱਧੀ ਵਰਗੇ ਸ਼ਬਦ ਵਰਤੇ ਜਾ ਰਹੇ ਹਨ। ਇਹ ਕੰਪਿਊਟਰ ਵਿਗਿਆਨ ਦੀ ਇੱਕ ਸ਼ਾਖਾ ਹੈ ਜੋ ਮਸ਼ੀਨਾਂ ਨੂੰ ਮਨੁੱਖੀ ਬੁੱਧੀ ਵਰਗੇ ਕੰਮ ਕਰਨ ਦੇ ਸਮਰੱਥ ਬਣਾਉਂਦੀ ਹੈ। ਇਸ ਵਿੱਚ ਕੁਝ ਨਵਾਂ ਸਿੱਖਣ, ਭਾਸ਼ਾ ਨੂੰ ਸਮਝਣ, ਪੇਸ਼ ਕੀਤੀ ਸਮੱਸਿਆ ਨੂੰ ਹੱਲ ਕਰਨਾ ਅਤੇ ਫੈਸਲੇ ਲੈਣ ਵਰਗੀਆਂ ਸਮਰੱਥਾਵਾਂ ਸ਼ਾਮਲ ਹਨ। ਵੈਸੇ ਤਾਂ ਏ.ਆਈ. ਕਿਸੇ ਇੱਕ ਵਿਅਕਤੀ ਦੀ ਕਾਢ ਨਹੀਂ ਹੈ ਕਿਉਂਕਿ ਇਹ ਤਾਂ ਕੰਪਿਊਟਰ ਤੇ ਇੰਟਰਨੈੱਟ ਦੇ ਵਿਕਾਸ ਦੇ ਨਾਲ ਨਾਲ ਹੀ ਵਿਕਸਿਤ ਹੋ ਰਹੀ ਹੈ, ਇਸ ਵਿੱਚ ਹਜ਼ਾਰਾਂ ਕੰਪਿਊਟਰ ਵਿਗਿਆਨੀਆਂ ਦਾ ਯੋਗਦਾਨ ਹੈ। ਪਰ ਫਿਰ ਵੀ ਜੌਹਨ ਮੈਕਾਰਥੀ ਨੂੰ ਏ.ਆਈ. ਦਾ ਪਿਤਾਮਾ ਕਿਹਾ ਜਾਂਦਾ ਹੈ। ਜੋਹਨ ਮੈਕਾਰਥੀ ਨੇ 1955 ਵਿੱਚ ਸੋਚਣ ਵਾਲੀਆਂ ਮਸ਼ੀਨਾਂ ਬਾਰੇ ਇੱਕ ਵਰਕਸ਼ਾਪ ਆਯੋਜਿਤ ਕੀਤੀ ਅਤੇ ਉਸਨੇ ਹੀ ਪਹਿਲੀ ਵਾਰ ਏ.ਆਈ. ਸ਼ਬਦ ਵਰਤਿਆ।

ਏ.ਆਈ. ਜਾਂ ਮਸ਼ੀਨੀ ਬੁੱਧੀ ਕਿਵੇਂ ਕੰਮ ਕਰਦੀ ਹੈ?

ਇਸ ਤੋਂ ਪਹਿਲਾਂ ਸਾਨੂੰ ਇਹ ਸਮਝਣਾ ਪਵੇਗਾ ਕਿ ਮਨੁੱਖੀ ਬੁੱਧੀ ਕਿਵੇਂ ਕੰਮ ਕਰਦੀ ਹੈ। ਮਨੁੱਖ ਦੇ ਜਨਮ ਸਮੇਂ ਤੋਂ ਹੀ ਉਸ ਦੀਆਂ ਗਿਆਨ ਇੰਦਰੀਆਂ ਰਾਹੀਂ ਹਰ ਰੋਜ਼ ਬਹੁਤ ਸਾਰੀ ਜਾਣਕਾਰੀ ਉਸ ਦੇ ਦਿਮਾਗ ਵਿੱਚ ਜਮਾਂ ਹੁੰਦੀ ਰਹਿੰਦੀ ਹੈ। ਦਿਮਾਗ ਵਿੱਚ ਅਰਬਾਂ ਨਿਊਰਾਨ ਸੈਲ ਹਨ, ਜੋ ਆਪਣੇ ਵਿੱਚ ਇਹ ਜਾਣਕਾਰੀ ਸੰਭਾਲ ਕੇ ਰੱਖਦੇ ਹਨ। ਮਨੁੱਖ ਇਸ ਜਾਣਕਾਰੀ ਦੇ ਆਧਾਰ ਉੱਤੇ ਹੀ ਭਾਸ਼ਾ ਨੂੰ ਸਮਝਦਾ ਹੈ, ਸਮੱਸਿਆਵਾਂ ਨੂੰ ਜਾਣਦਾ ਹੈ, ਨਵੀਆਂ ਗੱਲਾਂ ਸੋਚਦਾ ਹੈ ਅਤੇ ਫੈਸਲੇ ਕਰਦਾ ਹੈ। ਮਸ਼ੀਨੀ ਬੁੱਧੀ ਵਿੱਚ ਇਹ ਜਾਣਕਾਰੀ ਕੰਪਿਊਟਰ ਵਿੱਚ ਜਮਾਂ ਹੁੰਦੀ ਹੈ, ਜਿਸ ਨੂੰ ਡਾਟਾ ਕਿਹਾ ਜਾਂਦਾ ਹੈ। ਹਰ ਪਲ ਦੁਨੀਆਂ ਦੇ ਲੱਖਾਂ ਕੰਪਿਊਟਰਾਂ ਵਿੱਚ ਨਵੀਂ ਨਵੀਂ ਜਾਣਕਾਰੀ ਟੈਕਸਟ ਜਾਂ ਆਡੀਓ ਵੀਡੀਓ ਫਾਈਲਾਂ ਦੇ ਰੂਪ ਵਿੱਚ ਪੈਂਦੀ ਰਹਿੰਦੀ ਹੈ। ਇੰਟਰਨੈੱਟ ਨਾਲ ਇਹ ਸਾਰਾ ਡਾਟਾ ਕਿਤੇ ਵੀ ਵਰਤਿਆ ਜਾ ਸਕਦਾ ਹੈ। ਏ.ਆਈ. ਕੰਪਿਊਟਰਾਂ ਅਤੇ ਇੰਟਰਨੈੱਟ ਉੱਤੇ ਪਏ ਇਸ ਡਾਟੇ ਨੂੰ ਵਰਤ ਕੇ ਹੀ ਕੰਮ ਕਰਦੀ ਹੈ। ਏ.ਆਈ. ਦਾ ਕੰਪਿਊਟਰ ਜਾਂ ਇੰਟਰਨੈੱਟ ਦੀ ਵਰਤੋਂ ਨਾਲੋਂ ਵੱਡਾ ਫਰਕ ਇਹ ਹੈ ਕਿ ਇਹ ਇਸ ਡਾਟੇ ਨੂੰ ਵਰਤ ਕੇ ਨਵੇਂ ਸਿੱਟੇ ਕੱਢ ਸਕਦੀ ਹੈ, ਖੁਦ ਫੈਸਲੇ ਕਰ ਸਕਦੀ ਹੈ ਜਦ ਕਿ ਕੰਪਿਊਟਰ ਉਸ ਨੂੰ ਚਲਾਉਣ ਵਾਲੇ ਮਨੁੱਖ ਵੱਲੋਂ ਦਿੱਤੀਆਂ ਹਦਾਇਤਾਂ ‘ਤੇ ਹੀ ਕੰਮ ਕਰਦਾ ਹੈ।

ਪਹਿਲਾਂ ਜੋ ਮਸ਼ੀਨਾਂ ਬਣੀਆਂ, ਜਿਵੇਂ ਭਾਫ-ਇੰਜਨ, ਡੀਜ਼ਲ-ਇੰਜਨ, ਮੋਟਰਾਂ ਅਤੇ ਬਿਜਲੀ ਨਾਲ ਚੱਲਣ ਵਾਲੇ ਅਨੇਕਾਂ ਯੰਤਰ, ਇਨ੍ਹਾਂ ਸਭ ਨੇ ਮਨੁੱਖ ਦੀ ਸਰੀਰਕ ਮੁਸ਼ੱਕਤ ਨੂੰ ਘਟਾਇਆ ਸੀ। ਜੋ ਕੰਮ ਪਹਿਲਾਂ ਮਨੁੱਖ ਆਪਣੇ ਹੱਥਾਂ ਨਾਲ ਜਾਂ ਪਸ਼ੂਆਂ ਦੀ ਮਦਦ ਨਾਲ ਕਰਦਾ ਸੀ, ਉਹੀ ਕੰਮ ਮਸ਼ੀਨਾਂ ਵੱਧ ਤਾਕਤ ਅਤੇ ਵੱਧ ਤੇਜੀ ਨਾਲ ਕਰਨ ਲੱਗੀਆਂ। ਫਿਰ ਜਦ ਕੈਲਕੂਲੇਟਰ ਜਾਂ ਕੰਪਿਊਟਰ ਆਏ ਤਾਂ ਉਹਨਾਂ ਨੇ ਬੌਧਿਕ ਕੰਮ ਜਿਵੇਂ ਕੋਈ ਵੀ ਹਿਸਾਬ ਕਿਤਾਬ ਕਰਨ ਸਮੇਂ ਜੋੜ, ਘਟਾਓ, ਗੁਣਾ, ਤਕਸੀਮ ਕਰਨ ਦਾ ਕੰਮ ਸਾਂਭ ਲਿਆ। ਸੈਂਕੜੇ ਰਕਮਾਂ ਦਾ ਜੋੜ ਮਿੰਟਾਂ ਸਕਿੰਟਾਂ ਵਿੱਚ ਹੋਣ ਲੱਗਾ ਅਤੇ ਹੋਰ ਵੀ ਗੁੰਝਲਦਾਰ ਗਣਨਾਵਾਂ ਇਨ੍ਹਾਂ ਦੀ ਮਦਦ ਨਾਲ ਹੋਣ ਲੱਗੀਆਂ। ਪਰ ਦਿਮਾਗੀ ਕੰਮ ਕੇਵਲ ਅੰਕੜਿਆਂ ਦਾ ਹਿਸਾਬ ਕਿਤਾਬ ਕਰਨ ਤੱਕ ਸੀਮਤ ਨਹੀਂ ਹੁੰਦਾ। ਮਨੁੱਖੀ ਜ਼ਿੰਦਗੀ ਵਿੱਚ ਵੀ ਅਤੇ ਸਮਾਜ ਅੱਗੇ ਵੀ ਅਨੇਕਾਂ ਸਵਾਲ ਹਨ, ਜਿਨ੍ਹਾਂ ਦਾ ਜਵਾਬ ਲੱਭਣ ਲਈ ਮਨੁੱਖ ਨੂੰ ਸੋਚਣ ਵਿਚਾਰਨ ਵਾਲੀ ਦਿਮਾਗੀ ਮਿਹਨਤ ਦੀ ਲੋੜ ਪੈਂਦੀ ਹੈ। ਏ.ਆਈ. ਮਨੁੱਖੀ ਬੁੱਧੀ ਦੁਆਰਾ ਕੀਤੇ ਜਾਂਦੇ ਅਜਿਹੇ ਕਾਰਜਾਂ ਨੂੰ ਵੀ ਕਰਨ ਦੇ ਕਾਬਲ ਹੋ ਰਹੀ ਹੈ ਕਿਉਂਕਿ ਇਹ ਸਾਧਾਰਨ ਹਿਸਾਬ ਕਿਤਾਬ ਤੋਂ ਅੱਗੇ ਸੋਚ ਵਿਚਾਰ ਕਰਕੇ ਹੋਰ ਫੈਸਲੇ ਲੈਣ ਦੇ ਵੀ ਸਮਰੱਥ ਹੈ।

ਏ.ਆਈ. ਦੀ ਇਸ ਸਮਰੱਥਾ ਨੂੰ ਇੱਕ ਉਦਾਹਰਣ ਰਾਹੀਂ ਸਮਝਿਆ ਜਾ ਸਕਦਾ ਹੈ- ਮੰਨ ਲਵੋ ਕਿ ਤੁਸੀਂ ਨਵਾਂ ਮੋਬਾਈਲ ਫੋਨ ਲੈਣਾ ਹੈ ਤਾਂ ਤੁਸੀਂ ਆਪਣੀਆਂ ਲੋੜਾਂ, ਬੱਜਟ ਅਤੇ ਵਰਤੋਂ ਦੱਸ ਕੇ ਏ.ਆਈ. ਤੋਂ ਪੁੱਛ ਸਕਦੇ ਹੋ ਕਿ ਤੁਹਾਡੇ ਲਈ ਕਿਹੜਾ ਫੋਨ ਸੈਟ ਖਰੀਦਣਾ ਠੀਕ ਰਹੇਗਾ। ਫੋਨ ਬਣਾਉਣ ਵਾਲੀਆਂ ਕੰਪਨੀਆਂ ਵੱਲੋਂ ਆਪਣੇ ਹਰ ਮਾਡਲ ਦੇ ਸੈੱਟ ਦੀਆਂ ਖੂਬੀਆਂ ਤੇ ਕੀਮਤਾਂ ਇੰਟਰਨੈੱਟ ਉੱਤੇ ਪਾਈਆਂ ਹੁੰਦੀਆਂ ਹਨ। ਏ.ਆਈ. ਇੰਟਰਨੈੱਟ ਤੋਂ ਹਰ ਤਰ੍ਹਾਂ ਦੇ ਫੋਨ ਸੈੱਟਾਂ ਦਾ ਡਾਟਾ ਖੰਘਾਲ ਕੇ ਤੁਹਾਡੀ ਰੇਂਜ ਅਤੇ ਲੋੜਾਂ ਅਨੁਸਾਰ ਫੋਨ ਸੈੱਟ ਸਿਫਾਰਸ਼ ਕਰ ਦੇਵੇਗਾ। ਤੁਹਾਨੂੰ ਸਾਰੀਆਂ ਕੰਪਨੀਆਂ ਦੇ ਸ਼ੋਅ-ਰੂਮਾਂ ਉੱਤੇ ਜਾ ਕੇ ਹਰ ਫੋਨ ਸੈੱਟ ਬਾਰੇ ਪੁੱਛ-ਗਿੱਛ ਕਰਨ ਦੀ ਲੋੜ ਨਹੀਂ ਪਵੇਗੀ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਏ.ਆਈ. ਵੱਲੋਂ ਸਿਫਾਰਸ਼ ਕੀਤਾ ਫੋਨ ਸੈੱਟ ਸੱਚਮੁੱਚ ਹੀ ਤੁਹਾਡੇ ਲਈ ਵਧੀਆ ਹੋਵੇਗਾ। ਇਥੇ ਹੀ ਏ.ਆਈ. ਦੀ ਸੀਮਾ ਆ ਜਾਂਦੀ ਹੈ ਕਿ ਉਸਨੇ ਤਾਂ ਜੋ ਇੰਟਰਨੈੱਟ ਉੱਤੇ ਡਾਟਾ ਪਿਆ ਹੈ ਉਸੇ ਦੇ ਆਧਾਰ ਉੱਤੇ ਫੈਸਲਾ ਲੈਣਾ ਹੈ। ਕੰਪਨੀਆਂ ਨੈੱਟ ਉੱਤੇ ਆਪਣੇ ਫੋਨ ਬਾਰੇ ਗਲਤ ਜਾਣਕਾਰੀ ਪਾ ਸਕਦੀਆਂ ਹਨ, ਆਪਣੇ ਸੈੱਟ ਦੀ ਪ੍ਰਸੰਸਾ ਵਿੱਚ ਖਰੀਦਦਾਰਾਂ ਦੇ ਜਾਅਲੀ ਰਿਵਿਊ ਪਾ ਸਕਦੀਆਂ ਹਨ।

ਇਸ ਇਕ ਉਦਾਹਰਨ ਤੋਂ ਏ.ਆਈ. ਦੇ ਲਾਭਾਂ ਅਤੇ ਖਤਰਿਆਂ ਦੋਹਾਂ ਦਾ ਅਭਾਸ ਹੋ ਜਾਂਦਾ ਹੈ। ਜੇ ਮਸ਼ੀਨੀ ਬੁੱਧੀ ਨਾਲ ਚਲਣ ਵਾਲੇ ਕਿਸੇ ਵੀ ਰੋਬੋਟ ਜਾਂ ਕਿਸੇ ਮਸ਼ੀਨ ਵਿੱਚ ਗਲਤ ਡਾਟਾ ਭਰ ਦਿੱਤਾ ਜਾਂਦਾ ਹੈ ਤਾਂ ਉਸ ਨਾਲ ਵਰਤਣ ਵਾਲੇ ਦਾ ਜਾਂ ਸਮੂਹ ਭਾਈਚਾਰੇ ਦਾ ਵੱਡਾ ਨੁਕਸਾਨ ਹੋ ਸਕਦਾ ਹੈ। ਜੇ ਡਾਟਾ ਸਹੀ ਹੈ ਤਾਂ ਮਸ਼ੀਨੀ ਬੁੱਧੀ ਦਾ ਫੈਸਲਾ ਵੀ ਸਹੀ ਹੋਵੇਗਾ ਕਿਉਂਕਿ ਉਹ ਵੱਡੇ ਡਾਟੇ ਦਾ ਵਿਸ਼ਲੇਸ਼ਣ ਕਰ ਸਕਦੀ ਹੈ ਅਤੇ ਉਸ ਦੇ ਫੈਸਲੇ ਵਿੱਚ ਭਾਵਨਾਵਾਂ ਦਾ ਕੋਈ ਦਖਲ ਨਹੀਂ ਹੋਵੇਗਾ। ਪਰ ਜਿੱਥੋਂ ਤੱਕ ਗਲਤ ਡਾਟੇ ਦਾ ਸਵਾਲ ਹੈ, ਇਹ ਗੱਲ ਤਾਂ ਮਨੁੱਖਾਂ ਨਾਲ ਵੀ ਵਾਪਰਦੀ ਹੈ ਕਿ ਜਦ ਮਨੁੱਖ ਗਲਤ ਮਾਹੌਲ ਵਿੱਚ ਪਲਦਾ ਹੈ, ਉਸ ਨੂੰ ਝੂਠੀਆਂ ਸੂਚਨਾਵਾਂ ਦਿੱਤੀਆਂ ਜਾਂਦੀਆਂ ਹਨ, ਉਸ ਦੇ ਮਨ ਵਿਚ ਕਿਸੇ ਵਿਅਕਤੀ, ਵਰਗ ਜਾਂ ਫਿਰਕੇ ਪ੍ਰਤੀ ਨਫਰਤ ਭਰੀ ਜਾਂਦੀ ਹੈ ਤਾਂ ਉਸਦੇ ਫੈਸਲੇ ਵੀ ਗਲਤ ਅਤੇ ਹਾਨੀਕਾਰਕ ਹੁੰਦੇ ਹਨ। ਸੋ ਗਲਤ ਜਾਣਕਾਰੀ ਤਾਂ ਭਾਂਵੇਂ ਮਨੁੱਖਾਂ ਵਿੱਚ ਭਰੀ ਜਾਵੇ ਅਤੇ ਚਾਹੇ ਕੰਪਿਊਟਰਾਂ ਵਿੱਚ ਉਸ ਨੇ ਨੁਕਸਾਨ ਕਰਨਾ ਹੀ ਹੈ ਪਰ ਏ.ਆਈ. ਨੇ ਉਨ੍ਹਾਂ ਮਸ਼ੀਨਾਂ ਨੂੰ ਕੰਟਰੋਲ ਕਰਨਾ ਹੈ ਜੋ ਮਨੁੱਖ ਨਾਲੋਂ ਕਿਤੇ ਵੱਧ ਤਾਕਤਵਰ ਹਨ ਜਿਸ ਕਰਕੇ ਏ.ਆਈ. ਵੱਲੋਂ ਗਲਤ ਫੈਸਲੇ ਲਏ ਜਾਣ ਨਾਲ ਹੋਣ ਵਾਲੀ ਤਬਾਹੀ ਦੇ ਖਤਰੇ ਵੱਡੇ ਹਨ।

ਇਕ ਹੋਰ ਖਤਰਾ ਜੋ ਅਕਸਰ ਪੇਸ਼ ਕੀਤਾ ਜਾਂਦਾ ਹੈ ਕਿ ਕੀ ਏ.ਆਈ. ਨਾਲ ਚੱਲਣ ਵਾਲੀਆਂ ਮਸ਼ੀਨਾਂ, ਖਾਸ ਕਰ ਰੋਬੋਟ ਵਗੈਰਾ, ਐਨੇ ਵਿਕਸਿਤ ਤਾਂ ਨਹੀਂ ਹੋ ਜਾਣਗੇ ਕਿ ਉਹ ਮਨੁੱਖ ਨੂੰ ਹੀ ਆਪਣੇ ਗੁਲਾਮ ਬਣਾ ਲੈਣ। ਇਸ ਬਾਰੇ ਵੈਸੇ ਤਾਂ ਮਾਹਿਰਾਂ ਦੀ ਰਾਏ ਅਲੱਗ ਅਲੱਗ ਹੈ ਪਰ ਅਜਿਹਾ ਵਾਪਰਨ ਦੀ ਸੰਭਾਵਨਾ ਘੱਟ ਹੀ ਜਾਪਦੀ ਹੈ ਕਿ ਉਹ ਮਨੁੱਖਾਂ ਦੇ ਹੁਕਮ ਮੰਨਣੇ ਛੱਡ ਕੇ ਉਹਨਾਂ ਨੂੰ ਆਪਣੇ ਗੁਲਾਮ ਬਣਾ ਲੈਣਗੇ। ਕਿਉਂਕਿ ਏ.ਆਈ. ਨੂੰ ਜੋ ਮੂਲ ਹਦਾਇਤਾਂ ਜਾਂ ਡਾਟਾ ਦੇਣਾ ਹੈ ਉਹ ਤਾਂ ਮਨੁੱਖ ਪਾਸੋਂ ਹੀ ਆਉਣਾ ਹੈ। ਅਸਲ ਮਸਲਾ ਮਨੁੱਖ ਦੀ ਸੋਚ ਨੂੰ ਸਹੀ ਰੱਖਣ ਦਾ ਹੈ। ਮਨੁੱਖਾਂ ਨੂੰ ਏ.ਆਈ. ਦੁਆਰਾ ਕੰਟਰੋਲ ਕੀਤੇ ਜਾਣ ਨਾਲੋਂ ਇਸ ਵਕਤ ਸਾਹਮਣੇ ਆ ਰਿਹਾ ਮੁੱਦਾ ਏ.ਆਈ. ਵੱਲੋਂ ਮਨੁੱਖਾਂ ਦੀ ਸੋਚ ਨੂੰ ਵੱਡੀ ਪੱਧਰ ਉੱਤੇ ਪ੍ਰਭਾਵਿਤ ਕਰਨ ਦਾ ਹੈ। ਤਕਨੀਕ ਉੱਤੇ ਕਾਬਜ ਤਾਕਤਾਂ ਵੱਲੋਂ ਹੁਣ ਵੀ ਸੋਸ਼ਲ ਮੀਡੀਆ ਰਾਹੀਂ ਲੋਕਾਂ ਦੀ ਸੋਚ ਨੂੰ ਬਦਲਿਆ ਜਾ ਰਿਹਾ ਹੈ, ਉਹਨਾਂ ਦੇ ਸੁਹਜ ਸੁਆਦਾਂ ਨੂੰ ਬਦਲਿਆ ਜਾ ਰਿਹਾ ਹੈ, ਉਹਨਾਂ ਦੇ ਜੀਵਨ ਢੰਗ ਨੂੰ ਬਦਲਿਆ ਜਾ ਰਿਹਾ ਹੈ, ਉਹਨਾਂ ਨੂੰ ਗਲਤ ਕੰਮਾਂ ਲਈ ਪ੍ਰੇਰਿਆ ਜਾ ਰਿਹਾ ਹੈ। ਏ.ਆਈ. ਦੀ ਵਰਤੋਂ ਨਾਲ ਇਹ ਵਰਤਾਰਾ ਹੋਰ ਵਧਣਾ ਹੈ ਕਿਉਂਕਿ ਇਸ ਨਾਲ ਜਾਅਲੀ ਫੋਟੋਆਂ, ਜਾਅਲੀ ਵੀਡੀਓ ਇਸ ਤਰ੍ਹਾਂ ਦੀਆਂ ਬਣਾਈਆਂ ਜਾ ਸਕਦੀਆਂ ਹਨ ਕਿ ਸੂਝਵਾਨ ਆਦਮੀ ਵੀ ਅਸਲ ਅਤੇ ਨਕਲ, ਗਲਤ ਅਤੇ ਠੀਕ ਵਿੱਚ ਫਰਕ ਕਰਨ ਤੋਂ ਅਸਮਰਥ ਹੋ ਜਾਂਦਾ ਹੈ। ਏ.ਆਈ. ਦਾ ਇੱਕ ਹੋਰ ਮਾੜਾ ਪ੍ਰਭਾਵ ਇਹ ਗਿਣਿਆ ਜਾਂਦਾ ਹੈ ਕਿ ਇਸ ਨਾਲ ਦਿਮਾਗੀ ਕੰਮ ਕਰਨ ਵਾਲਿਆਂ ਦੇ ਵੀ ਬਹੁਤ ਸਾਰੇ ਕਿੱਤੇ ਖਤਮ ਹੋ ਜਾਣਗੇ ਅਤੇ ਬੇਰੁਜ਼ਗਾਰੀ ਵਧ ਜਾਵੇਗੀ।

ਅਸਲ ਵਿੱਚ ਹਰ ਨਵੀਂ ਤਕਨੀਕ ਦੇ ਚੰਗੇ ਅਤੇ ਮਾੜੇ ਅਸਰ ਹੁੰਦੇ ਹਨ। ਜੇ ਵਿਗਿਆਨ ਦੀ ਇਸ ਨਵੀਂ ਤਕਨੀਕ ਨੂੰ ਮਨੁੱਖਤਾ ਦੇ ਭਲੇ ਲਈ ਵਰਤਿਆ ਜਾਵੇ ਤਾਂ ਇਹ ਸਮਾਜ ਦੇ ਬਹੁਤ ਸਾਰੇ ਮਸਲੇ ਹੱਲ ਕਰਨ ਦੇ ਸਮਰੱਥ ਹੈ। ਪਰ ਜੇ ਇਸ ਤਕਨੀਕ ਨੂੰ ਗਲਤ ਪਾਸੇ ਵਰਤਿਆ ਜਾਂਦਾ ਹੈ ਤਾਂ ਇਸ ਨਾਲ ਸਮਾਜ ਦੇ ਵੱਡੇ ਨੁਕਸਾਨ ਹੋ ਸਕਦੇ ਹਨ। ਵਿਗਿਆਨ ਦੀਆਂ ਹੋਰ ਖੋਜਾਂ ਅਤੇ ਕਾਢਾਂ ਵਾਂਗ ਇਸ ਤੋਂ ਵੀ ਡਰਨ ਦੀ ਬਜਾਏ ਲੋੜ ਇਸਦੀ ਦੁਰਵਰਤੋਂ ਦੀਆਂ ਸੰਭਾਵਨਾਵਾਂ ਨੂੰ ਖਤਮ ਕਰਕੇ, ਇਸ ਨੂੰ ਮਨੁੱਖਤਾ ਦੀ ਖੁਸ਼ਹਾਲੀ ਲਈ ਵਰਤਣ ਦੀ ਹੈ।

98767-10809

ਕਾਵਿ-ਵਿਅੰਗ

ਬਾਪੂ 'ਕੱਲਾ ਹੀ ਚਰੀ ਦਾ ਕਰੇ ਕੁਤਰਾ
ਕਾਕਾ ਜੀ ਦੇ ਜਿੰਮ ਦਾ ਸਮਾਂ।
    ਫਿੱਟ ਹੋਈ ਜਾਂਦੀ ਬੀਬੀ ਕੰਮ ਵਾਲੀ,
    ਯੋਗਾ ਮੇਮ-ਸਾਹਬ ਕਰਦੀ।
ਸੱਦ ਸੱਦ ਕੇ ਜਮੈਟੋ ਸਪਲਾਈ,
ਕਮਰ ਬਣਾ ਲਈ ਕਮਰਾ।
    ਖੁੱਲ੍ਹੇ ਚੱਲੀ ਜਾਂਦੇ ਬਰਫ਼ੀ, ਪਕੌੜੇ,
    ਸੈਮੀਨਾਰ 'ਚੰਗੀ ਸਿਹਤ' 'ਤੇ।

ਰੋਮੀ ਘੜਾਮੇਂ ਵਾਲਾ (77173-80107)

ਆਰਟੀਫੀਸ਼ੀਅਲ ਇੰਟੈਲੀਜੈਂਸ (A.I.) ਅਨੁਸਾਰ ਤਰਕਸ਼ੀਲਤਾ ਦੀ ਮਹੱਤਤਾ

ਅੱਜ ਦੇ ਦੌਰ ਵਿੱਚ ਸਾਡੇ ਸਮਾਜ ਲਈ ਤਰਕਸ਼ੀਲਤਾ ਦੀ ਕੀ ਮਹੱਤਤਾ ਹੈ? ਇਹ ਸਵਾਲ ਸਾਡੇ ਸਭ ਲਈ ਬਹੁਤ ਅਹਿਮ ਹੈ ਕਿਉਂਕਿ ਜਿਸ ਵਿਅਕਤੀ ਨੂੰ ਵੀ ਤਰਕਸ਼ੀਲਤਾ ਦੀ ਮਹੱਤਤਾ ਦਾ ਸਹੀ ਅਹਿਸਾਸ ਹੋ ਗਿਆ ਉਹ ਫਿਰ ਤਰਕਸ਼ੀਲ ਵਿਚਾਰਾਂ ਨਾਲ ਨਾ ਸਿਰਫ ਖੁਦ ਜੁੜੇਗਾ ਬਲਕਿ ਇਸਦੇ ਪ੍ਰਚਾਰ ਪਾਸਾਰ ਲਈ ਵੀ ਯਤਨਸ਼ੀਲ ਹੋਵੇਗਾ। ਤਰਕਸ਼ੀਲ ਸੋਸਾਇਟੀ ਪੰਜਾਬ ਦੇ ਕਾਰਕੁੰਨ ਅਕਸਰ ਇਸਦੀ ਮਹੱਤਤਾ ਦਾ ਬਿਆਨ ਕਰਦੇ ਰਹਿੰਦੇ ਹਨ, ਪਰ ਬਹੁਤ ਵਾਰ ਇਸ ਦੀ ਮਹੱਤਤਾ ਦਾ ਸਹੀ ਵਰਣਨ ਨਹੀਂ ਕੀਤਾ ਜਾਂਦਾ ਅਤੇ ਆਮ ਲੋਕਾਂ ਨੂੰ ਤਰਕਸ਼ੀਲਤਾ ਦੀ ਅਹਿਮੀਅਤ ਦਾ ਅੱਧਾ ਅਧੂਰਾ ਅਹਿਸਾਸ ਹੀ ਹੁੰਦਾ ਹੈ।ਕੁਝ ਵਿਅਕਤੀਆਂ ਲਈ ਤਰਕਸ਼ੀਲਤਾ ਕੇਵਲ ਵਹਿਮਾਂ ਭਰਮਾਂ ਨੂੰ ਦੂਰ ਕਰਦੀ ਹੈ, ਕੁਝ ਲਈ ਇਹ ਡੇਰਾਵਾਦ ਨੂੰ ਰੱਦ ਕਰਦੀ ਹੈ, ਕੁਝ ਮੁਤਾਬਿਕ ਇਹ ਰੱਬ ਨੂੰ ਮੰਨਣ ਤੋਂ ਇਨਕਾਰੀ ਬੰਦਿਆਂ ਦੀ ਸੋਚ ਹੈ ਅਤੇ ਕੁਝ ਇਸ ਨੂੰ ਸਿਰਫ ਵਿਗਿਆਨ ਦਾ ਪ੍ਰਚਾਰ ਕਰਨ ਵਾਲੀ ਸੋਚ ਮੰਨਦੇ ਹਨ। ਇਹ ਗੱਲਾਂ ਵੀ ਠੀਕ ਹਨ ਪਰ ਇਹ ਤਰਕਸ਼ੀਲਤਾ ਦੇ ਸਮੁੱਚ ਨੂੰ ਪ੍ਰਗਟ ਨਹੀਂ ਕਰਦੀਆਂ। ਇਹ ਤਰਕਸ਼ੀਲਤਾ ਦੇ ਕੁਝ ਅੰਸ਼ ਮਾਤਰ ਹਨ। ਅਸਲ ਵਿੱਚ ਤਰਕਸ਼ੀਲਤਾ ਇਸ ਤੋਂ ਬਹੁਤ ਵੱਡਾ ਸੰਕਲਪ ਹੈ, ਦੁਨੀਆ ਨੂੰ ਦੇਖਣ ਅਤੇ ਸਮਝਣ ਦਾ ਇੱਕ ਦ੍ਰਿਸ਼ਟੀਕੋਣ ਹੈ।

ਆਮ ਤੌਰ ਤੇ ਇੱਕ ਵਿਅਕਤੀ ਤਰਕਸ਼ੀਲਤਾ ਵਰਗੇ ਵਿਸ਼ਾਲ ਸੰਕਲਪ ਦੇ ਸਾਰੇ ਪੱਖਾਂ ਨੂੰ ਪਕੜਨ ਤੋਂ ਕੁਝ ਊਣਾ ਰਹਿ ਜਾਂਦਾ ਹੈ।ਸੋ ਤਰਕਸ਼ੀਲਤਾ ਦੀ ਸਮਾਜ ਲਈ ਅਹਿਮੀਅਤ ਨੂੰ ਸਮੁੱਚ ਵਿੱਚ ਪ੍ਰਗਟ ਕਰਨ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕਰਦੇ ਹੋਏ ਉਸ ਨੂੰ ਇਹ ਸਵਾਲ ਪੁੱਛਿਆ ਗਿਆ ਕਿ -

ਅੱਜ ਦੇ ਦੌਰ ਵਿੱਚ ਸਾਡੇ ਸਮਾਜ ਲਈ ਤਰਕਸ਼ੀਲਤਾ ਦੀ ਕੀ ਮਹੱਤਤਾ ਹੈ?

ਇਹ ਇੱਕੋ ਸਵਾਲ ਏਆਈ ਦੇ ਪੰਜ ਵੱਖ ਵੱਖ ਪਲੇਟਫਾਰਮਾਂ ਗਰੋਕ, ਚੈਟ ਜੀਪੀਟੀ, ਜੈਮਨੀ, ਕਲਾਡ ਅਤੇ ਡੀਪਸੀਕ (Grok, ChatGPT, Gemini, Claude & Deep Seek) ਤੋਂ ਪੰਜਾਬੀ ਭਾਸ਼ਾ ਵਿੱਚ ਟਾਈਪ ਕਰ ਕੇ ਪੁੱਛਿਆ ਗਿਆ। ਇਨ੍ਹਾਂ ਸਾਰੇ ਪਲੇਟਫਾਰਮਾਂ ਨੇ ਆਪੋ ਆਪਣੇ ਢੰਗ ਨਾਲ ਜਵਾਬ ਦਿੱਤਾ ਪਰ ਮੁੱਖ ਨੁਕਤੇ ਸਾਰਿਆਂ ਦੇ ਸਾਂਝੇ ਸਨ। ਇਹਨਾਂ ਮੁੱਖ ਨੁਕਤਿਆਂ ਅਨੁਸਾਰ

1. ਤਰਕਸ਼ੀਲਤਾ ਜ਼ਿੰਦਗੀ ਵਿੱਚ ਸਹੀ ਫੈਸਲੇ ਲੈਣ ਵਿੱਚ ਮਦਦ ਕਰਦੀ ਹੈ ਕਿਉਂਕਿ ਇਹ ਤੱਥਾਂ ਤੇ ਸਬੂਤਾਂ ਨੂੰ ਆਧਾਰ ਬਣਾਉਂਦੀ ਹੈ ਅਤੇ ਗਲਤ ਧਾਰਨਾਵਾਂ ਨੂੰ ਤਰਕ ਨਾਲ ਰੱਦ ਕਰ ਦਿੰਦੀ ਹੈ।

2. ਇਹ ਸਮਾਜ ਨੂੰ ਦਰਪੇਸ਼ ਗੁੰਝਲਦਾਰ ਸਮਾਜਿਕ ਸਮੱਸਿਆਵਾਂ ਦਾ ਹੱਲ ਲੱਭਣ ਵਿੱਚ ਸਹਾਈ ਹੁੰਦੀ ਹੈ ਕਿਉਂਕਿ ਇਹ ਭਾਵਨਾਤਮਕ ਪ੍ਰਤੀਕਿਰਿਆਵਾਂ ਦੀ ਬਜਾਏ ਤਰਕ-ਅਧਾਰਿਤ ਵਿਸ਼ਲੇਸ਼ਣ ਕਰਕੇ ਸਮੱਸਿਆ ਦਾ ਹੱਲ ਲੱਭਦੀ ਹੈ।

3. ਇਹ ਵਿਗਿਆਨਿਕ ਤਰੱਕੀ ਨੂੰ ਉਤਸ਼ਾਹਤ ਕਰਦੀ ਹੈ ਅਤੇ ਲੋਕਾਂ ਦੀ ਸੋਚ ਵਿਗਿਆਨਿਕ ਬਣਾਉਂਦੀ ਹੈ। ਜਿਸ ਨਾਲ ਸਮਾਜ ਵਿਗਿਆਨ ਅਤੇ ਤਕਨੀਕ ਦੇ ਖੇਤਰ ਵਿੱਚ ਅੱਗੇ ਵੱਧਦਾ ਹੈ ਅਤੇ ਇਸ ਦੀ ਸਹੀ ਵਰਤੋਂ ਕਰਦਾ ਹੈ।

4. ਸਮਾਜਿਕ ਸਦਭਾਵਨਾ : ਇਹ ਹਰ ਕਿਸਮ ਦੇ ਕੱਟੜਵਾਦ, ਧਾਰਮਿਕ ਅਤੇ ਜਾਤੀ ਅਧਾਰਿਤ ਭੇਦ ਭਾਵ ਨੂੰ ਰੱਦ ਕਰਦੀ ਹੈ। ਇਸ ਤਰ੍ਹਾਂ ਤਰਕਸ਼ੀਲਤਾ ਫਿਰਕੂ ਭਾਵਨਾਵਾਂ ਅਤੇ ਧਾਰਮਿਕ ਟਕਰਾਵਾਂ ਨੂੰ ਖਤਮ ਕਰਨ ਲਈ ਇੱਕ ਸ਼ਕਤੀਸ਼ਾਲੀ ਵਿਚਾਰਧਾਰਕ ਹਥਿਆਰ ਹੈ

5. ਤਰਕਸ਼ੀਲਤਾ ਗਲਤ ਜਾਣਕਾਰੀ ਨਾਲ ਨਜਿੱਠਣ ਲਈ ਵੀ ਬਹੁਤ ਜਰੂਰੀ ਹੈ। ਅੱਜ ਕੱਲ੍ਹ ਜਿਸ ਤਰ੍ਹਾਂ ਗਲਤ ਜਾਣਕਾਰੀਆਂ ਅਤੇ ਝੂਠੇ ਪ੍ਰਚਾਰ ਦਾ ਹੜ੍ਹ ਆਇਆ ਹੋਇਆ ਹੈ ਉਸ ਨਾਲ ਗੁੰਮਰਾਹ ਹੋਣ ਤੋਂ ਬਚਣ ਤੇ ਸੱਚ ਤੱਕ ਪਹੁੰਚਣ ਲਈ ਤਰਕਸ਼ੀਲਤਾ ਹੀ ਸਹੀ ਰਸਤਾ ਦਿਖਾਉਂਦੀ ਹੈ।

ਇਸ ਤੋਂ ਇਲਾਵਾ ਏ.ਆਈ. ਦੇ ਅੱਡ ਅੱਡ ਪਲੇਟਫਾਰਮਾਂ ਨੇ ਤਰਕਸ਼ੀਲਤਾ ਦੀ ਅਹਿਮੀਅਤ ਸਬੰਧੀ ਕੁਝ ਹੋਰ ਨੁਕਤੇ ਵੀ ਬਿਆਨ ਕੀਤੇ ਹਨ। ਕੁਲ ਮਿਲਾ ਕੇ ਇਨ੍ਹਾਂ ਸਾਰਿਆਂ ਦੇ ਉੱਤਰ ਪੜ੍ਹ ਕੇ ਤੁਹਾਨੂੰ ਅਹਿਸਾਸ ਹੁੰਦਾ ਹੈ ਕਿ ਸਾਡੇ ਸਮਾਜ ਵਿੱਚ ਤਰਕਸ਼ੀਲਤਾ ਦੇ ਪ੍ਰਚਾਰ ਪਾਸਾਰ ਦੀ ਕਿੰਨੀ ਲੋੜ ਹੈ। ਤਰਕਸ਼ੀਲ ਸੁਸਾਇਟੀ ਪੰਜਾਬ ਦੇ ਵਰਕਰਾਂ ਨੂੰ ਇਹ ਨੁਕਤੇ ਵਾਰ ਵਾਰ ਪੜ੍ਹ ਕੇ ਮਨ ਵਿੱਚ ਵਸਾਉਣੇ ਚਾਹੀਦੇ ਹਨ ਅਤੇ ਅੱਗੇ ਪ੍ਰਚਾਰਨੇ ਚਾਹੀਦੇ ਹਨ।

ਪਾਠਕਾਂ ਲਈ :

ਤੁਸੀਂ ਚੋਣ ਕਰ ਸਕਦੇ ਹੋ ਕਿ ਤੁਹਾਨੂੰ ਏ.ਆਈ. ਦੇ ਕਿਸ ਪਲੇਟਫਾਰਮ ਦਾ ਉੱਤਰ ਸਭ ਤੋਂ ਵਧੀਆ ਲੱਗਿਆ। ਆਪਣੀ ਚੋਣ ਤੁਸੀਂ ਸਾਡੇ ਨਾਲ ਸਾਂਝੀ ਕਰ ਸਕਦੇ ਹੋ। ਇਹ ਵੇਖਣਾ ਦਿਲਚਸਪ ਰਹੇਗਾ ਕਿ ਇਨ੍ਹਾਂ ਪੰਜਾਂ ਭਾਵ ਗਰੋਕ, ਚੈਟ ਜੀਪੀਟੀ, ਜੈਮਨੀ, ਕਲਾਡ ਅਤੇ ਡੀਪਸੀਕ ਵਿੱਚੋਂ ਸਭ ਤੋਂ ਵੱਧ ਨੰਬਰ ਕੌਣ ਲੈਂਦਾ ਹੈ। ਅਗਲੇ ਅੰਕ ਵਿੱਚ ਤੁਹਾਡੀ ਪਸੰਦ ਦੇ ਆਧਾਰ ਉੱਤੇ ਅਸੀਂ ਇਹਨਾਂ ਪੰਜਾਂ ਵਿੱਚੋਂ ਸਰਵੋਤਮ ਉੱਤਰ ਦੀ ਚੋਣ ਕਰਾਂਗੇ।

ਏ. ਆਈ. ਭਾਵ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਵੱਖ ਵੱਖ ਪਲੇਟਫਾਰਮਾਂ ਤੋਂ ਪੁੱਛਿਆ ਗਿਆ ਸਵਾਲ

ਅੱਜ ਦੇ ਸਮੇਂ ਵਿੱਚ ਸਾਡੇ ਸਮਾਜ ਲਈ ਤਰਕਸ਼ੀਲਤਾ ਦੀ ਕੀ ਮਹੱਤਤਾ ਹੈ ?

Gemini

ਏ.ਆਈ. ਵਰਤਣ ਲਈ ਇਹ ਐਪ ਇੰਟਰਨੈੱਟ ਦੇ ਖੇਤਰ ਦੀ ਮਸ਼ਹੂਰ ਕੰਪਨੀ ਗੂਗਲ ਦੁਆਰਾ ਵਿਕਸਿਤ ਕੀਤੀ ਗਈ ਹੈ। ਵੈਸੇ ਤਾਂ ਜਦ ਨੈੱਟ ਖੋਲ੍ਹ ਕੇ ਗੂਗਲ ਰਾਹੀਂ ਕੋਈ ਸਵਾਲ ਪੁੱਛਿਆ ਜਾਂਦਾ ਹੈ ਤਾਂ ਉਸ ਪ੍ਰਸ਼ਨ ਨਾਲ ਸਬੰਧਿਤ ਵੈੱਬਸਾਈਟਾਂ ਦੀ ਸੂਚੀ ਆਉਣ ਤੋਂ ਪਹਿਲਾਂ ਹੀ ਜੈਮਿਨੀ ਹੀ ਕਾਫੀ ਕੁਝ ਦੱਸ ਦਿੰਦੀ ਹੈ। ਇਸ ਵੱਲੋਂ ਤਰਕਸ਼ੀਲਤਾ ਦਾ ਮਹੱਤਵ ਹੇਠ ਲਿਖੇ ਸ਼ਬਦਾਂ ਵਿੱਚ ਦੱਸਿਆ ਗਿਆ।

ਅੱਜ ਦੇ ਸਮੇਂ ਵਿੱਚ, ਜਦੋਂ ਸਾਡਾ ਸਮਾਜ ਤੇਜ਼ੀ ਨਾਲ ਬਦਲ ਰਿਹਾ ਹੈ ਅਤੇ ਸਾਨੂੰ ਹਰ ਪਾਸੇ ਤੋਂ ਜਾਣਕਾਰੀ ਦਾ ਹੜ੍ਹ ਆ ਰਿਹਾ ਹੈ, ਤਰਕਸ਼ੀਲਤਾ (Rationality) ਦੀ ਮਹੱਤਤਾ ਪਹਿਲਾਂ ਨਾਲੋਂ ਵੀ ਵੱਧ ਗਈ ਹੈ। ਤਰਕਸ਼ੀਲਤਾ ਦਾ ਮਤਲਬ ਹੈ ਸੋਚ-ਸਮਝ ਕੇ, ਸਬੂਤਾਂ ਦੇ ਆਧਾਰ 'ਤੇ ਫੈਸਲੇ ਲੈਣਾ ਅਤੇ ਭਾਵਨਾਵਾਂ ਜਾਂ ਪੱਖਪਾਤ ਤੋਂ ਬਚਣਾ।

ਇਸ ਦੀ ਮਹੱਤਤਾ ਦੇ ਮੁੱਖ ਕਾਰਨ ਹੇਠ ਲਿਖੇ ਅਨੁਸਾਰ ਹਨ :

ਗੁੰਝਲਦਾਰ ਸਮੱਸਿਆਵਾਂ ਦਾ ਹੱਲ :

ਅੱਜ ਸਾਡੇ ਸਮਾਜ ਨੂੰ ਬਹੁਤ ਸਾਰੀਆਂ ਗੁੰਝਲਦਾਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਵੇਂ ਕਿ ਜਲਵਾਯੂ ਪਰਿਵਰਤਨ, ਆਰਥਿਕ ਅਸਮਾਨਤਾ, ਮਹਾਂਮਾਰੀ, ਅਤੇ ਸਮਾਜਿਕ ਵੰਡ। ਇਹਨਾਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਭਾਵਨਾਤਮਕ ਪ੍ਰਤੀਕਿਰਿਆਵਾਂ ਦੀ ਬਜਾਏ, ਤਰਕਸ਼ੀਲ ਸੋਚ, ਵਿਗਿਆਨਕ ਤਰੀਕੇ ਅਤੇ ਸਬੂਤ-ਆਧਾਰਿਤ ਪਹੁੰਚ ਦੀ ਲੋੜ ਹੈ। ਤਰਕਸ਼ੀਲਤਾ ਸਾਨੂੰ ਅਸਲ ਕਾਰਨਾਂ ਨੂੰ ਸਮਝਣ ਅਤੇ ਪ੍ਰਭਾਵਸ਼ਾਲੀ ਹੱਲ ਲੱਭਣ ਵਿੱਚ ਮਦਦ ਕਰਦੀ ਹੈ।

ਗਲਤ ਜਾਣਕਾਰੀ ਅਤੇ ਫਰਜ਼ੀ ਖ਼ਬਰਾਂ ਨਾਲ ਨਜਿੱਠਣਾ :

ਅੱਜ ਦੇ ਡਿਜੀਟਲ ਯੁੱਗ ਵਿੱਚ, ਸੋਸ਼ਲ ਮੀਡੀਆ ਅਤੇ ਇੰਟਰਨੈੱਟ ਰਾਹੀਂ ਗਲਤ ਜਾਣਕਾਰੀ (misinformation) ਅਤੇ ਫਰਜ਼ੀ ਖ਼ਬਰਾਂ (fake news) ਬਹੁਤ ਤੇਜ਼ੀ ਨਾਲ ਫੈਲਦੀਆਂ ਹਨ। ਤਰਕਸ਼ੀਲ ਸੋਚ ਸਾਨੂੰ ਕਿਸੇ ਵੀ ਜਾਣਕਾਰੀ 'ਤੇ ਅੰਨ੍ਹੇਵਾਹ ਵਿਸ਼ਵਾਸ ਕਰਨ ਦੀ ਬਜਾਏ, ਉਸ ਦੀ ਪ੍ਰਮਾਣਿਕਤਾ (authenticity) ਦੀ ਜਾਂਚ ਕਰਨ, ਵੱਖ-ਵੱਖ ਸਰੋਤਾਂ ਤੋਂ ਤੱਥਾਂ ਦੀ ਪੁਸ਼ਟੀ ਕਰਨ ਅਤੇ ਆਲੋਚਨਾਤਮਕ ਢੰਗ ਨਾਲ ਸੋਚਣ ਦੇ ਯੋਗ ਬਣਾਉਂਦੀ ਹੈ। ਇਹ ਸਾਨੂੰ ਗੁੰਮਰਾਹ ਹੋਣ ਤੋਂ ਬਚਾਉਂਦੀ ਹੈ ਅਤੇ ਸਹੀ ਫੈਸਲੇ ਲੈਣ ਵਿੱਚ ਮਦਦ ਕਰਦੀ ਹੈ।

ਨਿੱਜੀ ਅਤੇ ਸਮਾਜਿਕ ਵਿਕਾਸ :

ਤਰਕਸ਼ੀਲਤਾ ਨਾ ਸਿਰਫ਼ ਵੱਡੀਆਂ ਸਮਾਜਿਕ ਸਮੱਸਿਆਵਾਂ ਲਈ ਜ਼ਰੂਰੀ ਹੈ, ਬਲਕਿ ਇਹ ਸਾਡੇ ਨਿੱਜੀ ਜੀਵਨ ਵਿੱਚ ਵੀ ਮਹੱਤਵਪੂਰਨ ਹੈ। ਇਹ ਸਾਨੂੰ ਬਿਹਤਰ ਨਿੱਜੀ ਫੈਸਲੇ ਲੈਣ, ਦੂਜਿਆਂ ਨਾਲ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਗੱਲਬਾਤ ਕਰਨ ਅਤੇ ਆਪਣੇ ਪੱਖਪਾਤਾਂ ਨੂੰ ਪਛਾਣਨ ਵਿੱਚ ਮਦਦ ਕਰਦੀ ਹੈ। ਜਦੋਂ ਇੱਕ ਸਮਾਜ ਵਧੇਰੇ ਤਰਕਸ਼ੀਲ ਹੁੰਦਾ ਹੈ, ਤਾਂ ਇਹ ਬਿਹਤਰ ਨੀਤੀਆਂ ਬਣਾਉਂਦਾ ਹੈ, ਸਹਿਣਸ਼ੀਲਤਾ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਅਗਿਆਨਤਾ ਤੇ ਅੰਧਵਿਸ਼ਵਾਸ ਨੂੰ ਘਟਾਉਂਦਾ ਹੈ।

ਵਿਗਿਆਨਕ ਸੋਚ ਨੂੰ ਉਤਸ਼ਾਹਿਤ ਕਰਨਾ :

ਤਰਕਸ਼ੀਲਤਾ ਵਿਗਿਆਨਕ ਸੋਚ ਦਾ ਆਧਾਰ ਹੈ, ਜਿਸ ਵਿੱਚ ਨਿਰੀਖਣ, ਪ੍ਰਯੋਗ ਅਤੇ ਸਬੂਤਾਂ ਦੇ ਆਧਾਰ 'ਤੇ ਸਿੱਟੇ ਕੱਢਣਾ ਸ਼ਾਮਲ ਹੈ। ਵਿਗਿਆਨਕ ਅਤੇ ਤਰਕਸ਼ੀਲ ਪਹੁੰਚ ਹੀ ਮਨੁੱਖਤਾ ਨੂੰ ਤਰੱਕੀ ਦੀ ਰਾਹ 'ਤੇ ਲੈ ਕੇ ਜਾਂਦੀ ਹੈ। ਅੱਜ ਦੇ ਸਮੇਂ ਵਿੱਚ, ਜਦੋਂ ਤਕਨੀਕੀ ਤਰੱਕੀ ਬਹੁਤ ਤੇਜ਼ੀ ਨਾਲ ਹੋ ਰਹੀ ਹੈ, ਤਰਕਸ਼ੀਲਤਾ ਸਾਨੂੰ ਇਹ ਸਮਝਣ ਵਿੱਚ ਮਦਦ ਕਰਦੀ ਹੈ ਕਿ ਕਿਹੜੀਆਂ ਖੋਜਾਂ ਭਰੋਸੇਯੋਗ ਹਨ ਅਤੇ ਕਿਹੜੀਆਂ ਨਹੀਂ।

ਸਮਾਜਿਕ ਸਦਭਾਵਨਾ ਅਤੇ ਸਹਿਣਸ਼ੀਲਤਾ :

ਜਦੋਂ ਲੋਕ ਤਰਕਸ਼ੀਲ ਢੰਗ ਨਾਲ ਸੋਚਦੇ ਹਨ, ਤਾਂ ਉਹ ਵੱਖ-ਵੱਖ ਵਿਚਾਰਾਂ ਨੂੰ ਸੁਣਨ ਅਤੇ ਸਮਝਣ ਲਈ ਵਧੇਰੇ ਤਿਆਰ ਹੁੰਦੇ ਹਨ। ਇਹ ਕੱਟੜਤਾ, ਅਸਹਿਣਸ਼ੀਲਤਾ ਅਤੇ ਵੰਡ ਨੂੰ ਘਟਾਉਂਦਾ ਹੈ। ਤਰਕਸ਼ੀਲਤਾ ਸਾਨੂੰ ਇਹ ਸਮਝਣ ਵਿੱਚ ਮਦਦ ਕਰਦੀ ਹੈ ਕਿ ਹਰ ਕਿਸੇ ਦੇ ਵਿਚਾਰਾਂ ਪਿੱਛੇ ਕੋਈ ਨਾ ਕੋਈ ਤਰਕ ਹੋ ਸਕਦਾ ਹੈ, ਭਾਵੇਂ ਅਸੀਂ ਉਸ ਨਾਲ ਸਹਿਮਤ ਨਾ ਵੀ ਹੋਈਏ।

ਸੰਖੇਪ ਵਿੱਚ, ਅੱਜ ਦੇ ਯੁੱਗ ਵਿੱਚ ਤਰਕਸ਼ੀਲਤਾ ਇੱਕ ਜ਼ਰੂਰੀ ਸਾਧਨ ਹੈ ਜੋ ਸਾਨੂੰ ਇੱਕ ਵਧੇਰੇ ਜਾਣਕਾਰ, ਸਮੱਸਿਆ-ਹੱਲ ਕਰਨ ਵਾਲੇ ਅਤੇ ਸਹਿਣਸ਼ੀਲ ਸਮਾਜ ਦੀ ਸਿਰਜਣਾ ਵਿੱਚ ਮਦਦ ਕਰਦਾ ਹੈ। ਇਸ ਤੋਂ ਬਿਨਾਂ ਅਸੀਂ ਭਾਵਨਾਵਾਂ, ਅੰਧਵਿਸ਼ਵਾਸਾਂ ਅਤੇ ਗਲਤ ਜਾਣਕਾਰੀ ਦੇ ਸ਼ਿਕਾਰ ਹੋ ਸਕਦੇ ਹਾਂ, ਜੋ ਸਾਡੇ ਸਮਾਜ ਲਈ ਘਾਤਕ ਸਾਬਤ ਹੋ ਸਕਦਾ ਹੈ।

ChatGPT

ਚੈਟ ਜੀਪੀਟੀ : ਏ.ਆਈ. ਦਾ ਇਹ ਸੰਦ ਇੱਕ ਖੋਜ ਸੰਸਥਾ ਓਪਨ ਏ.ਆਈ. ਵੱਲੋਂ ਵਿਕਸਿਤ ਕੀਤੀ ਗਿਆ ਹੈ Open AI ਦਾ ਉਦੇਸ਼ ਹੈ ਕਿ ਏ.ਆਈ. ਦੇ ਲਾਭ ਸਾਰੀ ਮਨੁੱਖਤਾ ਨੂੰ ਮਿਲਣ ਭਾਵ ਇਸ ਨੂੰ ਕੰਪਨੀਆਂ ਵੱਲੋਂ ਕੇਵਲ ਮੁਨਾਫੇ ਕਮਾਉਣ ਲਈ ਹੀ ਨਾ ਵਰਤਿਆ ਜਾਵੇ। ਇਸ ਵੱਲੋ ਤਰਕਸ਼ੀਲਤਾ ਦੇ ਮਹੱਤਵ ਬਾਰੇ ਇਹ ਦਸਿਆ ਗਿਆ :-

ਅੱਜ ਦੇ ਸਮੇਂ ਵਿੱਚ ਸਾਡੇ ਸਮਾਜ ਲਈ ਤਰਕਸ਼ੀਲਤਾ (rationality) ਦੀ ਬਹੁਤ ਵੱਡੀ ਮਹੱਤਤਾ ਹੈ। ਇਹ ਕੇਵਲ ਵਿਅਕਤੀਗਤ ਜੀਵਨ ਲਈ ਹੀ ਨਹੀਂ, ਸਗੋਂ ਸਮੂਹਿਕ ਤੌਰ ’ਤੇ ਸਮਾਜ ਦੇ ਵਿਕਾਸ, ਸੰਵਿਧਾਨਿਕਤਾ ਅਤੇ ਨਿਆਂਪੂਰਨਤਾ ਲਈ ਵੀ ਅਹਿਮ ਹੈ। ਹੇਠਾਂ ਕੁਝ ਮੁੱਖ ਬਿੰਦੂ ਹਨ ਜੋ ਇਸ ਦੀ ਮਹੱਤਤਾ ਨੂੰ ਦਰਸਾਉਂਦੇ ਹਨ:

1. ਵਿਦਿਆ ਅਤੇ ਗਿਆਨ-ਅਧਾਰਿਤ ਸਮਾਜ:

ਤਰਕਸ਼ੀਲਤਾ ਲੋਕਾਂ ਨੂੰ ਸਾਇੰਸ, ਤਕਨਾਲੋਜੀ ਅਤੇ ਲੋਜਿਕਲ ਸੋਚ ਵੱਲ ਪ੍ਰੇਰਿਤ ਕਰਦੀ ਹੈ। ਇਹ ਵਿਗਿਆਨਕ ਸੋਚ ਨੂੰ ਉਤਸ਼ਾਹਿਤ ਕਰਦੀ ਹੈ, ਜਿਸ ਨਾਲ ਅੰਧਵਿਸ਼ਵਾਸ, ਰੂੜੀਆਂ ਅਤੇ ਛੁਟਪੁੱਟ ਵਿਚਾਰਾਂ ਦਾ ਖੰਡਨ ਹੁੰਦਾ ਹੈ।

2. ਅੰਧਵਿਸ਼ਵਾਸ ਅਤੇ ਧਾਰਮਿਕ ਪੱਖਪਾਤ ਦੇ ਖਿਲਾਫ ਰਖਵਾਲੀ:

ਅੱਜ ਵੀ ਕਈ ਥਾਵਾਂ ‘ਤੇ ਲੋਕ ਅੰਧਵਿਸ਼ਵਾਸਾਂ ਤੇ ਧਾਰਮਿਕ ਭੇਦਭਾਵ ਦੀ ਪਕੜ ਵਿੱਚ ਹਨ। ਤਰਕਸ਼ੀਲਤਾ ਲੋਕਾਂ ਨੂੰ ਚੀਜ਼ਾਂ ਨੂੰ ਤੱਥਾਂ ਦੇ ਆਧਾਰ ‘ਤੇ ਜਾਂਚਣ ਅਤੇ ਸਮਝਣ ਦੀ ਸਮਰੱਥਾ ਦਿੰਦੀ ਹੈ, ਜਿਸ ਨਾਲ ਇਹ ਨਕਾਰਾਤਮਕ ਪ੍ਰਵਿਰਤੀਆਂ ਘਟਦੀਆਂ ਹਨ।

3. ਨਿਆਂ ਅਤੇ ਸਮਾਜਿਕ ਨੈਤਿਕਤਾ:

ਤਰਕਸ਼ੀਲਤਾ ਅਧਾਰਿਤ ਸਮਾਜ ਵਿੱਚ ਨਿਆਂ ਅਤੇ ਨੈਤਿਕ ਮੁੱਲ ਮਹੱਤਵਪੂਰਨ ਬਣਦੇ ਹਨ। ਇਹ ਸਿਖਾਉਂਦੀ ਹੈ ਕਿ ਹਰੇਕ ਫੈਸਲਾ ਤਰਕ, ਤੱਥ ਅਤੇ ਨੈਤਿਕਤਾ ਦੇ ਆਧਾਰ ’ਤੇ ਹੋਣਾ ਚਾਹੀਦਾ ਹੈ, ਨਾ ਕਿ ਭੇਦਭਾਵ ਜਾਂ ਲਾਭ ਦੇ ਨਜ਼ਰੀਏ ਨਾਲ।

4. ਲੋਕਤੰਤਰ ਦੀ ਮਜ਼ਬੂਤੀ:

ਤਰਕਸ਼ੀਲ ਨਾਗਰਿਕ ਵਿਅਕਤੀਗਤ ਚੋਣਾਂ ਨੂੰ ਜਾਣਕਾਰੀ ਅਤੇ ਤਰਕ ਦੇ ਆਧਾਰ ’ਤੇ ਕਰਦੇ ਹਨ। ਇਸ ਨਾਲ ਚੰਗੀ ਸਰਕਾਰ ਬਣਦੀ ਹੈ, ਜੋ ਲੋਕ-ਹਿੱਤ ਵਿੱਚ ਕੰਮ ਕਰਦੀ ਹੈ।

5. ਨੌਜਵਾਨ ਪੀੜ੍ਹੀ ਦੀ ਸੋਚ:

ਅੱਜ ਦੀ ਨੌਜਵਾਨ ਪੀੜ੍ਹੀ ਇੰਟਰਨੈੱਟ ਅਤੇ ਤਕਨਾਲੋਜੀ ਰਾਹੀਂ ਵਿਸ਼ਵ ਪੱਧਰ ਦੀ ਜਾਣਕਾਰੀ ਨਾਲ ਜੁੜੀ ਹੋਈ ਹੈ। ਤਰਕਸ਼ੀਲਤਾ ਉਨ੍ਹਾਂ ਨੂੰ ਵਿਅਕਤੀਗਤ ਵਿਕਾਸ, ਨਵੀਨਤਾ ਅਤੇ ਨੈਤਿਕ ਨਿਰਣਿਆਂ ਵੱਲ ਲੈ ਜਾਂਦੀ ਹੈ।

ਨਤੀਜਾ:

ਤਰਕਸ਼ੀਲਤਾ ਸਿਰਫ਼ ਇੱਕ ਸੋਚ ਨਹੀਂ, ਇਹ ਜੀਵਨ ਦਾ ਅੰਗ ਹੋਣਾ ਚਾਹੀਦਾ ਹੈ। ਇਹ ਸਾਡੀ ਵਿਅਕਤੀਗਤ ਅਜ਼ਾਦੀ, ਸਿੱਖਿਆ, ਨਿਆਂ ਅਤੇ ਸਮਾਜਿਕ ਸੁਧਾਰ ਲਈ ਮੂਲਧਾਰ ਬਣ ਸਕਦੀ ਹੈ। ਅੱਜ ਦੇ ਭਰਮ ਅਤੇ ਜਾਣਕਾਰੀ ਦੇ ਜੰਗਲ ਵਿੱਚ ਤਰਕਸ਼ੀਲਤਾ ਹੀ ਸੱਚ ਨੂੰ ਪਛਾਣਨ ਦਾ ਸਰੋਤ ਹੈ।

Claude

2021 ਵਿੱਚ ਚੈਟ ਜੀਪੀਟੀ ਚਲਾਉਣ ਵਾਲੀ ਓਪਨ ਏ.ਆਈ. ਸੰਸਥਾ ਵਿਚੋਂ ਕੁਝ ਬੰਦਿਆਂ ਨੇ ਅਲੱਗ ਹੋ ਕੇ ਇਸਦੀ ਮਾਨਵਤਾ ਵਿਰੋਧੀ ਵਰਤੋਂ ਉੱਤੇ ਰੋਕ ਲਗਾਉਣ ਅਤੇ ਵਰਤੋਂਕਾਰਾਂ ਦੀ ਅਜਾਦੀ ਅਤੇ ਨਿੱਜਤਾ ਵਰਗੇ ਅਸੂਲਾਂ ਨੂੰ ਪ੍ਰਮੁੱਖਤਾ ਦਿੰਦੇ ਹੋਏ ਆਪਣੀ ਕੰਪਨੀ Anthropic ਬਣਾਈ ਜਿਸ ਵੱਲੋਂ ਕਲਾਡ ਨਾਂ ਦਾ ਇਹ ਪਲੇਟਫਾਰਮ ਵਿਕਸਿਤ ਕੀਤਾ ਗਿਆ। ਇਸ ਅਨੁਸਾਰ ਤਰਕਸ਼ੀਲਤਾ :-

ਆਧੁਨਿਕ ਸਮਾਜ ਵਿੱਚ ਤਰਕਸ਼ੀਲਤਾ ਦੀ ਮਹੱਤਤਾ ਬਹੁਤ ਵੱਡੀ ਹੈ। ਇਹ ਸਾਨੂੰ ਕਈ ਤਰੀਕਿਆਂ ਨਾਲ ਲਾਭ ਪਹੁੰਚਾਉਂਦੀ ਹੈ:

1. ਤਰਕਸ਼ੀਲਤਾ ਸਾਨੂੰ ਅੰਧਵਿਸ਼ਵਾਸਾਂ ਅਤੇ ਗ਼ਲਤ ਧਾਰਨਾਵਾਂ ਤੋਂ ਬਚਾਉਂਦੀ ਹੈ। ਜਦੋਂ ਅਸੀਂ ਤਰਕ ਦੀ ਵਰਤੋਂ ਕਰਦੇ ਹਾਂ, ਤਾਂ ਕਿਸੇ ਵੀ ਦਾਅਵੇ ਨੂੰ ਬਿਨਾਂ ਸਬੂਤ ਦੇ ਸਵੀਕਾਰ ਨਹੀਂ ਕਰਦੇ।

2. ਵਿਗਿਆਨਕ ਤਰੱਕੀ ਤਰਕਸ਼ੀਲਤਾ ’ਤੇ ਆਧਾਰਿਤ ਹੈ। ਵਿਗਿਆਨ ਦੀਆਂ ਖੋਜਾਂ ਨੇ ਸਾਡੇ ਜੀਵਨ ਨੂੰ ਬੇਹਤਰ ਬਣਾਇਆ ਹੈ ਚਾਹੇ ਉਹ ਮੈਡੀਕਲ ਸਾਇੰਸ ਹੋਵੇ ਜਾਂ ਤਕਨਾਲੋਜੀ।

3. ਸਮਾਜਿਕ ਸਮੱਸਿਆਵਾਂ ਦਾ ਹੱਲ ਲੱਭਣ ਲਈ ਤਰਕਸ਼ੀਲ ਸੋਚ ਜ਼ਰੂਰੀ ਹੈ। ਜਦੋਂ ਅਸੀਂ ਭਾਵਨਾਵਾਂ ਦੀ ਬਜਾਏ ਤੱਥਾਂ ਅਤੇ ਤਰਕ ’ਤੇ ਆਧਾਰਿਤ ਨੀਤੀਆਂ ਬਣਾਉਂਦੇ ਹਾਂ, ਤਾਂ ਸਮਾਜ ਵਧੇਰੇ ਨਿਆਂਪੂਰਨ ਬਣਦਾ ਹੈ।

4. ਭਾਰਤੀ ਸਮਾਜ ਦੇ ਸੰਦਰਭ ਵਿੱਚ, ਤਰਕਸ਼ੀਲਤਾ ਜਾਤ-ਪਾਤ, ਲਿੰਗ ਭੇਦਭਾਵ ਅਤੇ ਹੋਰ ਸਮਾਜਿਕ ਬੁਰਾਈਆਂ ਨਾਲ ਲੜਨ ਦਾ ਇੱਕ ਮਹੱਤਵਪੂਰਨ ਹਥਿਆਰ ਹੈ।

5. ਅੱਜ ਦੇ ਡਿਜੀਟਲ ਯੁੱਗ ਵਿੱਚ, ਸੂਚਨਾਵਾਂ ਦੀ ਭਰਮਾਰ ਹੈ। ਤਰਕਸ਼ੀਲ ਸੋਚ ਸਾਨੂੰ ਸੱਚ ਅਤੇ ਝੂਠ ਵਿੱਚ ਫਰਕ ਕਰਨ, ਗ਼ਲਤ ਸੂਚਨਾਵਾਂ ਨੂੰ ਪਛਾਣਨ ਅਤੇ ਵਿਸ਼ਲੇਸ਼ਣ ਕਰਨ ਦੀ ਸਮਰੱਥਾ ਦਿੰਦੀ ਹੈ।

ਪਰ ਇਹ ਯਾਦ ਰੱਖਣਾ ਵੀ ਜ਼ਰੂਰੀ ਹੈ ਕਿ ਤਰਕਸ਼ੀਲਤਾ ਦੇ ਨਾਲ-ਨਾਲ ਮਨੁੱਖੀ ਭਾਵਨਾਵਾਂ, ਸੰਵੇਦਨਾਵਾਂ ਅਤੇ ਨੈਤਿਕਤਾ ਦਾ ਵੀ ਮਹੱਤਵ ਹੈ। ਸੰਤੁਲਿਤ ਸਮਾਜ ਵਿੱਚ ਇਨ੍ਹਾਂ ਸਾਰਿਆਂ ਦਾ ਸਹੀ ਮੇਲ ਹੋਣਾ ਚਾਹੀਦਾ ਹੈ।

ਇਸ ਨੂੰ ਇੱਕ ਚੀਨੀ ਕਾਰੋਬਾਰੀ ਲਿਆਂਗ ਵੈਨਫੈਂਗ ਦੀ ਕੰਪਨੀ ਡੀਪਸੀਕ ਵੱਲੋਂ ਤਿਆਰ ਕੀਤਾ ਗਿਆ ਹੈ। ਜਦ ਦੋ ਸਾਲ ਪਹਿਲਾਂ ਇਹ ਚੀਨੀ ਐਪ ਸਾਹਮਣੇ ਆਈ ਤਾਂ ਇਸ ਨੇ ਆਪਣੀ ਕਾਰਜ ਕੁਸ਼ਲਤਾ ਨਾਲ ਯੌਰਪੀ ਅਤੇ ਅਮਰੀਕੀ ਮਾਹਿਰਾਂ ਨੂੰ ਹੈਰਾਨ ਕਰ ਕੇ ਰੱਖ ਦਿੱਤਾ। ਇਸ ਨੂੰ ਇੰਟਰਨੈੱਟ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ। ਇਸ ਅਨੁਸਾਰ ਤਰਕਸ਼ੀਲਤਾ :-

ਤਰਕਸ਼ੀਲਤਾ (Rationality) ਅੱਜ ਦੇ ਸਮਾਜ ਵਿੱਚ ਬਹੁਤ ਹੀ ਮਹੱਤਵਪੂਰਨ ਹੈ, ਕਿਉਂਕਿ ਇਹ ਸਾਨੂੰ ਵਿਗਿਆਨਕ, ਨੈਤਿਕ, ਅਤੇ ਸਮਾਜਿਕ ਨਿਰਣੇ ਲੈਣ ਵਿੱਚ ਮਦਦ ਕਰਦੀ ਹੈ। ਹੇਠਾਂ ਕੁਝ ਮੁੱਖ ਕਾਰਨ ਦਿੱਤੇ ਗਏ ਹਨ ਜੋ ਤਰਕਸ਼ੀਲਤਾ ਦੀ ਮਹੱਤਤਾ ਨੂੰ ਦਰਸਾਉਂਦੇ ਹਨ:

1. **ਵਿਗਿਆਨਕ ਸੋਚ ਨੂੰ ਹੱਲਾਸ਼ੇਰੀ ਦੇਣਾ** : ਤਰਕਸ਼ੀਲਤਾ ਸਾਨੂੰ ਕਿਸੇ ਵੀ ਵਿਸ਼ੇ ਨੂੰ ਤੱਥਾਂ, ਡੇਟਾ ਅਤੇ ਤਰਕ ਦੇ ਆਧਾਰ 'ਤੇ ਸਮਝਣ ਵਿੱਚ ਮਦਦ ਕਰਦੀ ਹੈ। ਇਹ ਅੰਧਵਿਸ਼ਵਾਸਾਂ, ਗਲਤਫਹਿਮੀਆਂ ਅਤੇ ਝੂਠੇ ਪ੍ਰਚਾਰ ਤੋਂ ਬਚਾਉਂਦੀ ਹੈ।

2. **ਨੈਤਿਕ ਨਿਰਣੇ ਲੈਣਾ** : ਜਦੋਂ ਅਸੀਂ ਤਰਕਸ਼ੀਲਤਾ ਨੂੰ ਅਪਣਾਉਂਦੇ ਹਾਂ, ਤਾਂ ਅਸੀਂ ਭਾਵਨਾਤਮਕ ਜਾਂ ਪੱਖਪਾਤੀ ਹੋਣ ਦੀ ਬਜਾਏ ਨਿਆਂਸ਼ੀਲ ਅਤੇ ਨੈਤਿਕ ਫੈਸਲੇ ਲੈ ਸਕਦੇ ਹਾਂ। ਇਹ ਸਮਾਜ ਵਿੱਚ ਨਿਆਂ ਅਤੇ ਸਮਾਨਤਾ ਨੂੰ ਬਣਾਈ ਰੱਖਣ ਵਿੱਚ ਮਦਦਗਾਰ ਹੈ।

3. **ਸਮਾਜਿਕ ਸਹਿਮਤੀ ਅਤੇ ਸਹਿਯੋਗ** : ਤਰਕਸ਼ੀਲ ਤਰੀਕੇ ਨਾਲ ਚਰਚਾ ਅਤੇ ਵਿਚਾਰ-ਵਟਾਂਦਰਾ ਸਮਾਜ ਵਿੱਚ ਟਕਰਾਵਾਂ ਨੂੰ ਘੱਟ ਕਰਕੇ ਸਾਂਝੇ ਹੱਲ ਲੱਭਣ ਵਿੱਚ ਸਹਾਇਕ ਹੁੰਦਾ ਹੈ। ਇਹ ਲੋਕਤੰਤਰਿਕ ਮੁੱਲਾਂ ਨੂੰ ਮਜ਼ਬੂਤ ਬਣਾਉਂਦਾ ਹੈ।

4. **ਵਿਅਕਤੀਗਤ ਵਿਕਾਸ** : ਤਰਕਸ਼ੀਲ ਸੋਚ ਵਾਲੇ ਲੋਕ ਆਲੋਚਨਾਤਮਕ ਢੰਗ ਨਾਲ ਸੋਚ ਸਕਦੇ ਹਨ, ਸਮੱਸਿਆਵਾਂ ਦਾ ਹੱਲ ਲੱਭ ਸਕਦੇ ਹਨ ਅਤੇ ਆਪਣੇ ਫੈਸਲਿਆਂ ਲਈ ਜ਼ਿੰਮੇਵਾਰੀ ਲੈ ਸਕਦੇ ਹਨ। ਇਹ ਉਨ੍ਹਾਂ ਦੇ ਵਿਅਕਤੀਗਤ ਅਤੇ ਪੇਸ਼ੇਵਰ ਜੀਵਨ ਨੂੰ ਬਿਹਤਰ ਬਣਾਉਂਦਾ ਹੈ।

5. **ਗਲਤ ਜਾਣਕਾਰੀ ਦਾ ਮੁਕਾਬਲਾ** : ਇੰਟਰਨੈੱਟ ਅਤੇ ਸੋਸ਼ਲ ਮੀਡੀਆ 'ਤੇ ਗਲਤ ਜਾਣਕਾਰੀ (Fake News) ਦੇ ਯੁੱਗ ਵਿੱਚ, ਤਰਕਸ਼ੀਲਤਾ ਸਾਨੂੰ ਸੱਚ ਅਤੇ ਝੂਠ ਵਿੱਚ ਫਰਕ ਕਰਨ ਦੀ ਸਮਰੱਥਾ ਦਿੰਦੀ ਹੈ।

ਸਿੱਟਾ: ਤਰਕਸ਼ੀਲਤਾ ਸਾਡੇ ਸਮਾਜ ਨੂੰ ਵਧੇਰੇ ਪ੍ਰਗਤੀਸ਼ੀਲ, ਨਿਆਂਪੂਰਨ ਅਤੇ ਸਹਿਣਸ਼ੀਲ ਬਣਾਉਂਦੀ ਹੈ। ਇਹ ਨਾ ਸਿਰਫ਼ ਵਿਅਕਤੀਗਤ ਪੱਧਰ 'ਤੇ, ਬਲਕਿ ਸਮੂਹਿਕ ਪੱਧਰ 'ਤੇ ਵੀ ਸਾਡੀ ਸੋਚ ਅਤੇ ਕਾਰਜਾਂ ਨੂੰ ਸੁਧਾਰਦੀ ਹੈ।

ਇੱਕ ਸੋਸ਼ਲ ਮੀਡੀਆ ਸਾਈਟ ਸੀ ਟਵਿੱਟਰ, ਜਿਸ ਨੂੰ ਕੁਝ ਸਮਾਂ ਪਹਿਲਾਂ ਅਰਬਪਤੀ ਐਲਨ ਮਸਕ ਨੇ ਖਰੀਦ ਕੇ ਇਸਦਾ ਨਾਮ ਐਕਸ (X) ਰੱਖ ਦਿੱਤਾ। ਗਰੋਕ ਇਸ ਸੋਸ਼ਲ ਮੀਡੀਆ ਪਲੇਟਫਾਰਮ ਵਿੱਚ ਚਲਦਾ ਹੈ। X ਵਾਲੀ ਐਪ ਖੋਲ੍ਹ ਕੇ ਉਸ ਦੇ ਹੇਠਾਂ ਗਰੋਕ ਦਾ ਸਾਹਮਣੇ ਦਿੱਤਾ ਚਿੰਨ੍ਹ ਬਣਿਆ ਦਿਸਦਾ ਹੈ ਜਿਸ ਤੇ ਕਲਿੱਕ ਕਰਨ ਨਾਲ ਇਹ ਚੱਲ ਪੈਂਦਾ ਹੈ। ਇਸ ਅਨੁਸਾਰ ਤਰਕਸ਼ੀਲਤਾ :-

ਅੱਜ ਦੇ ਸਮੇਂ ਵਿੱਚ ਤਰਕਸ਼ੀਲਤਾ ਸਮਾਜ ਲਈ ਬਹੁਤ ਮਹੱਤਵਪੂਰਨ ਹੈ ਕਿਉਂਕਿ:

ਸਹੀ ਫੈਸਲੇ ਲੈਣਾ: ਤਰਕਸ਼ੀਲ ਸੋਚ ਸਾਨੂੰ ਤੱਥਾਂ ਅਤੇ ਸਬੂਤਾਂ ਦੇ ਅਧਾਰ 'ਤੇ ਬਿਹਤਰ ਫੈਸਲੇ ਲੈਣ ਵਿੱਚ ਮਦਦ ਕਰਦੀ ਹੈ, ਜਿਸ ਨਾਲ ਅਫਵਾਹਾਂ ਅਤੇ ਗਲਤ ਜਾਣਕਾਰੀ ਤੋਂ ਬਚਿਆ ਜਾ ਸਕਦਾ ਹੈ।

ਸਮੱਸਿਆਵਾਂ ਦਾ ਹੱਲ: ਗੁੰਝਲਦਾਰ ਸਮਾਜਿਕ, ਆਰਥਿਕ ਅਤੇ ਵਾਤਾਵਰਨਿਕ ਸਮੱਸਿਆਵਾਂ ਨੂੰ ਸੁਲਝਾਉਣ ਲਈ ਤਰਕਸ਼ੀਲ ਵਿਸ਼ਲੇਸ਼ਣ ਜ਼ਰੂਰੀ ਹੈ।

ਵਿਗਿਆਨਕ ਤਰੱਕੀ: ਤਰਕਸ਼ੀਲਤਾ ਵਿਗਿਆਨ ਅਤੇ ਤਕਨਾਲੋਜੀ ਦੀ ਖੋਜ ਨੂੰ ਉਤਸ਼ਾਹਿਤ ਕਰਦੀ ਹੈ, ਜੋ ਸਮਾਜ ਦੇ ਵਿਕਾਸ ਲਈ ਮਹੱਤਵਪੂਰਨ ਹੈ।

ਸਮਾਜਿਕ ਸਦਭਾਵਨਾ: ਇਹ ਪੱਖਪਾਤ, ਅੰਧਵਿਸ਼ਵਾਸ ਅਤੇ ਕੱਟੜਤਾ ਨੂੰ ਘਟਾਉਂਦੀ ਹੈ, ਜਿਸ ਨਾਲ ਵਿਭਿੰਨਤਾ ਵਾਲੇ ਸਮਾਜ ਵਿੱਚ ਸਹਿਮਤੀ ਅਤੇ ਸਮਝ ਵਧਦੀ ਹੈ।

ਸੂਚਨਾ ਦੇ ਵਿਸਫੋਟਕ ਵਾਧੇ ਦਾ ਮੁਕਾਬਲਾ: ਡਿਜੀਟਲ ਯੁੱਗ ਵਿੱਚ ਗਲਤ ਜਾਣਕਾਰੀ ਦੀ ਭਰਮਾਰ ਹੈ। ਤਰਕਸ਼ੀਲਤਾ ਸਾਨੂੰ ਸੱਚ ਅਤੇ ਝੂਠ ਵਿੱਚ ਫਰਕ ਕਰਨ ਦੀ ਸਮਰੱਥਾ ਦਿੰਦੀ ਹੈ।

ਸੰਖੇਪ ਵਿੱਚ, ਤਰਕਸ਼ੀਲਤਾ ਸਮਾਜ ਨੂੰ ਜਾਗਰੂਕ, ਸੁਚੱਜਾ ਅਤੇ ਪ੍ਰਗਤੀਸ਼ੀਲ ਬਣਾਉਂਦੀ ਹੈ, ਜੋ ਅੱਜ ਦੇ ਗੁੰਝਲਦਾਰ ਸਮੇਂ ਵਿੱਚ ਅਤਿ ਜਰੂਰੀ ਹੈ।

ਏ.ਆਈ. ਅਤੇ ਇੱਕ ਨਾਮਵਰ ਸਾਹਿਤਕਾਰ ਵੱਲੋਂ ਇਕੋ ਘਟਨਾ ਬਾਰੇ ਲਿਖੀਆਂ ਦੋ ਰਚਨਾਵਾਂ

ਤਰਕਸ਼ੀਲ ਮੈਗਜ਼ੀਨ ਵੱਲੋਂ ਏ.ਆਈ. ਦੀ ਸਿਰਜਣਾਤਮਿਕ ਸਮਰੱਥਾ ਨੂੰ ਲੈ ਕੇ ਨਵਾਂ ਤਜਰਬਾ ਕੀਤਾ ਗਿਆ। ਤਰਕਸ਼ੀਲ ਸੋਸਾਇਟੀ ਪੰਜਾਬ ਦੀ ਬਠਿੰਡਾ ਇਕਾਈ ਵੱਲੋਂ ਚਲਾਏ ਜਾਂਦੇ ਮਨੋਰੋਗ ਮਸ਼ਵਰਾ ਕੇਂਦਰ ਵਿੱਚ ਮਾਨਸਿਕ ਸਮੱਸਿਆਵਾਂ ਨੂੰ ਲੈ ਕੇ ਹਰ ਹਫਤੇ ਕਾਫੀ ਕੇਸ ਆਉਂਦੇ ਹਨ ਜਿਨ੍ਹਾਂ ਨੂੰ ਜ਼ੋਨ ਆਗੂ ਰਾਮ ਸਿੰਘ ਨਿਰਮਾਣ ਹੱਲ ਕਰਦੇ ਹਨ। ਇਨ੍ਹਾਂ ਵਿਚੋਂ ਇੱਕ ਕੇਸ ਦੀ ਸੰਖੇਪ ਕਹਾਣੀ ਰਾਮ ਸਿੰਘ ਨਿਰਮਾਣ ਨੇ ਉੱਘੇ ਲੇਖਕ ਜਸਪਾਲ ਮਾਨਖੇੜਾ ਨੂੰ ਸੁਣਾਈ। ਇਸ ਦੇ ਆਧਾਰ ਉੱਤੇ ਮਾਨਖੇੜਾ ਜੀ ਨੂੰ ਇੱਕ ਸਾਹਿਤਕ ਰਚਨਾ ਲਿਖਣ ਲਈ ਕਿਹਾ ਗਿਆ। ਇਸੇ ਕਹਾਣੀ ਦੀ ਸੰਖੇਪ ਰੂਪਰੇਖਾ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਇੱਕ ਐਪ ਗਰੋਕ Grok ਨੂੰ ਲਿਖ ਕੇ ਫੀਡ ਕੀਤੀ ਗਈ। ਇਸ ਏ.ਆਈ. ਗਰੋਕ ਨੂੰ ਵੀ ਇਸ ਦੇ ਆਧਾਰ ਉੱਤੇ ਇੱਕ ਸਾਹਿਤਕ ਕਹਾਣੀ ਰਚਣ ਲਈ ਕਿਹਾ ਗਿਆ। ਗਰੋਕ ਵੱਲੋਂ ਜੋ ਕਹਾਣੀ ਦੀ ਰਚਨਾ ਕੀਤੀ ਗਈ ਉਹ ਅੱਗੇ ਦਿੱਤੀ ਜਾ ਰਹੀ ਹੈ। ਦਿਲਚਸਪ ਗੱਲ ਹੈ ਕਿ ਗਰੋਕ ਵੱਲੋਂ ਵੀ ਇੱਕ ਲੇਖਕ ਵਜੋਂ ਆਪਣੇ ਪਾਤਰਾਂ ਦੇ ਨਾਂ ਸੋਚੇ ਗਏ ਅਤੇ ਕਹਾਣੀ ਵਾਪਰਨ ਦੇ ਸਥਾਨ ਲਈ ਸਰਹਿੰਦ ਪਿੰਡ ਦੀ ਕਲਪਨਾ ਕਰ ਲਈ। ਉਸ ਤੋਂ ਅੱਗੇ ਜਸਪਾਲ ਮਾਨਖੇੜਾ ਵੱਲੋਂ ਲਿਖੀ ਗਈ ਕਹਾਣੀ ਪੇਸ਼ ਕੀਤੀ ਗਈ ਹੈ। ਇੱਕ ਮਸ਼ੀਨੀ ਬੁੱਧੀ ਅਤੇ ਇੱਕ ਮਨੁੱਖੀ ਬੁੱਧੀ ਵੱਲੋਂ ਇਕੋ ਘਟਨਾ ਬਾਰੇ ਜੋ ਦੋ ਕਹਾਣੀਆਂ ਲਿਖੀਆਂ ਗਈਆਂ ਹਨ ਇਨ੍ਹਾਂ ਦੀ ਤੁਲਨਾ ਅਤੇ ਆਲੋਚਨਾ ਦਾ ਕੰਮ ਅਸੀਂ ਆਪਣੇ ਪਾਠਕਾਂ 'ਤੇ ਛਡਦੇ ਹਾਂ।

ਮਾਨਸਿਕ ਸਮੱਸਿਆ ਵਾਲੇ ਕੇਸ ਦੀ ਰੂਪ-ਰੇਖਾ ਜੋ ਦੋਹਾਂ ਸਿਰਜਕਾਂ ਨਾਲ ਸਾਂਝੀ ਕੀਤੀ ਗਈ :-

ਪਰਿਵਾਰ ਦੀਆਂ ਦੋ ਕੁੜੀਆਂ, ਵੱਡੀ ਲੜਕੀ ਵਿਆਹੀ, ਛੋਟੀ ਨੇ ਪੜ੍ਹਾਈ ਮੁਕੰਮਲ ਕੀਤੀ ਪਰ ਯੋਗ ਵਰ ਨਹੀਂ ਮਿਲ ਰਿਹਾ ਸੀ। ਘਰ ਦੇ ਜੋਤਸ਼ੀ ਕੋਲ ਗਏ। ਜੋਤਸ਼ੀ ਨੇ ਦੱਸਿਆ ਵਿਆਹ ਤਾਂ ਹੋਵੇਗਾ ਪਰ ਪਹਿਲਾ ਪਤੀ ਮਰ ਜਾਵੇਗਾ ਫਿਰ ਦੂਸਰਾ ਵਿਆਹ ਹੋਵੇਗਾ। ਲੜਕੀ ਦੁਖੀ ਰਹਿਣ ਲੱਗੀ, ਮਨ ਤੇ ਬੋਝ ਪੈ ਗਿਆ। ਫਿਰ ਜੋਤਸ਼ੀ ਕੋਲ ਗਏ ਉਸ ਉਪਾਅ ਦੱਸਿਆ ਕਿ ਇਸ ਦਾ ਵਿਆਹ ਤੁਲਸੀ ਦੇ ਬੂਟੇ ਨਾਲ ਕਰ ਦਿਓ, ਬੂਟਾ ਸੁੱਕ ਜਾਵੇਗਾ, ਉਸ ਤੋਂ ਬਾਅਦ ਅਸਲ ਵਿਆਹ ਕਰ ਦੇਣਾ। ਘਰਦਿਆਂ ਨੇ ਇਵੇਂ ਕੀਤਾ ਪਰ ਲੜਕੀ ਦੇ ਮਨ ਤੋਂ ਬੋਝ ਦੂਰ ਨਾ ਹੋਇਆ। ਮਨ ਵਿੱਚ ਡਰ ਬੈਠ ਗਿਆ ਕਿ ਮੇਰਾ ਪਤੀ ਤਾਂ ਮਰੇਗਾ ਹੀ। ਬੂਟੇ ਨਾਲ ਵਿਆਹ ਵਾਲੀ ਰਸਮ ਬੇਕਾਰ ਲੱਗੀ, ਮਾਨਸਿਕ ਰੋਗੀ ਹੋ ਗਈ। ਤਰਕਸ਼ੀਲ ਮਸ਼ਵਰਾ ਕੇਂਦਰ ਲਿਆਂਦਾ ਗਿਆ, ਉਥੇ ਉਸਦੇ ਮਨ ਵਿੱਚੋਂ ਜੋਤਸ਼ੀ ਵੱਲੋਂ ਪਾਇਆ ਡਰ ਦੂਰ ਕੀਤਾ ਗਿਆ, ਸਮਝਾਇਆ ਗਿਆ ਕਿ ਜੋਤਿਸ਼ ਪੂਰੀ ਤਰਾਂ ਪਖੰਡ ਹੈ। ਤਰਕਸ਼ੀਲ ਸਾਹਿਤ ਪੜਨ ਲਈ ਦਿੱਤਾ ਗਿਆ। ਕੁਝ ਸਮੇਂ ਬਾਅਦ ਉਸ ਨੂੰ ਯੋਗ ਵਰ ਲੱਭ ਕੇ ਵਿਆਹ ਦਿੱਤਾ ਗਿਆ। ਅੱਜ ਉਹ ਆਪਣੇ ਘਰ ਖੁਸ਼ੀ ਖੁਸ਼ੀ ਵਸ ਰਹੀ ਹੈ।

ਉਪਰੋਕਤ ਕੇਸ-ਹਿਸਟਰੀ ਉੱਤੇ ਏ. ਆਈ. ਪਲੇਟਫਾਰਮ 'ਗਰੋਕ' ਵੱਲੋਂ ਲਿਖੀ ਗਈ ਕਹਾਣੀ

ਤੁਲਸੀ ਦਾ ਬੂਟਾ

ਪਿੰਡ ਸਰਹਿੰਦ ਦੇ ਨੇੜੇ ਇੱਕ ਛੋਟੇ ਜਿਹੇ ਘਰ ਵਿੱਚ ਸੁਖਵੀਰ ਕੌਰ ਅਤੇ ਉਸ ਦੀ ਛੋਟੀ ਭੈਣ ਸਿਮਰਨ ਦੀ ਜ਼ਿੰਦਗੀ ਸਾਦੀ ਪਰ ਸੁਖਮਈ ਸੀ। ਸੁਖਵੀਰ ਦਾ ਵਿਆਹ ਹੋ ਚੁੱਕਿਆ ਸੀ ਅਤੇ ਉਹ ਆਪਣੇ ਸਹੁਰੇ ਘਰ ਵਿੱਚ ਖੁਸ਼ਹਾਲ ਜੀਵਨ ਬਤੀਤ ਕਰ ਰਹੀ ਸੀ। ਸਿਮਰਨ ਨੇ ਹੁਣੇ ਹੀ ਆਪਣੀ ਪੜ੍ਹਾਈ ਮੁਕੰਮਲ ਕੀਤੀ ਸੀ। ਸਮਾਰਟ, ਸੁਸ਼ੀਲ ਅਤੇ ਸੁਚੱਜੀ ਸਿਮਰਨ ਲਈ ਘਰ ਵਾਲੇ ਯੋਗ ਵਰ ਦੀ ਭਾਲ ਵਿੱਚ ਸਨ, ਪਰ ਢੁਕਵਾਂ ਰਿਸ਼ਤਾ ਨਹੀਂ ਮਿਲ ਰਿਹਾ ਸੀ।

ਇੱਕ ਦਿਨ, ਮਾਂ-ਪਿਓ ਨੇ ਪਿੰਡ ਦੇ ਮਸ਼ਹੂਰ ਜੋਤਸ਼ੀ ਪੰਡਤ ਰਾਮ ਦਾਸ ਕੋਲ ਜਾਣ ਦਾ ਫੈਸਲਾ ਕੀਤਾ। ਜੋਤਸ਼ੀ ਨੇ ਸਿਮਰਨ ਦੀ ਕੁੰਡਲੀ ਦੇਖੀ ਅਤੇ ਗੰਭੀਰਤਾ ਨਾਲ ਕਿਹਾ, ਇਸ ਦਾ ਵਿਆਹ ਤਾਂ ਹੋਵੇਗਾ, ਪਰ ਪਹਿਲਾ ਪਤੀ ਜ਼ਿਆਦਾ ਸਮਾਂ ਨਹੀਂ ਜੀਵੇਗਾ। ਉਸ ਦੀ ਮੌਤ ਤੋਂ ਬਾਅਦ ਦੂਜਾ ਵਿਆਹ ਹੋਵੇਗਾ।" ਇਹ ਸੁਣ ਕੇ ਪਰਿਵਾਰ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਸਿਮਰਨ ਦੇ ਮਨ ਤੇ ਇਹ ਗੱਲ ਇੱਕ ਭਾਰੀ ਪੱਥਰ ਵਾਂਗ ਆ ਡਿੱਗੀ। ਉਹ ਰੋਜ ਦੁਖੀ ਰਹਿਣ ਲੱਗੀ, ਉਸ ਦੀਆਂ ਅੱਖਾਂ ਵਿੱਚ ਸੁਪਨੇ ਘੱਟ ਅਤੇ ਡਰ ਵੱਧ ਗਿਆ।

ਕੁਝ ਦਿਨਾਂ ਬਾਅਦ, ਪਰਿਵਾਰ ਮੁੜ ਜੋਤਸ਼ੀ ਕੋਲ ਗਿਆ। ਪੰਡਤ ਜੀ ਨੇ ਉਪਾਅ ਦੱਸਿਆ, ਸਿਮਰਨ ਦਾ ਵਿਆਹ ਪਹਿਲਾਂ ਤੁਲਸੀ ਦੇ ਬੂਟੇ ਨਾਲ ਕਰ ਦਿਓ। ਬੂਟਾ ਸੁੱਕ ਜਾਵੇਗਾ, ਅਤੇ ਇਸ ਨਾਲ ਕੁੰਡਲੀ ਦਾ ਦੋਸ਼ ਖਤਮ ਹੋ ਜਾਵੇਗਾ। ਫਿਰ ਅਸਲ ਵਿਆਹ ਕਰ ਦੇਣਾ। ਘਰ ਵਾਲਿਆਂ ਨੇ ਇਹ ਰਸਮ

ਪੂਰੀ ਕੀਤੀ। ਛੋਟੇ ਜਿਹੇ ਵਿਹੜੇ ਵਿੱਚ ਤੁਲਸੀ ਦੇ ਬੂਟੇ ਨਾਲ ਸਿਮਰਨ ਦਾ ਵਿਆਹ ਕਰਵਾਇਆ ਗਿਆ। ਪਰ ਸਿਮਰਨ ਦੇ ਮਨ ਦਾ ਬੋਝ ਘੱਟ ਨਾ ਹੋਇਆ। ਉਸ ਦੇ ਦਿਲ ਵਿੱਚ ਡਰ ਵੱਸ ਗਿਆ ਸੀ ਕਿ ਉਸ ਦਾ ਅਸਲੀ ਪਤੀ ਵੀ ਮਰ ਜਾਵੇਗਾ। ਤੁਲਸੀ ਦੀ ਰਸਮ ਉਸ ਨੂੰ ਬੇਕਾਰ ਅਤੇ ਬੇਮਤਲਬ ਜਾਪੀ।

ਹੌਲੀ-ਹੌਲੀ ਸਿਮਰਨ ਦੀ ਸਿਹਤ ਖਰਾਬ ਹੋਣ ਲੱਗੀ। ਉਹ ਚੁੱਪ-ਚਾਪ ਰਹਿਣ ਲੱਗੀ ਅਤੇ ਉਸ ਦੇ ਮਨ ਵਿੱਚ ਡਰ ਨੇ ਮਾਨਸਿਕ ਰੋਗ ਦੀ ਸ਼ਕਲ ਲੈ ਲਈ। ਉਸ ਦੀ ਵੱਡੀ ਭੈਣ ਸੁਖਵੀਰ ਨੇ ਇਹ ਸਭ ਦੇਖਿਆ ਅਤੇ ਆਪਣੇ ਪਤੀ ਨਾਲ ਸਲਾਹ ਕਰਕੇ ਸਿਮਰਨ ਨੂੰ ਸ਼ਹਿਰ ਦੇ ਇੱਕ ਤਰਕਸ਼ੀਲ ਮਸ਼ਵਰਾ ਕੇਂਦਰ ਲੈ ਗਈ।

ਕੇਂਦਰ ਵਿੱਚ ਡਾ. ਅਰਵਿੰਦਰ ਸਿੰਘ ਨੇ ਸਿਮਰਨ ਨਾਲ ਲੰਮੀਆਂ ਗੱਲਾਂ ਕੀਤੀਆਂ। ਉਨ੍ਹਾਂ ਨੇ ਸਮਝਾਇਆ, ਸਿਮਰਨ, ਜੋਤਸ਼ੀ ਦੀਆਂ ਗੱਲਾਂ ਪੂਰੀ ਤਰ੍ਹਾਂ ਪਖੰਡ ਹਨ। ਕੁੰਡਲੀ ਜਾਂ ਗ੍ਰਹਿ-ਨਕਸ਼ਤਰ ਜ਼ਿੰਦਗੀ ਨਹੀਂ ਚਲਾਉਂਦੇ। ਤੁਸੀਂ ਆਪਣੇ ਮਨ ਦੀ ਸ਼ਕਤੀ ਨਾਲ ਜੀਵਨ ਦੀਆਂ ਚੁਣੌਤੀਆਂ ਨੂੰ ਪਾਰ ਕਰ ਸਕਦੇ ਹੋ। ਉਨ੍ਹਾਂ ਨੇ ਸਿਮਰਨ ਨੂੰ ਵਿਗਿਆਨਕ ਸੋਚ ਅਤੇ ਤਰਕਸ਼ੀਲਤਾ ’ਤੇ ਆਧਾਰਿਤ ਕਿਤਾਬਾਂ ਪੜ੍ਹਨ ਲਈ ਦਿੱਤੀਆਂ। ਸਿਮਰਨ ਨੇ ਹੌਲੀ-ਹੌਲੀ ਇਹ ਸਭ ਪੜ੍ਹਿਆ ਅਤੇ ਉਸ ਦੇ ਮਨ ਵਿੱਚੋਂ ਜੋਤਸ਼ੀ ਦਾ ਪਾਇਆ ਡਰ ਘਟਣ ਲੱਗਾ।

ਕੁਝ ਮਹੀਨਿਆਂ ਬਾਅਦ, ਸੁਖਵੀਰ ਦੇ ਪਤੀ ਦੇ ਮਿੱਤਰ ਨੇ ਇੱਕ ਚੰਗੇ ਪਰਿਵਾਰ ਤੋਂ ਰਿਸ਼ਤਾ ਸੁਝਾਇਆ। ਮੁੰਡਾ, ਅਮਰਜੀਤ, ਸਿਮਰਨ ਲਈ ਸੰਪੂਰਨ ਸੀ - ਪੜ੍ਹਿਆ-ਲਿਖਿਆ, ਸੁਭਾਅ ਦਾ ਨਰਮ ਅਤੇ ਸਮਝਦਾਰ। ਸਿਮਰਨ ਨੂੰ ਵੀ ਉਹ ਪਸੰਦ ਆਇਆ। ਪਰਿਵਾਰ ਨੇ ਬਿਨਾਂ ਜੋਤਸ਼ੀ ਦੀ ਸਲਾਹ ਲਏ ਵਿਆਹ ਦੀ ਤਿਆਰੀ ਕਰ ਲਈ।

ਅੱਜ ਸਿਮਰਨ ਅਤੇ ਅਮਰਜੀਤ ਆਪਣੇ ਘਰ ਵਿੱਚ ਖੁਸ਼ਹਾਲ ਜੀਵਨ ਜੀ ਰਹੇ ਹਨ। ਸਿਮਰਨ ਦੇ ਮਨ ਵਿੱਚੋਂ ਡਰ ਦਾ ਸਾਇਆ ਹਮੇਸ਼ਾ ਲਈ ਖਤਮ ਹੋ ਗਿਆ। ਉਹ ਅਕਸਰ ਆਪਣੀ ਵੱਡੀ ਭੈਣ ਸੁਖਵੀਰ ਨੂੰ ਕਹਿੰਦੀ, ਜੇ ਤੁਸੀਂ ਮੈਨੂੰ ਤਰਕਸ਼ੀਲ ਸੋਚ ਵੱਲ ਨਾ ਮੋੜਿਆ ਹੁੰਦਾ, ਮੈਂ ਸ਼ਾਇਦ ਅੱਜ ਵੀ ਤੁਲਸੀ ਦੇ ਬੂਟੇ ਵਾਲੇ ਡਰ ਵਿੱਚ ਜਕੜੀ ਹੁੰਦੀ।

ਅਤੇ ਇਸ ਤਰ੍ਹਾਂ, ਸਿਮਰਨ ਨੇ ਨਾ ਸਿਰਫ਼ ਆਪਣਾ ਜੀਵਨ ਸੰਵਾਰਿਆ, ਸਗੋਂ ਪਿੰਡ ਦੀਆਂ ਹੋਰ ਕੁੜੀਆਂ ਨੂੰ ਵੀ ਵਿਗਿਆਨਕ ਸੋਚ ਅਪਣਾਉਣ ਦੀ ਪ੍ਰੇਰਣਾ ਦਿੱਤੀ।

ਸ਼ੁਕਰੀਆ ਗਰੌਕ, ਤੁਸੀਂ ਬਹੁਤ ਵਧੀਆ ਕਹਾਣੀ ਲਿਖ ਕੇ ਦਿੱਤੀ ਹੈ। ਕੀ ਤੁਸੀਂ ਇਸੇ ਬਾਰੇ ਕਵਿਤਾ ਵੀ ਲਿਖ ਸਕਦੇ ਹੋ ?

Grok - ਸ਼ੁਕਰੀਆ, ਮੈਨੂੰ ਖੁਸ਼ੀ ਹੈ ਕਿ ਤੁਹਾਨੂੰ ਕਹਾਣੀ ਪਸੰਦ ਆਈ ! ਹੇਠਾਂ ਸਿਮਰਨ ਦੀ ਇਸੇ ਕਹਾਣੀ ’ਤੇ ਅਧਾਰਿਤ ਇੱਕ ਪੰਜਾਬੀ ਕਵਿਤਾ ਹੈ :

ਤੁਲਸੀ ਦਾ ਸਾਇਆ

ਸਿਮਰਨ ਦੇ ਮਨ ਵਿੱਚ, ਸੁਪਨੇ ਸੀ ਰੰਗੀਨ,
ਪੜ੍ਹਾਈ ਮੁਕੰਮਲ, ਜੀਵਨ ਸੀ ਨਕੋਰ ਨਵੀਨ।
ਪਰ ਰਿਸ਼ਤੇ ਨਾ ਮਿਲੇ, ਘਰ ਵਾਲੇ ਸਨ ਚਿੰਤਤ,
ਜੋਤਸ਼ੀ ਦੀ ਗੱਲ ਨੇ, ਮਨ ਨੂੰ ਕੀਤਾ ਸੰਗੀਨ।

ਪਹਿਲਾ ਪਤੀ ਮਰੇਗਾ, ਜੋਤਸ਼ੀ ਨੇ ਫਰਮਾਇਆ,
ਸਿਮਰਨ ਦੇ ਦਿਲ ’ਤੇ, ਡਰ ਦਾ ਪਰਛਾਵਾਂ ਆਇਆ।
ਤੁਲਸੀ ਦੇ ਬੂਟੇ ਨਾਲ, ਵਿਆਹ ਦੀ ਰਸਮ ਜੋੜੀ,
ਪਰ ਮਨ ਦੀ ਉਦਾਸੀ, ਨਾ ਗਈ ਕਦੇ ਮੋੜੀ।

ਬੂਟਾ ਸੁੱਕਣ ਦੀ ਗੱਲ, ਸੀ ਪਖੰਡ ਦੀ ਚਾਲ,
ਸਿਮਰਨ ਦੀਆਂ ਅੱਖੀਆਂ, ਰਹੀਆਂ ਸਦਾ ਨਮਕਾਲ।
ਮਾਨਸਿਕ ਰੋਗ ਨੇ, ਉਸ ਨੂੰ ਘੇਰਿਆ ਸੀ ਘੇਰ,
ਡਰ ਦੀ ਇੱਕ ਜੰਜੀਰ, ਬਣੀ ਸੀ ਮਨ ਦਾ ਜੰਜੈਲ।

ਫਿਰ ਭੈਣ ਸੁਖਵੀਰ ਨੇ, ਤਰਕ ਦੀ ਰਾਹ ਵਿਖਾਈ,
ਤਰਕਸ਼ੀਲ ਕੇਂਦਰ ਵਿੱਚ, ਸਿਮਰਨ ਨੂੰ ਜਗਾਈ।
ਜੋਤਸ਼ੀ ਦੀਆਂ ਗੱਲਾਂ, ਸਭ ਪਖੰਡ ਦੀ ਮਾਇਆ,
ਵਿਗਿਆਨ ਦੀ ਰੌਸ਼ਨੀ, ਜੀਵਨ ਦੀ ਸੱਚੀ ਸਹਾਈ।

ਕਿਤਾਬਾਂ ਨੇ ਸਿਮਰਨ ਨੂੰ, ਨਵੀਂ ਸੋਚ ਵੰਡਾਈ,
ਡਰ ਦੇ ਬੱਦਲ ਛਟੇ, ਮਨ ਵਿੱਚ ਰੌਸ਼ਨੀ ਆਈ।
ਅਮਰਜੀਤ ਮਿਲਿਆ, ਸਾਥੀ ਸੁਚੱਜਾ ਅਤੇ ਪਿਆਰਾ,
ਵਿਆਹ ਦੀ ਵੇਲ ਨਾਲ, ਜੀਵਨ ਬਣਿਆ ਨਿਆਰਾ।

ਅੱਜ ਸਿਮਰਨ ਹੱਸਦੀ, ਖੁਸ਼ੀਆਂ ਦੇ ਰੰਗ ਵਿੱਚ,
ਤਰਕ ਦੀ ਜੋਤ ਨੇ, ਜਿੱਤਿਆ ਡਰ ਦੇ ਸੰਗ ਵਿੱਚ।
ਤੁਲਸੀ ਦਾ ਸਾਇਆ, ਹੁਣ ਸੁਪਨਾ ਪੁਰਾਣਾ,
ਸਿਮਰਨ ਦੀ ਜਿੱਤ, ਹੈ ਵਿਗਿਆਨ ਦਾ ਸੁਹਾਣਾ।

ਇਸੇ ਕੇਸ ਬਾਰੇ ਪੰਜਾਬੀ ਸਾਹਿਤਕਾਰ ਵੱਲੋਂ ਰਚੀ ਕਹਾਣੀ

ਲਾਜਵੰਤੀ ਦਾ ਬੂਟਾ

ਜਸਪਾਲ ਮਾਨਖੇੜਾ

ਲਾਜਵੰਤੀ ਮੰਡੀ ਦੇ ਕਾਲਜ ਵਿੱਚ ਪੜ੍ਹਦੀ ਸੀ। ਉਹ ਬੀਏ ਦੇ ਤੀਜੇ ਸਾਲ ਦੀ ਵਿਦਿਆਰਥਣ ਸੀ। ਪੜ੍ਹਾਈ ਵਿੱਚ ਭਾਵੇਂ ਬਹੁਤੀ ਹੁਸ਼ਿਆਰ ਤਾਂ ਨਹੀਂ ਸੀ ਪਰ ਦਰਮਿਆਨੇ ਤੋਂ ਉੱਪਰ ਦਰਜੇ ਦੀ ਪੜ੍ਹਾਕੂ ਸੀ। ਉਹ ਸੁਸ਼ੀਲ ਸੀ, ਸੁੰਦਰ ਸੀ, ਸਚਿਆਰੀ ਸੀ। ਉਸ ਦੀ ਮਾਂ ਸ਼ੀਲਾਵੰਤੀ ਅਕਸਰ ਕਹਿ ਦਿੰਦੀ ਸੀ।

ਲਾਜਵੰਤੀ ਮੇਰੀ ਸਚਿਆਰੀ ਧੀ ਐ। ਗੁਗਲੀ ਮੁਗਲੀ ਛੂਈ ਮੂਈ। ਕਮਲਾਵੰਤੀ ਤਾਂ ਧਾਕੜ ਐ ਸਾਡੀ। ਜੱਟਾਂ ਦੀਆਂ ਕੁੜੀਆਂ ਨਾਲ ਖੇਲ੍ਹਦੀ ਪੜ੍ਹਦੀ ਜੱਟਾਂ ਵਰਗੀ ਹੋ ਗਈ। ਲਾਜਵੰਤੀ ਤਾਂ ਜਮਾਂ ਮਹਾਜਨਾਂ ਦੀ ਕੰਨਿਆ ਐ। ਸੇਠਾਂ ਸ਼ਾਹੂਕਾਰਾਂ ਦੀਆਂ ਧੀਆਂ ਧਿਆਣੀਆਂ ਵਰਗੀ।

ਜੱਟਾਂ ਤੇ ਬਾਣੀਆਂ ਦਾ ਕੀ ਐ ਸ਼ੀਲਾ, ਇੱਕੋ ਨੇ ਦੋਵੇਂ। ਉਨ੍ਹਾਂ ਦਾ ਸਾਡੇ ਬਿਨਾਂ ਨਹੀਂ ਸਰਦਾ, ਸਾਡਾ ਉਨ੍ਹਾਂ ਬਿਨਾਂ ਨਹੀਂ ਗੁਜ਼ਾਰਾ। ਸਿਆਣੇ ਤਾਂ ਆਹ ਵੀ ਆਂਹਦੇ ਨੇ... ਸ਼ਾਹ ਬਿਨਾਂ ਪਤ ਨਹੀਂ।

ਨਹੀ ਲਾਜੋ ਦੇ ਬਾਈ! ਇਹ ਹੁਣ ਕਹਿਣ ਦੀਆਂ ਗੱਲਾਂ ਰਹਿ ਗਈਆਂ। ਹੁਣ ਨਹੀਂ ਰਹੀਆਂ ਉਹ ਸਾਂਝਾਂ।

ਲਾਜੋ ਦਾ ਬਾਪ ਕੁਛ ਨਾ ਬੋਲਿਆ। ਪਤਨੀ ਦੇ ਮੂੰਹ ਵੱਲ ਵੇਖੀ ਗਿਆ।

ਤੂੰ ਆਪ ਯਾਦ ਕਰ ਲਾਜੋ ਦੇ ਬਾਈ! ਆਪਣੇ ਬਾਈ ਦਾ, ਵੱਡੇ ਬਾਬੂ ਜੀ ਦਾ ਕਿੰਨਾ ਮਾਣ ਤਾਣ ਸੀ ਪਿੰਡ ਚ... ਰੋਪਨਾ ਪਾਉਣ ਵੇਲੇ ਹਰੇਕ ਕੁੜੀ ਦਾ ਪਿਓ ਬਾਊ ਜੀ ਨੂੰ ਨਾਲ ਲੈ ਕੇ ਜਾਂਦਾ ਸੀ। ਪਤਾਸਾ ਆਪਣੇ ਬਾਊ ਜੀ ਪਾਉਂਦੇ ਮੁੰਡੇ ਦੇ ਮੂੰਹ ਚ.

ਪਤਨੀ ਵੱਲੋਂ ਕੀਤੀ ਉਸ ਦੇ ਹੀ ਪਿਓ ਤੇ ਦਾਦੇ ਦੀ ਸਿਫਤ ਕਾਲੇ ਨੂੰ ਚੁਭ ਗਈ। ਉਹਨੂੰ ਲੱਗਿਆ ਜਿਵੇਂ ਸ਼ੀਲਾ ਨੇ ਕਿਹਾ ਹੋਵੇ ਤੇਰਾ ਪਿਓ ਤੇ ਦਾਦਾ ਮੋਹਤਬਰ ਸਨ ਪਰ ਤੂੰ...। ਚੋਭਾਂ ਸਹਿਣੀਆਂ ਕਾਲੇ ਦਾ ਨਿਤਨੇਮ ਬਣਿਆ ਹੋਇਆ ਸੀ। ਉਸ ਦਾ ਰੰਗ ਭਾਵੇਂ ਬਾਣੀਆਂ ਦੇ ਮੁੰਡਿਆਂ ਤੋਂ ਥੋੜ੍ਹਾ ਹੀ ਵੱਧ ਕਾਲਾ ਸੀ ਪਰ ਪਿੰਡ ਵਿੱਚ ਇੱਕ ਘਰ ਹੋਣ ਕਾਰਨ ਅਤੇ ਸੀਲ ਸੁਭਾਅ ਹੋਣ ਕਾਰਨ ਬਾਹਲੇ ਘਰਾਂ ਵਾਲਿਆਂ ਨੇ ਉਸ ਸਾਂਵਲੇ ਮੁੰਡੇ ਨੂੰ ਕਾਲਾ ਬਣਾ ਦਿੱਤਾ ਸੀ। ਕਾਲਾ ਹੀ ਉਸਦਾ ਨਾਮ ਪੱਕ ਗਿਆ ਸੀ। ਹੁਣ ਤਾਂ ਉਸ ਦੀ ਘਰਵਾਲੀ ਵੀ ਕਦੇ ਮੋਹ ਨਾਲ, ਕਦੇ ਮਸਤੀ 'ਚ ਆਖ ਦਿੰਦੀ ...

... ਕਾਲਾ ਸ਼ਾਹ ਕਾਲਾ ਮੇਰਾ ਕਾਲਾ ਈ ਸ਼ਾਹੂਕਾਰ
ਗੋਰਿਆਂ ਨੂੰ ਦਫਾ ਕਰੋ ਮੈਂ ਆਪ ਤਿੱਲੇ ਦੀ ਤਾਰ।

ਭਾਵੇਂ ਪਤਨੀ ਦੇ ਬੋਲ ਉਸ ਦੇ ਅੰਦਰ ਖੁੱਭ ਜਾਂਦੇ ਪਰ ਉਸ ਦਾ ਸੁਭਾਅ ਬਣ ਗਿਆ ਸੀ ਕਿ ਹਰੇਕ ਗੱਲ ਜਰ ਜਾਂਦਾ। ਉਂਜ ਉਹ ਕਹਿ ਵੀ ਛੱਡਦਾ..

ਕੋਈ ਨਹੀਂ ਕਾਲਾ ਤਾਂ ਕਾਲਾ ਸਹੀ ਫਿਰ ਵੀ ਤਿੱਲੇ ਦੀ ਤਾਰ ਕਾਲੀ ਕੁਰਮ ਤੇ ਹੀ ਮੜ੍ਹੀ ਗਈ ਐ। ਤੇਰੇ ਨਾਲ ਸ਼ੀਲਾ ਕਾਲੇ ਦਾ ਰੰਗ ਸੁਨੈਹਰੀ ਹੋ ਗਿਆ

ਐਂ ਨੋਕ ਝੋਕ ਨਾਲ ਜਿੰਦਗੀ ਚੱਲ ਰਹੀ ਸੀ। ਛੋਟੀ ਜਿਹੀ ਕਰਿਆਨੇ ਦੀ ਦੁਕਾਨ ਅਤੇ ਸ਼ੀਲਾ ਦੀ ਸਿਲਾਈ ਮਸ਼ੀਨ ਖਾਣ ਜੋਗੇ ਤੋਂ ਥੋੜ੍ਹਾ ਵੱਧ ਰਿਜ਼ਕ ਪੈਦਾ ਕਰ ਰਹੀਆਂ ਸਨ। ਸਰਫਾ ਸੰਕੋਚ ਉਹਨਾਂ ਦੇ ਜੀਵਨ ਦਾ ਸਲੀਕਾ ਬਣਿਆ ਹੋਇਆ ਸੀ। ਉਸੇ ਨਾਲ ਉਹਨਾਂ ਵੱਡੀ ਧੀ ਵਿਆਹ ਦਿੱਤੀ ਸੀ। ਛੋਟੀ ਲਾਜੋ ਨੂੰ ਪੜ੍ਹਾਈ ਜਾਂਦੇ ਸਨ।

ਲਾਜਵੰਤੀ ਸਿਰੇ ਦੀ ਸ਼ਰਮਾਕਲ ਸੀ। ਉਹ ਆਪਣੇ ਆਪ ਵਿੱਚ ਰਹਿਣ ਵਾਲੀ ਕੁੜੀ ਸੀ। ਉਹ ਬਹੁਤਾ ਬੋਲਦੀ ਨਹੀਂ ਸੀ। ਸਗੋਂ ਜੇ ਕੋਈ ਉਸ ਨਾਲ ਹੱਸਦਾ ਖੇਡ੍ਹਦਾ, ਚੌੜ ਚੱਪਾ ਕਰਦਾ ਤਾਂ ਉਹ ਸ਼ਰਮਾ ਜਾਂਦੀ। ਮੁੰਡੇ ਹੀ ਨਹੀਂ, ਕੁੜੀਆਂ ਵੀ ਲਾਜੋ ਤੇ ਟੋਟਕੇ ਕੱਸਦੀਆਂ...

... ਤੂੰ ਲਾਜਵੰਤੀ ਦੇ ਬੂਟੇ ਵਾਂਗੂ ਹੱਥ ਲਾਇਆ ਕੁਮਲਾ ਜਾਵੇਂ
ਸੁੰਗੜ ਕੇ 'ਕੱਠੀ ਹੋ ਜਾਵੇ ਝੱਟ ਵਲ ਪਚਵੰਜਾ ਖਾ ਜਾਵੇਂ"

ਲਾਜਵੰਤੀ ਸੱਚੀਂ ਸੁੰਗੜ ਜਾਂਦੀ। ਉਹ ਆਦਰਸ਼ਪਾਲ ਨੂੰ ਵੇਖ ਕੇ ਜਿਆਦਾ ਸੁੰਗੜਦੀ। ਉਹ ਹੋਰ ਮੁੰਡਿਆਂ ਵਾਂਗ ਉਸ ਨੂੰ ਕੁਝ ਕਹਿੰਦਾ ਨਹੀਂ ਸੀ। ਛੇੜਦਾ ਨਹੀਂ ਸੀ। ਚੁੱਪ ਚੁਪੀਤਾ ਰਹਿੰਦਾ ਸੀ। ਪੜ੍ਹਦਾ ਰਹਿੰਦਾ ਜਾਂ ਸਟੇਜ ਤੇ ਧਮਾਲਾਂ ਪਾਉਂਦਾ।

ਕਾਲਜ ਵਾਲੇ ਤਿੰਨੇ ਸਾਲ ਤਿੰਨ ਘੜੀਆਂ ਬਣ ਲੰਘ ਗਏ। ਲਾਜੋ ਰਿਜ਼ਲਟ ਉਡੀਕਦੀ ਸੀ ਕਿ ਇੱਕ ਦਿਨ ਕਮਲਾ ਤੇ ਉਸ ਦਾ ਪਤੀ ਸੱਤਪਾਲ ਮਿਲਣ ਆ ਗਏ।

ਅੱਗੇ ਕੀ ਕਰੇਗੀ ਲਾਜੋ? ਕਮਲਾ ਨੇ ਗੱਲ ਤੋਰੀ

ਪਤਾ ਨਹੀਂ ਬਈ, ਜਿਵੇਂ ਬਾਈ ਕਹੂਗਾ

ਬਾਈ ਨੂੰ ਕੀ ਪਤਾ, ਕਦੇ ਦਾਨਪੁਰੇ ਚੋਂ ਤਾਂ ਨਿਕਲਿਆ ਨਹੀਂ। ਤੂੰ ਸਾਡੇ ਨਾਲ ਚੱਲ। ਸ਼ਹਿਰ ਤੇਰਾ ਜੀਜਾ ਕਿਸੇ ਕੋਰਸ ਦਾ ਪਤਾ ਕਰ ਲਊ। ਉਥੇ ਸਾਡੇ ਕੋਲ ਰਹਿ ਕੇ ਤਿਆਰੀ ਕਰ ਲਈਂ।

ਬਾਈ ਬੀਬੀ ਨੂੰ ਪੁੱਛ ਲਓ।

ਅਸੀਂ ਕੀ ਕਹਿਣੈ ਕੁੜੇ, ਜੇ ਤੇਰੀ ਭੈਣ ਤੇ ਜੀਜਾ ਲਿਜਾਂਦੇ ਨੇ, ਚਲੀ ਜਾਹ।

ਤੇ ਫਿਰ ਲਾਜਵੰਤੀ ਭੈਣ ਭਣੋਈਏ ਨਾਲ ਸ਼ਹਿਰ ਚਲੀ ਗਈ।

ਸੱਤਪਾਲ ਸਰਕਾਰੀ ਮਹਿਕਮੇ ਵਿੱਚ ਕਲਰਕ ਸੀ।

ਉਸ ਦੀ ਵਿਧਵਾ ਮਾਂ ਨੇ ਬੜੇ ਦੁੱਖਾਂ ਨਾਲ ਪਾਲ ਕੇ ਪ੍ਰਵਾਨ ਚੜ੍ਹਾਇਆ ਸੀ। ਸੱਤਪਾਲ ਦੀ ਨੌਕਰੀ ਨੇ ਘਰ ਦਾ ਮੂੰਹ ਮੱਥਾ ਸੰਵਾਰ ਦਿੱਤਾ ਸੀ। ਸੁਚੱਜੀ ਸਚਿਆਰੀ ਬਹੂ ਘਰ ਆ ਜਾਣ ਕਰਕੇ ਉਹ ਮਾਂ ਪੁੱਤ ਭਗਵਾਨ ਦਾ ਕੋਟਿਨ ਕੋਟ ਸ਼ੁਕਰਾਨਾ ਕਰਦੇ ਸਨ। ਸ਼ਾਮ ਸਵੇਰੇ ਭਜਨ ਬੰਦਗੀ ਕਰਦੇ। ਹਰ ਥਾਂ ਮੱਥਾ ਟੇਕਦੇ। ਸੱਤਪਾਲ ਦੀ ਮਾਂ ਕਹਿੰਦੀ, "ਸਿਜਦਾ ਕਰ ਪੁੱਤ, ਪਤਾ ਨਈਂ ਭਗਵਾਨ ਕਿਹੜੇ ਰੂਪ 'ਚ ਫਿਰਦਾ ਹੋਵੇ।

ਸੱਤਪਾਲ ਕਾਮਾ, ਕਮਾਊ ਤੇ ਸਾਊ ਮਨੁੱਖ ਸੀ। ਉਹ ਮਾਂ ਨਾਲ ਰੱਬ ਪੂਜਣ ਵਿੱਚ ਕੋਈ ਕਸਰ ਬਾਕੀ ਨਾ ਛੱਡਦਾ। ਕਸਰ ਉਹ ਕੁੰਡੀ ਲਾਉਣ ਦੀ ਵੀ ਨਾ ਛੱਡਦਾ। ਅਫਸਰਾਂ ਤੇ ਸਾਥੀ ਕਰਮਚਾਰੀਆਂ ਨਾਲ ਮਿਲ ਕੇ ਚਲਦਾ। ਉਸ ਦੇ ਬੈਂਕ ਅਕਾਊਂਟ ਵਿੱਚ ਰਕਮਾਂ ਵਧ ਰਹੀਆਂ ਸਨ। ਪੁਰਾਣਾ ਘਰ ਢਾਅ ਕੇ ਨਵੀਂ ਕੋਠੀ ਪਾ ਲਈ ਸੀ। ਫਰਿੱਜ, ਏ ਸੀ, ਕਾਰ ਸਭ ਸਹੂਲਤਾਂ ਸਨ, ਮਾਨਣ ਲਈ।

ਉਸ ਹਫਤੇ 'ਚ ਲਾਜਵੰਤੀ ਖਾਤਰ ਕੋਰਸਾਂ ਦਾ ਪਤਾ ਕਰ ਲਿਆ। ਸ਼ਾਮ ਨੂੰ ਰੋਟੀ ਖਾਣ ਬਾਅਦ ਸਾਰੇ ਟੱਬਰ ਨੂੰ ਬਹਾ ਲਿਆ। ਸਬੱਬ ਨਾਲ ਸ਼ੀਲਾਵੰਤੀ ਵੀ ਆਈ ਹੋਈ ਸੀ। ਉਹ ਵੀ ਆ ਬੈਠੀ। ਸੱਤਪਾਲ ਨੇ ਜੋ ਪਤਾ ਕੀਤਾ ਸੀ, ਵਿਸਥਾਰ ਨਾਲ ਦੱਸ ਦਿੱਤਾ।

ਮੈਂ ਸਭ ਪਤਾ ਕਰ ਲਿਆ। ਬੀ.ਐੱਡ ਕਰਨ ਦਾ ਕੋਈ ਫਾਇਦਾ ਨਹੀਂ। ਹਜ਼ਾਰਾਂ ਮੁੰਡੇ ਕੁੜੀਆਂ ਬੀ.ਐੱਡ ਕਰੀਂ ਵਿਹਲੇ ਫਿਰਦੇ ਨੇ। ਯੂ.ਪੀ.ਐਸ.ਸੀ. ਏਹ ਤੋਂ ਹੋਣੀ ਨਹੀਂ। ਟੱਫ ਸਿਲੇਬਸ ਐ, ਟਫ ਮੁਕਾਬਲੈ। ਇਹਦੇ ਸਬਜੈਕਟਾਂ ਮੁਤਾਬਕ ਐਮ.ਏ. ਦਾ ਵੀ ਕੋਈ ਫਾਇਦਾ ਨਹੀਂ। ਐਮ.ਏ., ਐਮ ਫਿਲ, ਪੀਐਚਡੀ, ਨੈੱਟ.... ਕਿੰਨਾ ਕੁਝ ਕਰਨਾ ਪਊ। ਅੱਠ ਦਸ ਸਾਲ ਲੱਗਣਗੇ।

ਐਂ ਤਾਂ ਫੇਰ ਰਿਪੋਰਟ ਨਿੱਲ ਐ। ...ਕਰੀਏ ਵਿਆਹ?

ਨਹੀਂ ਕਮਲਾ... ਮੇਰੀ ਸਲਾਹ ਐ, ਇੱਕ ਤਾਂ ਲਾਜੋ ਭਰੇ ਨੌਕਰੀਆਂ ਦੇ ਫਾਰਮ, ਦੂਜਾ ਬੈਂਕਾਂ ਦੇ ਟੈਸਟਾਂ ਦੀ ਤਿਆਰੀ ਕਰੇ, ਇਥੇ ਰਹਿ ਕੇ

ਸਾਰਾ ਛੱਡੋ, ਮੇਰੀ ਮੰਨੋ। ਵਿਆਹ ਕਰ ਦਿੰਨੇ ਆਂ, ਕੋਈ ਚੰਗਾ ਜਿਆ ਘਰ ਭਾਲ ਕੇ। ਕੋਈ ਕਾਰੋਬਾਰੀ ਸੇਠ ਸ਼ਾਹੂਕਾਰ ਮੁੰਡਾ ਲੱਭ ਲੈਨੇ ਆਂ। ਕੀ ਪਿਆ ਨੌਕਰੀਆਂ 'ਚ।

ਗੱਲ ਤਾਂ ਭੈਣਜੀ ਦੀ ਠੀਕ ਹੈ... ਸੱਤਪਾਲ ਦੀ ਮੰਮੀ ਦੀ। ਸ਼ੀਲਾਵੰਤੀ ਬੋਲੀ।

ਹਾਂ ਸ਼ੀਲਾ ਭੈਣ ਜੀ, ਚਲੋ ਮੇਰੇ ਨਾਲ ਪੰਡਤ ਦੇ ਲਵਾਈਏ ਟੇਵਾ ਵਿਆਹ ਦਾ।ਐਂ ਮਾਰਦੇ ਰੇਖ 'ਚ ਮੇਖ।ਪੱਤਰੀ ਵੀ ਵੇਂਹਦੇ, ਨਾਲੇ ਕੰਪਿਊਟਰ ਵੀ ਵੇਖਦੈ। ਹਸਤ ਰੇਖਾਵਾਂ ਵੀ ਵੇਖਦੈ, ਜੋਤਿਸ਼ ਦਾ ਵੀ ਗਿਆਨ ਐ। ਪੂਰਾ ਜਾਣਕਾਰ ਪੰਡਿਤ ਐ ਰਘੂਨਾਥ। ਸੱਤਪਾਲ ਦੀ ਮਾਂ ਨੇ ਗੱਲ ਮੁਕਾ ਦਿੱਤੀ। ਗੱਲ ਮੁੱਕੀ ਕਿੱਥੇ ਸੀ, ਗੱਲ ਤਾਂ ਧੁਖਣ ਲੱਗ ਪਈ ਸੀ।

ਇਸ ਧੁਖ ਧੁਖਾਈ ਚ ਲਾਜਵੰਤੀ ਬੈਂਕ ਦਾ ਟੈਸਟ ਪਾਸ ਨਾ ਕਰ ਸਕੀ। ਮਾਂ ਨੇ ਪੁੱਤ ਨਾਲ ਗੱਲ ਕੀਤੀ। ਪੁੱਤ ਨੇ ਪਤਨੀ ਨੂੰ ਮਨਾਇਆ। ਕਮਲਾਵੰਤੀ ਨੇ ਲਾਜੋ ਨੂੰ ਤਿਆਰ ਕੀਤਾ। ਆਖਰ ਉਹ ਲਾਜੋ ਨੂੰ ਪੰਡਿਤ ਰਘੂਨਾਥ ਦੇ ਜੋਤਿਸ਼ ਕੇਂਦਰ ਲੈ ਗਏ। ਰਘੂਨਾਥ ਦਾ ਜੋਤਿਸ਼ ਕੇਂਦਰ ਨਈ ਬਸਤੀ ਦੀ ਗਲੀ ਨੰਬਰ ਛੇ 'ਚ ਸੀ, ਜੋ ਗਲੀ ਨਹੀਂ ਸੀ ਰਹੀ, ਬਾਜ਼ਾਰ ਬਣ ਗਿਆ ਸੀ। ਕੇਂਦਰ ਆਲੀਸ਼ਾਨ ਬਣਿਆ ਹੋਇਆ ਸੀ। ਅੱਗੇ ਵੇਟਿੰਗ ਹਾਲ। ਅੱਗੇ ਇੱਕ ਦਫਤਰ ਜਿਸ ਵਿੱਚ ਕੰਪਿਊਟਰਾਂ ਤੇ ਦੋ ਜਣੇ ਬੈਠਦੇ। ਇੱਥੇ ਮਰੀਜ਼ ਦੀ ਮੁਢਲੀ ਪੁੱਛ ਪੜਤਾਲ ਬਾਅਦ ਫੀਸ ਜਮਾ ਕਰਾ ਲੈਂਦੇ। ਕੇਸ ਹਿਸਟਰੀ ਪੁੱਛ ਲਿਖ ਲੈਂਦੇ। ਜਦੋਂ ਸਾਰੀ ਪੁੱਛ ਗਿੱਛ ਕਰ ਲੈਂਦੇ ਫਿਰ ਜੋਤਸ਼ੀ ਕੋਲ ਭੇਜਦੇ।

"ਹਾਂ ਲੜਕੀ ਬੋਲ ਬਾਬਾ" ਪੈਂਤੀ-ਚਾਲੀ ਸਾਲ ਦਾ ਸਿਹਤਮੰਦ ਸੁੰਦਰ ਨੌਜਵਾਨ ਸੀ। ਉਹ ਭਗਵੇਂ ਬਾਣੇ ਵਿੱਚ ਰਿਸ਼ੀ-ਰਾਜ ਕੁਮਾਰ ਲੱਗਦਾ ਸੀ।

ਬਾਬਾ ਜੀ ਤੁਸੀਂ ਤਾਂ ਜਾਣੀ ਜਾਣ ਹੋ। ਅਸੀਂ ਤਾਂ ਲੜਕੀ ਦਾ ਭਵਿੱਛ ਪੁੱਛਣ ਆਏ ਹਾਂ ਸੱਤਪਾਲ ਦੀ ਮਾਂ ਨੇ ਦੋਵੇਂ ਹੱਥ ਜੋੜੇ ਹੋਏ ਸਨ।

ਮਾਤਾ ਭਵਿੱਸ਼ ਮੇਂ ਤੋ ਬਹੁਤ ਕੁਛ ਆ ਗਿਆ।

ਬਾਬਾ ਇਸ ਲੜਕੀ ਨੇ ਬੈਂਕ ਕਾ ਟੈਸਟ ਦੀਆ ਥਾ, ਫੇਲ੍ਹ ਹੋ ਗਈ। ਨਿਰਾਸ਼ ਔਰ ਉਦਾਸ ਰਹਿੰਦੀ ਹੈ। ਕੋਈ ਉਪਾਅ ਬਤਾਓ। ਇਸ ਕੀ ਸ਼ਾਦੀ ਭੀ ਕਰਨੀ ਹੈ, ਵਿਚਾਰੀ ਲਾਜੋ ਕੀ।

ਪੰਡਿਤ ਨੇ ਆਪਣਾ ਕੰਪਿਊਟਰ ਖੋਲ੍ਹਿਆ। ਪੱਤਰੀ ਦੇ ਪੱਤਰੇ ਫਰੋਲੇ। ਹੱਥ ਦੀਆਂ ਰੇਖਾਵਾਂ ਵੇਖੀਆਂ। ਉਹ ਕਦੇ ਸਕਰੀਨ ਵੇਖਦਾ, ਕਦੇ ਵਰਕੇ ਪਲਟਦਾ, ਕਦੇ ਨਿਗਾਹਾਂ ਹੱਥ 'ਤੇ ਗੱਡ ਦਿੰਦਾ। ਲਾਜੋ ਦੀਆਂ ਸੱਜੇ ਹੱਥ ਦੀਆਂ ਉਂਗਲਾਂ ਦੇ ਪੋਟੇ ਉਸ ਆਪਣੇ ਹੱਥ ਨਾਲ ਪੋਲੇ ਜਿਹੇ ਫੜੇ ਹੋਏ ਸਨ। ਬਾਬਾ ਤੋੜ ਲੱਗੀ ਵਾਲਿਆਂ ਵਾਂਗ ਉਬਾਸੀ ਲੈਂਦਾ। ਅੱਖਾਂ ਬੰਦ ਕਰਦਾ.. ਅਖੀਰ ਕਹਿਣ ਲੱਗਾ, "ਇਸ ਲੜਕੀ ਕੇ ਗ੍ਰਹਿ ਔਰ ਨਛੱਤਰ, ਭਾਗਯ ਕੀ ਕੁੰਡਲੀ, ਹਸਤ ਰੇਖਾਏਂ ਵੇਖਣੇ ਕੇ ਬਾਅਦ ਇਨਕੀ ਕਿਸਮਤ ਕਾ ਪ੍ਰਿੰਟ ਅੱਛਾ ਨਹੀਂ ਹੈ। ਇਸ ਕੇ ਭਾਗਯ ਪਰ ਅਭੀ ਸ਼ਨਿਛਰ ਭਾਰੀ ਹੈ। ਨੌਕਰੀ ਕਾ ਯੋਗ ਭੀ ਆਗੇ ਜਾ ਕੇ ਬਨਤਾ ਹੈ। ਇਸ ਕੇ ਲੀਏ ਇਸੇ ਪਰਿਸ਼ਰਮ ਔਰ ਪਰਿਆਸ ਕਰਨੇ ਪੜੇਂਗੇ। ਪਰਿਸ਼ਰਮ ਭਾਵ ਹਾਰਡ ਵਰਕ, ...ਸਫਲਤਾ ਮਿਲ ਸਕਤੀ ਹੈ। ਲੇਕਿਨ ਸ਼ਾਦੀ... ਕਿਆ ਨਾਮ ਹੈ ਲੜਕੀ ਕਾ...।

ਪੰਡਿਤ ਰੁਕਿਆ। ਟੱਬਰ ਦੇ ਜੀਆਂ ਵੱਲ ਵੇਖਣ ਲੱਗਾ ਉਹ ਪ੍ਰਭਾਵ ਜਾਂਚ ਰਿਹਾ ਸੀ। ਉਹ ਸਾਰੇ ਇੱਕ ਟੱਕ ਪੰਡਿਤ ਵੱਲ ਵੇਖ ਰਹੇ ਸਨ। ਜਿਵੇਂ ਨੀਂਦ ਚ ਪਏ ਬੰਦੇ ਦੀਆਂ ਅੱਖਾਂ ਖੁੱਲ੍ਹੀਆਂ ਰਹਿ ਗਈਆਂ ਹੋਣ। ਪੰਡਿਤ ਨੇ ਫਿਰ ਨਾਮ ਪੁੱਛਿਆ ਤਾਂ ਉਹ ਸਾਰੇ ਉਭੜਵਾਹੇ ਬੋਲੇ, "ਜੀ ਲਾਜੋ... ਲਾਜਵੰਤੀ।"

"ਸੇਵਕ-ਜਨ ਸੁਨੋ... ਸ਼ਾਦੀ ਕੇ ਦੋ ਗ੍ਰਹਿ ਹੋਤੇ ਹੈਂ। ਏਕ ਗ੍ਰਹਿ ਐਸੀ ਕੰਡੀਸ਼ਨ ਪੈਦਾ ਕਰਤਾ ਹੈ ਜਿਸ ਮੇਂ ਵਿਅਕਤੀ ਕਾ ਮਨ ਵਿਆਹ ਕੇ ਪ੍ਰਤੀ ਜਾਤਾ ਹੀ ਨਹੀਂ। ਦੂਸਰੇ ਮੇਂ ਪ੍ਰਾਣੀ ਕਾ ਰੁਝਾਨ ਹੋਤਾ ਹੈ... ਸ਼ਾਦੀ ਵਿਆਹ ਹੋ, ਪਰਿਵਾਰਕ ਜੀਵਨ ਹੋ, ਘਰ ਗ੍ਰਸਤੀ ਹੋ, ਪਰ ਗ੍ਰਹਿ ਕੀ ਪ੍ਰਸਥਿਤੀਆਂ ਉਲਟ ਦਿਸ਼ਾ ਮੇਂ ਹੋਤੀ ਹੈਂ... ਜੈਸੇ ਬੇਟੀ ਲਾਜਵੰਤੀ ਕੀ ਪ੍ਰਸਥਿਤੀਆਂ ਸਹੀ ਦਿਸ਼ਾ ਮੇਂ ਨਹੀਂ ਹੈਂ।

ਪੰਡਿਤ ਨੇ ਰੁਕ ਕੇ ਆਸੇ ਪਾਸੇ ਵੇਖਿਆ ਤੇ ਫਿਰ ਕਹਿਣਾ ਜਾਰੀ ਰੱਖਿਆ, ਤਿਥੀ ਕਾ ਸਵਾਮੀ ਹਰ ਪ੍ਰਾਣੀ ਕੇ ਲੀਏ ਵਿਵਾਹ ਚਲਾਤਾ ਹੈ, ਜਿਸ ਤਿਥੀ ਮੇਂ ਮਨੁੱਸ਼ ਪੈਦਾ ਹੂਆ ਹੈ ਉਸਕਾ ਜੋ ਸਵਾਮੀ ਗ੍ਰਹਿ ਹੋਗਾ ਵੋ ਕੰਟਰੋਲਰ ਹੋਗਾ। ਵਿਵਾਹ ਸ਼ਾਦੀ ਕੇ ਲੀਏ ਜਿੰਮੇਵਾਰ। ਜੇ ਤਿਥੀ ਕਾ ਸੁਆਮੀ ਗ੍ਰਹਿ ਦੋਸ਼ ਬਨਾ ਦੇ ਤੋ ਸ਼ਾਦੀ ਵਿਵਾਹ ਕੇ ਲੀਏ ਅੱਛੀ ਕੰਡੀਸ਼ਨ ਨਹੀਂ ਮਾਨੀ ਜਾਤੀ। ਇਸ ਗ੍ਰਹਿ ਦੋਸ਼ ਮੇਂ ਮੈਰਿਜ ਹੋ ਭੀ ਜਾਏ ਤੋ ਸਫਲ ਨਹੀਂ ਹੋਗੀ।

ਬੇਟੀ ਲਾਜਵੰਤੀ ਕੇ ਲਗਨ ਔਰ ਕੁੰਡਲੀ ਦੋਨੋਂ ਮੇਂ ਸ਼ਨੀ ਗੁਰੂ ਕੇਤੂ ਕਾ ਪ੍ਰਭਾਵ ਬਹੁਤ ਅਧਿਕ ਹੈ ਔਰ ਬਾਰਵੇਂ ਭਾਓ ਕਾ ਪ੍ਰਭਾਵ ਬਹੁਤ ਸਟਰੋਂਗ ਹੈ। ਮੰਗਲ ਦੋਸ਼ ਭੀ ਜਬਰਦਸਤ ਹੈ। ਸਹੀ ਵਿਵਾਹ ਕੋ ਕਾਟ ਰਹੇ ਹੈਂ। ਇਸੀ ਲੀਏ ਇਸ ਕੇ ਵਿਆਹ ਉਪਰੰਤ ਪਤੀ ਕੀ ਮ੍ਰਿਤਯੂ ਅਵਸ਼ ਹੋਗੀ।

ਜੋਤਸ਼ੀ ਨੇ ਬੋਲਣਾ ਬੰਦ ਕੀਤਾ। ਸੁਣਕੇ ਉਨ੍ਹਾਂ ਸਾਰਿਆਂ ਦੇ ਦੰਦ ਜੁੜ ਗਏ। ਉਨ੍ਹਾਂ ਨੂੰ ਜੋਤਿਸ਼ ਕੇਂਦਰ ਚੋਂ ਉੱਠ ਕੇ ਆਉਣਾ ਦੁੱਭਰ ਹੋ ਗਿਆ। ਲਾਜਵੰਤੀ ਦਾ ਤਾਂ ਸਾਰਾ ਸਰੀਰ ਹੀ ਮਿੱਟੀ ਹੋਇਆ ਪਿਆ ਸੀ। ਉਹ ਤੁਰ ਰਹੀ ਸੀ ਪਰ ਨਹੀਂ ਸੀ ਪਤਾ ਕਿ ਤੁਰ ਰਹੀ ਹੈ। ਘਰ ਆ ਗਈ ਸੀ ਪਰ ਨਹੀਂ ਸੀ ਪਤਾ ਘਰ ਆ ਗਈ ਹੈ। ਰਾਤ ਪਈ ਦਿਨ ਚੜ੍ਹਿਆ। ਉਸ ਨਾ ਰੋਟੀ ਖਾਧੀ ਨਾ ਚਾਹ ਪਾਣੀ ਪੀਤਾ। ਦੋ ਤਿੰਨ ਦਿਨ ਐਂ ਹੀ ਲੰਘੇ। ਸ਼ੀਲਾ ਉਸਨੂੰ ਲੈ ਕੇ ਪਿੰਡ ਆ ਗਈ।

ਪਿੰਡ ਆ ਕੇ ਉਸ ਦਾ ਹੋਰ ਬੁਰਾ ਹਾਲ ਹੋ ਗਿਆ। ਲਾਜੋ ਨੇ ਬੋਲਣਾ, ਹੱਸਣਾ, ਨਹਾਉਣਾ, ਪੜ੍ਹਨਾ, ਕੰਮ ਕਾਰ ਸਭ ਛੱਡ ਦਿੱਤਾ। ਮਾਂ ਖਾਣ ਨੂੰ ਦਿੰਦੀ, ਖਾ ਲੈਂਦੀ। ਕੁਝ ਪੀਣ ਨੂੰ ਦਿੰਦੇ, ਪੀ ਲੈਂਦੀ। ਨਾ ਆਪ ਮੰਗਦੀ, ਨਾ ਖਾਣ ਪੀਣ ਤੋਂ ਜਵਾਬ ਦਿੰਦੀ। ਪਈ ਹੋਈ ਛੱਤ ਵੱਲ ਮੁਤਰ ਮੁਤਰ ਝਾਕੀ ਜਾਂਦੀ। ਜੇ ਕੋਈ ਬੁਲਾਉਂਦਾ, ਬੋਲਦੀ ਨਾ। ਦੁੱਖ ਪੁੱਛਦਾ.. 'ਕੋਈ ਨਹੀਂ' ਕਹਿ ਛੱਡਦੀ। ਜੇ ਕੋਈ ਬਹੁਤੀ ਪੁੱਛ ਦੱਸ ਕਰਦਾ, ਜਿਦ ਕਰਦਾ ਤਾਂ ਰੋਣ ਲੱਗ ਪੈਂਦੀ। ਹਟਕੋਰੇ ਭਰਦੀ। ਅੱਖਾਂ ਚੋਂ ਪਰਲ ਪਰਲ ਪਾਣੀ ਸੁੱਟੀ ਜਾਂਦੀ। ਨੀਂਦ ਨਾ ਆਉਂਦੀ। ਜੇ ਕਿਤੇ ਅੱਖ ਲੱਗਦੀ ਤਾਂ ਬਲਦਾ ਸਿਵਾ ਦਿਸਦਾ। ਖਿਲਰਿਆ ਸੰਧੂਰ ਦਿਸਦਾ। ਟੁੱਟੀਆਂ ਵੰਗਾਂ ਦੇ ਢੇਰ ਨਜ਼ਰੀਂ ਪੈਂਦੇ। ਭੜੱਕ ਨੀਂਦ ਖੁੱਲ੍ਹ ਜਾਂਦੀ। ਮਨ ਵਿਚਲਿਤ ਹੋ ਜਾਂਦਾ। ਹੰਝੂ ਹਟਕੋਰੇ ਤੇਜ ਹੋ ਜਾਂਦੇ।

ਸ਼ੀਲਾ ਤੇ ਕਾਲਾ ਉਸਨੂੰ ਡਾਕਟਰਾਂ ਦੇ ਲੈ ਕੇ ਗਏ। ਡਿਪਰੈਸ਼ਨ, ਟੈਨਸ਼ਨ ਦੀਆਂ ਦਵਾਈਆਂ ਦਿੱਤੀਆਂ। ਨਸ਼ੇ ਦੀ ਡੋਜ ਵਧਾ ਵਧਾ ਕੇ ਦਿੱਤੀ। ਸਿਆਣਿਆਂ ਤੋਂ ਪੁੱਛਾਂ ਲਈਆਂ। ਬਾਬਿਆਂ ਤੋਂ ਹਥੌਲੇ ਪਵਾਏ। ਚੇਲਿਆਂ ਸਾਧਾਂ ਤੋਂ ਧਾਗੇ ਤਵੀਤ ਕਰਾਏ। ਟੂਣੇ ਕੀਤੇ। ਢਾਲੇ ਲਾਹੇ। ਮਾਤਾ ਰਾਣੀ ਦੀਆਂ ਕੜਾਹੀਆਂ ਕੀਤੀਆਂ। ਵਡਭਾਗ ਦੇ ਡੇਰੇ ਵੀ ਗਏ। ਪਰ ਕਿਤੋਂ ਕੋਈ ਫਾਇਦਾ ਨਾ ਹੋਇਆ। ਛੈਲ ਛਬੀਲੀ ਮੁਟਿਆਰ ਲਾਜੋ ਸੁੱਕ ਕੇ ਪਿੰਜਰ ਬਣ ਗਈ।

ਕਈ ਮਹੀਨੇ ਬੀਤਣ ਬਾਅਦ ਸੱਤਪਾਲ ਦੀ ਮਾਂ ਉਨ੍ਹਾਂ ਸਾਰਿਆਂ ਨੂੰ ਫੇਰ ਉਸੇ ਜੋਤਿਸ਼ ਕੇਂਦਰ ਲੈ ਗਈ। ਛੇ ਸੱਤ ਜਣਿਆਂ ਨਾਲ ਆਈ ਕੁੜੀ ਦੀ ਹਾਲਤ ਵੇਖ ਪੰਡਿਤ ਇੱਕ ਵਾਰ ਤਾਂ ਭਵੰਤਰ ਗਿਆ। ਉਸ ਪੈਂਤਰਾ ਬਦਲਿਆ।

"ਆਪ ਨੇ ਉਪਾਏ ਤੋ ਪੂਛਾ ਹੀ ਨਹੀਂ। ਬਹੁਤ ਅੱਛਾ ਉਪਾਏ ਹੈ ਇਸ ਕਾ ਮੇਰੇ ਪਾਸ...। ਸਿਰਫ ਇੱਕੀਸ ਹਜਾਰ ਰੁਪਏ ਲਗੇਗੇਂ। ਕਸ਼ਟ ਕਟ ਜਾਏਗਾ।"

"ਬਤਾਓ ਬਾਬਾ ਉਪਾਏ, ਜਲਦੀ ਕਰੋ।" ਉਹ ਲਗਭਗ ਸਾਰੇ ਹੀ ਬੋਲ ਪਏ।

"ਐਸੇ ਕਰੋ... ਕੰਨਿਆ ਕੋ ਸਾਤ ਦਿਨ ਕੱਚੀ ਲੱਸੀ ਸੇ ਨਹਿਲਾਓ। ਏਕ ਬਾਲਟੀ ਮੇਂ ਏਕ ਕੱਪ ਦੂਧ ਡਾਲ ਲੋ। ਬੀਚ ਸਾਤ ਪੱਤੇ ਤੁਲਸੀ ਕੇ ਗੇਰ ਲੋ। ਆਠਵੇਂ ਦਿਨ, ਸ਼ਨੀਵਾਰ ਕੇ ਦਿਨ ਯਹਾਂ ਲੇ ਆਓ। ਯਹਾਂ ਇਸਕੀ ਸ਼ਾਦੀ ਤੁਲਸੀ ਕੇ ਬੂਟੇ ਸੇ ਕਰ ਦੇਂਗੇ। ਇੱਕੀਸ ਦਿਨ ਮੇਂ ਬੂਟਾ ਸੂਖ ਜਾਏਗਾ ਔਰ ਇਸਕਾ ਕਸ਼ਟ ਨਿਵਾਰਨ ਹੋ ਜਾਏਗਾ।"

ਪੰਡਿਤ ਰੁਕਿਆ। ਆਪਣੇ ਉਪਾਅ ਦਾ ਅਸਰ ਭਗਤਾਂ 'ਤੇ ਵੇਖਣ ਲੱਗਾ।

"ਗਿਆਰਾਂ ਹਜਾਰ ਜਮ੍ਹਾਂ ਕਰਾ ਜਾਓ। ਦਸ ਹਜਾਰ ਸ਼ਾਦੀ ਕੇ ਦਿਨ ਲੇਂਗੇ।

ਉਹ ਸਾਰੇ ਔਸਾਨ ਮਾਰੇ ਹੋਇਆਂ ਵਾਂਗ ਬੈਠੇ ਸਨ। ਆਖਰਕਾਰ ਕਾਲਾ ਬੋਲਿਆ, "ਸੋਚ ਕੇ ਦੱਸਦੇ ਹਾਂ।"

"ਇਸ ਮੇਂ ਸੋਚਨੇ ਕੀ ਕਿਆ ਬਾਤ ਐ। ਉਪਾਏ ਕਰਾਓ। ਤੁਲਸੀ ਕਾ ਬੂਟਾ ਜੇ ਘਰ ਮੇਂ ਨਹੀਂ ਤੋ ਨਰਸਰੀ ਸੇ ਲੇ ਲਓ।"

ਸਭ ਤੋਂ ਪਹਿਲਾਂ ਕਾਲਾ ਉੱਠਿਆ, ਫਿਰ ਕਮਲਾਵੰਤੀ। ਫਿਰ ਸਾਰੇ ਉੱਠ ਖੜ੍ਹੇ ਹੋਏ। ਉਹ ਜੋਤਿਸ਼ ਕੇਂਦਰ ਤੋਂ ਬਾਹਰ ਆ ਗਏ। ਸੱਤਪਾਲ ਕੇ ਘਰ ਜਾਣ ਉਪਰੰਤ ਉਹ ਤਿੰਨੇ ਕਾਲਾ, ਸ਼ੀਲਾ ਅਤੇ ਲਾਜਵੰਤੀ ਪਿੰਡ ਜਾਣ ਲਈ ਬੱਸ ਸਟੈਂਡ ਤੇ ਆ ਗਏ। ਉਹ ਅਜੇ ਪਿੰਡ ਵਾਲੀ ਬੱਸ ਚੜ੍ਹੇ ਨਹੀਂ ਸਨ ਕਿ ਕਿਸੇ ਸਮੇਂ ਲਾਜਵੰਤੀ ਦਾ ਕਲਾਸ ਫੈਲੋ ਰਿਹਾ ਆਦਰਸ਼ ਪਾਲ ਮਿਲ ਗਿਆ। ਉਹ ਲਾਜਵੰਤੀ ਦੀ ਹਾਲਤ ਵੇਖ ਠਠੰਬਰ ਗਿਆ। ਕੁਝ ਚਿਰ ਬਾਅਦ ਉਹ ਸੰਭਲਿਆ ਅਤੇ ਨਮਸਤੇ ਜਾ ਬੁਲਾਈ।

"ਅੰਕਲ ਜੀ ਮੈਂ ਲਾਜਵੰਤੀ ਦਾ ਕਲਾਸ ਫੈਲੋ ਸੀ।

ਆਦਰਸ਼ ਨਾਮ ਹੈ ਮੇਰਾ...। ਆਹ ਕੀ ਹੋ ਗਿਆ ਲਾਜਵੰਤੀ ਨੂੰ?"

"ਕੀ ਦੱਸੀਏ ਭਾਈ..." ਦੋਵਾਂ ਪਤੀ ਪਤਨੀ ਨੇ ਸਭ ਕੁਝ ਦੱਸ ਦਿੱਤਾ। ਸੁਣ ਕੇ ਆਦਰਸ਼ ਡਾਢਾ ਦੁਖੀ ਹੁੰਦਾ ਬੋਲਿਆ, "ਅੰਕਲ ਜੀ ਇੱਕ ਸਲਾਹ ਦੇਵਾਂ, ਜੇ ਮੰਨੋਗੇ ਤਾਂ।"

"ਦੱਸ ਭਾਈ, ਜੇ ਮੰਨਣ ਵਾਲੀ ਹੋਈ ਤਾਂ ਮੰਨਾਂਗੇ ਵੀ, ਤੂੰ ਦੱਸ।"

ਫਿਰ ਆਦਰਸ਼ ਪਾਲ ਕਹਿਣ ਲੱਗਾ,"ਇੱਥੇ ਈ... ਇਸੇ ਸ਼ਹਿਰ 'ਚ ਤਰਕਸ਼ੀਲਾਂ ਦਾ ਮਸ਼ਵਰਾ ਕੇਂਦਰ ਹੈ। ਉਥੇ ਇਸ ਤਰ੍ਹਾਂ ਦੇ ਮਾਨਸਿਕ ਤੌਰ ਤੇ ਪ੍ਰੇਸ਼ਾਨ ਮਰੀਜ਼ਾਂ ਦਾ ਵਿਗਿਆਨਕ ਤਰੀਕੇ ਨਾਲ ਇਲਾਜ ਕੀਤਾ ਜਾਂਦਾ ਹੈ।"

"ਸੁਣਿਆ ਤਾਂ ਮੈਂ ਵੀ ਐ...।" ਕਾਲੇ ਨੇ ਕਿਹਾ।

"ਉਥੇ ਵੀ ਜਾ ਆਵਾਂਗੇ ਦੁਖੀਏ ਨੂੰ ਕੂੜ ਪਿਆਰਾ।" ਸ਼ੀਲਾਵੰਤੀ ਨੇ ਹਾਮੀ ਭਰ ਦਿੱਤੀ।

ਤੀਜੇ ਦਿਨ ਉਹ ਮਸ਼ਵਰਾ ਕੇਂਦਰ ਸਨ। ਵਿਗਿਆਨਕ ਚੇਤਨਾ ਕੇਂਦਰ ਦੀ ਲਾਲ ਫਲੈਕਸ ਉਨ੍ਹਾਂ ਦੀਆਂ ਅੱਖਾਂ ਸਹਿਲਾ ਰਹੀ ਸੀ। ਤਰਕਸ਼ੀਲ ਸੋਸਾਇਟੀ ਦੇ ਆਗੂ ਉੱਥੇ ਹਾਜ਼ਰ ਸਨ। ਜਿਸ ਕਮਰੇ 'ਚ ਉਨ੍ਹਾਂ ਨੂੰ ਬਹਾਇਆ ਗਿਆ ਉਹ ਕਿਤਾਬਾਂ ਨਾਲ ਭਰਿਆ ਹੋਇਆ ਸੀ। ਕੰਧਾਂ ਦੇ ਨਾਲ ਫਰਸ਼ ਤੋਂ ਛੱਤ ਤੱਕ ਕਿਤਾਬਾਂ ਦੇ ਰੈਕ ਸਨ। ਇੱਕ ਬਜ਼ੁਰਗ ਕਾਊਂਟਰ ਤੇ ਬੈਠਾ ਕੁਛ ਲਿਖ ਰਿਹਾ ਸੀ। ਉਹ ਹੌਲੀ ਹੌਲੀ ਉੱਠਿਆ, ਪਾਣੀ ਦੇ ਤਿੰਨ ਗਿਲਾਸ ਉਨ੍ਹਾਂ ਨੂੰ ਫੜਾ ਗਿਆ। ਉਹ ਕਮਰੇ 'ਚੋਂ ਨਿਕਲਿਆ ਤੇ ਕੁਝ ਚਿਰ ਬਾਅਦ ਹੀ ਮੁੜ ਆਇਆ।

"ਆਓ ਬੀਬੀ, ਮਸ਼ਵਰਾ ਰੂਮ 'ਚ ਆਓ।" ਉਹ ਤਿੰਨੇ ਉੱਠੇ ਤੇ ਉਸ ਬਾਬੇ ਦੇ ਪਿੱਛੇ ਪਿੱਛੇ ਦੂਜੇ ਕਮਰੇ 'ਚ ਚਲੇ ਗਏ। ਮਸ਼ਵਰਾ ਕੇਂਦਰ ਵਿੱਚ ਦੋ ਜਣੇ ਬੈਠੇ ਸਨ। ਇੱਕ ਕੱਟੇ ਵਾਲਾਂ ਵਾਲਾ 30-35 ਸਾਲਾਂ ਦਾ ਨੌਜਵਾਨ, ਦੂਜਾ ਸੱਠ ਕੁ ਸਾਲ ਦਾ ਪਰ ਫੁਰਤੀਲਾ ਬੰਦਾ। ਉਨ੍ਹਾਂ ਦੋਵਾਂ ਨੇ ਸਾਰੀ ਕੇਸ ਹਿਸਟਰੀ ਸੁਣੀ। ਖਾਸ ਤੌਰ 'ਤੇ ਜਿੱਥੋਂ ਬਿਮਾਰੀ ਸ਼ੁਰੂ ਹੋਈ ਸੀ ਵਾਰ-ਵਾਰ ਪੁੱਛਿਆ। ਕਾਲੇ, ਸ਼ੀਲਾਵੰਤੀ ਤੇ ਲਾਜੋ ਤੋਂ 'ਕੱਲੇ 'ਕੱਲੇ ਤੋਂ ਸੁਣਿਆ। ਜੇ ਕੋਈ ਦੂਜਾ ਬੋਲਦਾ ਤਾਂ ਉਸਨੂੰ ਟੋਕ ਦਿੰਦੇ, "ਤੂੰ ਨਾ ਬੋਲ ਭਾਈ, ਇਹਨੂੰ ਦੱਸਣ ਦੇ।"

ਦੰਦਾਂ ਦੇ ਡਾਕਟਰ ਵਰਗੀ ਇਲਾਜ ਕੁਰਸੀ ਤੇ ਲਾਜਵੰਤੀ ਨੂੰ ਲਿਟਾ ਕੇ ਹਿੱਪਨੋਟਾਈਜ਼ ਕੀਤਾ। ਸੰਮੋਹਨ ਨੀਂਦ ਵਿੱਚ ਉਸਨੂੰ ਸਵਾਲ ਕੀਤੇ। ਜਵਾਬ ਕਢਾਏ। ਹਦਾਇਤਾਂ ਦਿੱਤੀਆਂ। ਅਖੀਰ ਤਿੰਨਾਂ ਨੂੰ ਬਿਠਾ ਲਿਆ ਤੇ ਕਿਹਾ।

"ਹਾਂ ਭਾਈ... ਧਿਆਨ ਨਾਲ ਸੁਣੋ ਇਹ ਅੰਧ-ਵਿਸ਼ਵਾਸ ਹੈ, ਜੋ ਬਾਬੇ ਨੇ ਤੁਹਾਨੂੰ ਦੱਸਿਆ ਹੈ। ਜਿਸ 'ਤੇ ਯਕੀਨ ਕਰਕੇ ਤੁਸੀਂ ਬਿਮਾਰੀ ਤੋਂ ਬਿਨਾਂ ਹੀ ਰੋਗ ਸਹੇੜ ਲਿਆ ਹੈ। ਕੁਦਰਤੀ ਵਰਤਾਰਿਆਂ ਬਾਰੇ ਪੂਰਾ ਗਿਆਨ ਨਾ ਹੋਣ ਕਰਕੇ, ਜ਼ਿੰਦਗੀ ਦੀਆਂ ਦੁਸ਼ਵਾਰੀਆਂ ਦੀ ਸਹੀ ਸਮਝ ਨਾ ਹੋਣ ਕਾਰਨ, ਇਹ ਅੰਧ-ਵਿਸ਼ਵਾਸ ਜਨਮ ਲੈਂਦੇ ਹਨ। ਇਸ ਵਹਿਮ ਭਰਮ ਦਾ ਫਾਇਦਾ ਇਹ ਅਖੌਤੀ ਸਿਆਣੇ, ਜੋਤਸ਼ੀ, ਪਖੰਡੀ ਬਾਬੇ ਉਠਾਉਂਦੇ ਹਨ। ਜੀਵਨ ਦੇ ਮਾਨਸਿਕ ਤਣਾਅ ਨੂੰ ਵਿਗਿਆਨਕ ਤਰੀਕਿਆਂ, ਕੌਂਸਲਿੰਗ ਅਤੇ ਦਵਾਈਆਂ ਨਾਲ ਹੱਲ ਕਰਨ ਦੀ ਬਜਾਏ ਭੂਤਾਂ-ਪ੍ਰੇਤਾਂ, ਆਤਮਾਵਾਂ, ਗ੍ਰਹਿਆਂ ਦਾ ਭਰਮ ਸਿਰਜਕੇ ਆਰਥਿਕ ਲੁੱਟ ਕਰਦੇ ਹਨ।"

ਫਿਰ ਨਾਲ ਦਾ ਨੌਜਵਾਨ ਕਹਿਣ ਲੱਗਾ, "ਭੈਣ ਮੇਰੀਏ, ਤੈਨੂੰ ਕੋਈ ਬਿਮਾਰੀ ਨਹੀਂ। ਪਖੰਡੀ ਪੰਡਿਤ ਨੇ ਪਤੀ ਮਰ ਜਾਣ ਦਾ ਝੂਠਾ ਡਰ ਪਾਇਆ। ਫਿਰ ਤੁਲਸੀ ਦੇ ਬੂਟੇ ਨਾਲ ਵਿਆਹ ਕਰਨ ਦਾ ਗੈਰ-ਵਿਗਿਆਨਕ, ਗੈਰ-ਸਮਾਜਿਕ, ਗੈਰ-ਮਾਨਵੀ ਉਪਾਅ ਦੱਸਿਆ। 21000 ਰੁਪਏ ਮੰਗੇ...। ਉਸਦਾ ਮਨੋਰਥ ਡਰਾ ਕੇ ਪੈਸੇ ਬਟੋਰਨਾ ਸੀ। ਕੋਈ ਦਵਾਈ ਨਹੀਂ, ਕੋਈ ਮੈਡੀਟੇਸ਼ਨ ਨਹੀਂ, ਖੁਸ਼ ਰਹਿ, ਮਨ 'ਚੋਂ ਭਰਮ ਕੱਢ। ਮੈਂ ਤੈਨੂੰ ਆਹ ਕਿਤਾਬ ਦਿੰਨਾਂ 'ਜੋਤਿਸ਼ ਝੂਠ ਬੋਲਦਾ ਹੈ।' ਇਹ ਪੜ੍ਹੀਂ, ਜੇ ਸਮਝ ਨਾ ਆਵੇ ਵਾਰ ਵਾਰ ਪੜ੍ਹੀਂ। ਫੇਰ ਗੱਲ ਕਰਾਂਗੇ ਪੰਦਰਾਂ ਦਿਨਾਂ ਬਾਅਦ।"

ਘਰ ਜਾ ਕੇ ਲਾਜਵੰਤੀ ਨੇ ਕਿਤਾਬ ਦੋ ਤਿੰਨ ਵਾਰ ਪੜ੍ਹੀ। ਖਾਸ ਗੱਲਾਂ, ਡੂੰਘੇ ਵਿਚਾਰਾਂ ਅਤੇ ਤਰਕਸ਼ੀਲ ਵਿਗਿਆਨਕ ਫਲਸਫ਼ੇ ਨੂੰ ਉਸ ਹਾਈਲਾਈਟਰ ਨਾਲ ਉਘਾੜ ਉਘਾੜ ਕੇ ਆਤਮਸਾਤ ਕੀਤਾ। ਉਸਦਾ ਜ਼ਿਹਨ ਸ਼ੀਸ਼ੇ ਵਾਂਗ ਸਾਫ ਹੁੰਦਾ ਗਿਆ। ਉਸਦਾ ਪਈ ਰਹਿਣਾ ਘਟਦਾ ਗਿਆ। ਉੱਠ ਕੇ ਖਾਣਾ-ਪੀਣਾ, ਨਹਾਉਣਾ, ਪਹਿਣਨਾ ਵਧਦਾ ਗਿਆ। ਅੰਦਰਲਾ ਡਰ ਨਿਕਲਦਾ ਗਿਆ। ਪੰਦਰਾਂ ਦਿਨਾਂ ਵਿੱਚ ਕਾਇਆ ਪਲਟ ਗਈ।

ਇਕ ਦਿਨ ਲਾਜਵੰਤੀ ਨੇ ਮਾਂ ਬਾਪ ਨੂੰ ਕੋਲ ਬਿਠਾ ਲਿਆ ਤੇ ਕਹਿਣ ਲੱਗੀ, "ਮੰਮੀ ਪਾਪਾ, ਮੈਂ ਠੀਕ ਹਾਂ। ਪਰਸੋਂ ਆਪਾਂ ਮਸ਼ਵਰਾ ਕੇਂਦਰ ਜਾਵਾਂਗੇ ਤਰਕਸ਼ੀਲ ਅੰਕਲਾਂ ਦਾ ਧੰਨਵਾਦ ਕਰਨ। ਫਿਰ ਮੈਂ ਬੈਂਕ ਦੇ ਐਗਜ਼ਾਮ ਦੀ ਤਿਆਰੀ ਕਰਾਂਗੀ। ਪਾਸ ਕਰਕੇ ਸਾਹ ਲਵਾਂਗੀ। ਮੈਂ ਪਾਸ ਹੋਊਂ ਪਾਪਾ। ਮੈਂ ਬੈਂਕ ਅਫਸਰ ਬਣੂ ਮੰਮੀ। ਵਿਆਹ ਵੀ ਕਰਾਵਾਂਗੀ। ਦੀਦੀ ਨੂੰ ਫੋਨ ਕਰ ਦਿਓ। ਛੱਡੋ... ਮੈਂ ਆਪ ਈ ਕਰ ਦਿੰਨੀ ਆਂ।"

ਮੋ.Jfde]]=a_^bc

GGG

ਕਹਾਣੀ ਵਿੱਚ ਆਏ ਕੁਝ ਮਲਵਈ ਸ਼ਬਦਾਂ ਦੇ ਅਰਥ

ਮੁਤਰ-ਮੁਤਰ =ਬਿਟਰ-ਬਿਟਰ

ਔਸਾਨ ਮਾਰੇ ਹੋਇਆਂ ਵਾਂਗ = ਬੌਂਦਲੇ ਹੋਏ, ਘਬਰਾਹਟ ਨਾਲ ਸੋਚਣ ਤੋਂ ਅਸਮਰਥ ਹੋ ਜਾਣਾ

ਰੋਪਨਾ = ਮੰਗਣਾ ਜੋ ਅੱਜ ਕੱਲ੍ਹ ਰਿੰਗ-ਸੈਰੇਮਨੀ ਵਿੱਚ ਬਦਲ ਗਿਆ ਹੈ।

ਏ. ਆਈ. ਤੋਂ ਡਰਨ ਦੀ ਨਹੀਂ, ਸਗੋਂ ਇਸ ਨੂੰ ਸਿੱਖਣ ਦੀ ਲੋੜ

ਰਾਜਿੰਦਰ ਪਾਲ ਸਿੰਘ ਬਰਾੜ (ਡਾ.)

ਆਰਟੀਫੀਸ਼ੀਅਲ ਇੰਟੈਲੀਜੈਂਸ ਲਈ ਪੰਜਾਬੀ ਵਿੱਚ ਕਈ ਸ਼ਬਦ ਵਰਤੇ ਜਾਂਦੇ ਹਨ ਜਿਵੇਂ ਬਣਾਉਟੀ ਬੁੱਧੀ, ਮਸਨੂਈ ਬੁੱਧੀ, ਕੰਪਿਊਟਰੀ ਬੁੱਧੀ ਅਤੇ ਮਸ਼ੀਨੀ ਬੁੱਧੀ ਆਦਿ। ਇਨ੍ਹਾਂ ਵਿੱਚੋਂ ਸਭ ਤੋਂ ਢੁਕਵਾਂ ਮਸ਼ੀਨੀ ਬੁੱਧੀ ਹੀ ਹੈ ਕਿਉਂਕਿ ਇਹ ਹੁੰਦੀ ਤਾਂ ਮਨੁੱਖੀ ਬੁੱਧੀ ਦੀ ਨਕਲ ਜਾਂ ਉਸ ਦਾ ਬਦਲ ਹੀ ਹੈ ਪਰ ਇਹ ਮਨੁੱਖੀ ਸਰੀਰ ਦੇ ਦਿਮਾਗ ਵੱਲੋਂ ਪੈਦਾ ਨਹੀਂ ਕੀਤੀ ਜਾਂਦੀ ਸਗੋਂ ਕੰਪਿਊਟਰੀ ਮਸ਼ੀਨਾਂ (ਜੋ ਮਨੁੱਖ ਵਾਂਗ ਸਮਝ ਸਕਣ, ਸਿੱਖ ਸਕਣ, ਸੋਚ ਸਕਣ ਅਤੇ ਸਮੱਸਿਆ ਦਾ ਹੱਲ ਕੱਢ ਸਕਣ) ਵੱਲੋਂ ਪੈਦਾ ਕੀਤੀ ਜਾਂਦੀ ਹੈ। ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ ਕਿ ਇਹ ਬੁੱਧੀ ਮਨੁੱਖੀ ਸਰੀਰ ਦੀਆਂ ਗਿਆਨ ਇੰਦਰੀਆਂ ਅਤੇ ਦਿਮਾਗ ਦੀਆਂ ਮਾਨਸਿਕ ਕਿਰਿਆਵਾਂ ਦੀ ਥਾਂ ਮਸ਼ੀਨਾਂ ਦੁਆਰਾ ਪੈਦਾ ਕੀਤੀ ਜਾਂਦੀ ਹੈ ਪਰ ਸਮਝਣ ਵਾਲੀ ਗੱਲ ਹੈ ਕਿ ਇਹ ਮਸ਼ੀਨਾਂ ਵੀ ਆਮ ਮਸ਼ੀਨਾਂ ਨਹੀਂ ਹੁੰਦੀਆਂ ਸਗੋਂ ਕੰਪਿਊਟਰ ਅਤੇ ਉਸ ਦਾ ਇੰਟਰਨੈੱਟ ਜਿਸ ਰਾਹੀਂ ਇਹ ਦੁਨੀਆਂ ਭਰ ਦੇ ਸਾਰੇ ਨਹੀਂ ਤਾਂ ਬਹੁਤੇ ਕੰਪਿਊਟਰਾਂ ਨਾਲ ਜੋੜਿਆ ਹੁੰਦਾ ਹੈ। ਸੋ ਇੱਕ ਤਰ੍ਹਾਂ ਮਸ਼ੀਨੀ ਬੁੱਧੀ, ਮਨੁੱਖੀ ਬੁੱਧੀ ਦੀ ਨਕਲ ਜਾਂ ਬਦਲ ਹੈ ਜੋ ਕੰਪਿਊਟਰ ਮਸ਼ੀਨਾਂ ਰਾਹੀਂ ਮਨੁੱਖ ਵਾਂਗ ਸਮਝਣ, ਸਿੱਖਣ, ਸੋਚਣ ਤੇ ਹੱਲ ਕੱਢਣ ਦੀ ਕੋਸ਼ਿਸ਼ ਕਰਦੀ ਹੈ। **ਇਸ ਵਿੱਚ ਸਮੱਸਿਆ ਨੂੰ ਹੱਲ ਕਰਨ ਲਈ ਪ੍ਰਾਪਤ ਡਾਟੇ ਨੂੰ ਸਮਝਣ ਤੇ ਸਿੱਖਣ, ਦੱਸੇ ਅਨੁਸਾਰ ਤਰਕ ਕਰਨ ਅਤੇ ਫੈਸਲਾ ਲੈਣ ਦੀ ਯੋਗਤਾ ਹੁੰਦੀ ਹੈ ਪਰ ਇੱਕ ਗੱਲ ਸਪਸ਼ਟ ਕਰ ਦੇਣੀ ਯੋਗ ਹੋਵੇਗੀ ਕਿ ਆਖਰ ਇਹ ਮਸ਼ੀਨਾਂ ਦੀ ਬੁੱਧੀ ਵੀ ਪਹਿਲੇ ਪੜਾਅ ਉੱਤੇ ਬੁਨਿਆਦੀ ਤੌਰ 'ਤੇ ਮਨੁੱਖ ਦੁਆਰਾ ਹਾਸਲ ਕੀਤੀ ਬੁੱਧੀ ਦੇ ਉੱਪਰ ਹੀ ਆਸ਼ਰਿਤ ਹੁੰਦੀ ਹੈ।**

ਮਨੁੱਖ ਦਾ ਗਿਆਨ ਇੰਦਰੀਆਂ ਰਾਹੀਂ ਇਕੱਤਰ ਮਾਨਵੀ ਬੁੱਧੀ ਦਾ ਡਾਟਾ ਜਦੋਂ ਕੋਈ ਭਾਸ਼ਾ ਦਾ ਰੂਪ ਧਾਰਦਾ ਹੈ, ਸ਼ਬਦਾਂ ਜਾਂ ਅੱਖਰਾਂ ਜਾਂ ਦ੍ਰਿਸ਼ਾਂ ਦਾ ਰੂਪ ਧਾਰਦਾ ਹੈ ਅਤੇ ਉਹ ਕਿਸੇ ਨਾ ਕਿਸੇ ਦੁਆਰਾ ਕੰਪਿਊਟਰ ਵਿੱਚ ਪਾਇਆ ਜਾਂਦਾ ਹੈ ਜਾਂ ਇੰਟਰਨੈੱਟ ਰਾਹੀਂ ਸਾਂਝਾ ਹੁੰਦਾ ਹੈ ਤਾਂ ਉਸ ਗਿਆਨ ਨੂੰ ਕੰਪਿਊਟਰ ਆਪਣੇ ਆਧਾਰੀ ਡਾਟੇ ਵਜੋਂ ਵਰਤਦਾ ਹੈ। ਇਕ ਤਰ੍ਹਾਂ ਨਾਲ ਇਕ **ਵਿਅਕਤੀ ਦੀ ਬੁੱਧੀ ਉਸਦੇ ਅਨੁਭਵਾਂ ਦੀਆਂ ਯਾਦਾਂ ਜਾਂ ਉਸ ਵੱਲੋਂ ਸੁਣੀਆਂ ਆਵਾਜਾਂ, ਵੇਖੇ ਦ੍ਰਿਸ਼ਾਂ ਜਾਂ ਪੁਸਤਕਾਂ ਆਦਿ ਰਾਹੀਂ ਪ੍ਰਾਪਤ ਗਿਆਨ ਤੱਕ ਸੀਮਤ ਹੁੰਦੀ ਹੈ ਅਤੇ ਜਦੋਂ ਉਸਨੇ ਸਿੱਟਾ ਕੱਢਣਾ ਹੁੰਦਾ ਹੈ ਤਾਂ ਉਹ ਉਸ ਗਿਆਨ ਨੂੰ ਆਪਣੇ ਡਾਟੇ ਵਜੋਂ ਵਰਤਦਾ ਹੈ ਪਰ ਮਸ਼ੀਨੀ ਬੁੱਧੀ ਕੋਲ ਬਹੁਤ ਸਾਰੇ ਕੰਪਿਊਟਰਾਂ ਕੋਲ ਪਿਆ ਬਹੁਤ ਜਿਆਦਾ ਗਿਆਨ, ਜੋ ਡਿਜ਼ੀਟਲ ਰੂਪ ਵਿੱਚ ਆ ਚੁੱਕਿਆ ਹੁੰਦਾ ਹੈ, ਉਹ ਮੌਜੂਦ ਹੁੰਦਾ ਹੈ। ਇਸ ਕਾਰਨ ਇਹ ਵੀ ਕਿਹਾ ਜਾ ਸਕਦਾ ਹੈ ਕਿ ਅਸਲ ਵਿੱਚ ਮਸ਼ੀਨੀ ਬੁੱਧੀ ਤਾਂ ਇੱਕ ਤਰ੍ਹਾਂ ਨਾਲ ਸਮੁੱਚੀ ਮਨੁੱਖਤਾ ਦਾ ਦਿਮਾਗ ਹੈ ਜਾਂ ਕਹਿ ਲਓ ਕਿ ਸਮੁੱਚੀ ਮਨੁੱਖਤਾ ਦੀ ਬੁੱਧੀ ਹੈ।**

ਸਪਸ਼ਟ ਕਰ ਦੇਣਾ ਵੀ ਯੋਗ ਹੋਵੇਗਾ ਕਿ ਮਸ਼ੀਨ ਮਨੁੱਖੀ ਦਿਮਾਗ ਨਾਲੋਂ ਬਹੁਤ ਤੇਜ਼ੀ ਨਾਲ ਪੜ੍ਹ-ਸਮਝ ਭਾਵ ਗਣਨਾਵਾਂ ਕਰ ਸਕਦੀ ਹੈ ਅਤੇ ਪਹਿਲਾਂ ਦਿੱਤੇ ਹੋਏ ਤਰਕ ਅਨੁਸਾਰ ਬਗੈਰ ਪੂਰਵ-ਆਗ੍ਰਿਹਾਂ ਦਾ ਸ਼ਿਕਾਰ ਹੋਏ ਸਿੱਟੇ ਕੱਢ ਸਕਦੀ ਹੈ, ਇਸੇ ਕਾਰਨ ਹੀ ਇਹ ਜਵਾਬ ਵੀ ਤੁਰੰਤ ਦੇ ਸਕਦੀ ਹੈ ਅਤੇ ਇਸ ਵਿੱਚ ਗਲਤੀ ਦੀ ਗੁੰਜਾਇਸ਼ ਵੀ ਬਹੁਤ ਘੱਟ ਹੁੰਦੀ ਹੈ।

ਇੱਕ ਤਰ੍ਹਾਂ ਨਾਲ ਮਨੁੱਖੀ ਸੱਭਿਅਤਾ ਦੇ ਵਿੱਚ ਜੋ ਰੋਲ ਕਦੇ ਪਹੀਏ, ਹਲ, ਭਾਫ਼-ਇੰਜਨ ਅਤੇ ਬਿਜਲੀ ਨੇ ਕੀਤਾ ਸੀ ਲਗਪੱਗ ਉਸੇ ਤਰ੍ਹਾਂ ਦੀ ਇਕ ਵੱਡੀ ਛਾਲ ਆਰਟੀਫੀਸ਼ੀਅਲ ਇੰਟੈਲੀਜੈਂਸ ਨਾਲ ਵੱਜਣੀ ਹੈ। ਇਸ ਦੇ ਫਾਇਦੇ ਬਹੁਤ ਹਨ ਕਿਉਂਕਿ ਇਹ ਮਨੁੱਖ ਦੀ ਸਰੀਰਕ ਨਹੀਂ ਸਗੋਂ ਬੌਧਿਕ ਯੋਗਤਾ ਵਧਾਉਂਦੀ ਹੈ। ਇਸ ਨਾਲ ਬਿਮਾਰੀਆਂ ਦੀ ਸਹੀ ਢੰਗ ਨਾਲ ਪਛਾਣ ਕੀਤੀ ਜਾ ਸਕਦੀ ਹੈ, ਸਹੀ ਦਵਾਈਆਂ ਦੀ ਖੋਜ ਕੀਤੀ ਜਾ ਸਕਦੀ ਹੈ, ਸਿੱਖਿਆ ਦੇ ਖੇਤਰ ਵਿੱਚ ਇਹ ਇਨਕਲਾਬ ਲਿਆ ਸਕਦੀ ਹੈ। ਆਉਣ ਵਾਲੇ ਸਮੇਂ ਦੇ ਵਿੱਚ ਬਹੁਤ ਸਾਰੇ ਕੰਮ ਸਵੈਚਾਲਤ ਹੋ ਜਾਣਗੇ ਅਤੇ ਸਭ ਤੋਂ ਮਹੱਤਵਪੂਰਨ ਗੱਲ ਕਿ ਜਿਹੜੇ ਕੰਮ ਖਤਰਨਾਕ ਹਨ, ਇਹ ਉਨ੍ਹਾਂ ਦੀ ਥਾਂ ਲੈ ਲਵੇਗੀ। ਮਨੁੱਖ ਦੀਆਂ ਗਲਤੀਆਂ ਨੂੰ ਘਟਾ ਦੇਵੇਗੀ ਅਤੇ ਸਾਰੇ ਕੰਮ ਜਲਦੀ ਕਰ ਦੇਵੇਗੀ, ਇਸ ਨਾਲ ਮਨੁੱਖੀ ਜੀਵਨ ਵਧੇਰੇ ਸੌਖਾ ਹੋ ਜਾਵੇਗਾ। ਇਹ ਬਿਨਾਂ ਅੱਕੇ ਥੱਕੇ ਕੰਮ ਕਰ ਸਕਦੀ ਹੈ।

ਪ੍ਰੰਤੂ ਇਸ ਦੇ ਜਿੱਥੇ ਲਾਭ ਹਨ ਉਥੇ ਇਸਦੇ ਨੁਕਸਾਨ ਵੀ ਹਨ। ਸਭ ਤੋਂ ਵੱਡਾ ਨੁਕਸਾਨ ਤਾਂ ਇਹ ਹੈ ਕਿ ਇਹ ਨਿੱਜਤਾ ਵਿੱਚ ਦਖਲ ਦੇ ਸਕਦੀ ਹੈ ਭਾਵ ਡਾਟਾ ਦੀ ਪ੍ਰਾਈਵੇਸੀ ਦਾ ਮਾਮਲਾ ਹੈ, ਦੂਸਰੀ ਵੱਡੀ ਪੱਧਰ ਤੇ ਗੱਲ ਇਹ ਹੈ ਕਿ ਇਸ ਨੂੰ ਜੋ ਸਿਖਾਇਆ ਜਾਵੇ ਉਹੀ ਕੁਝ ਕਰੇਗੀ ਇਸ ਕਰਕੇ ਇਹ ਬਣਾਉਣ ਵਾਲੇ ਵਿਅਕਤੀ ਜਾਂ ਵਿਅਕਤੀਆਂ ਅਨੁਸਾਰ ਪੱਖਪਾਤੀ ਵੀ ਹੋ ਸਕਦੀ ਹੈ, ਤੀਸਰੀ ਗੱਲ ਇਹ ਕਿ ਨੈਤਿਕਤਾ ਦੇ ਪੱਖੋਂ ਇਸ ਨੇ ਮਸ਼ੀਨੀ ਫੈਸਲੇ ਲੈਣੇ ਹਨ, ਜਿਸ ਵਿੱਚ ਮਾਨਵੀ ਸੰਵੇਦਨਾਵਾਂ ਖਾਰਜ ਹੋ ਜਾਂਦੀਆਂ ਹਨ ਅਤੇ ਆਖਰੀ ਗੱਲ ਆਖਰ

ਵਿੱਚ ਜੋ ਸਭ ਤੋਂ ਵੱਧ ਪ੍ਰਚਾਰੀ ਜਾਂਦੀ ਹੈ ਕਿ ਇਹ ਨੌਕਰੀਆਂ ਦਾ ਨੁਕਸਾਨ ਵੀ ਕਰ ਸਕਦਾ ਹੈ। ਅਸਲ ਵਿੱਚ ਸਾਰੀਆਂ ਗੱਲਾਂ ਸੱਚੀਆਂ ਹਨ ਅਤੇ ਇਸ ਨੇ ਸੱਚਮੁੱਚ ਨੁਕਸਾਨ ਕਰਨਾ ਸ਼ੁਰੂ ਕਰ ਦਿੱਤਾ ਹੈ। ਆਖਰ ਜਿਸ ਤਰ੍ਹਾਂ ਫਿਲਮਾਂ ਵਿੱਚ ਦਿਖਾਇਆ ਜਾਂਦਾ ਹੈ ਕਿ ਹੋ ਸਕਦਾ ਇਕ ਦਿਨ ਆਰਟੀਫੀਸ਼ੀਅਲ ਇੰਟੈਲੀਜੈਂਸ ਸਮੁੱਚੀ ਮਨੁੱਖਤਾ ਨੂੰ ਕਾਬੂ ਕਰ ਲਵੇ ਅਤੇ ਆਪਣੇ ਢੰਗ ਨਾਲ ਚਲਾਉਣਾ ਸ਼ੁਰੂ ਕਰ ਦੇਵੇ। ਇਹ ਇਕ ਕਲਪਨਾ ਹੈ, ਇਸ ਦੀ ਸੰਭਾਵਨਾ ਨਹੀਂ ਹੈ ਪਰ ਇਹ ਗੱਲ ਸੱਚ ਹੈ ਕਿ ਜੇ ਗਲਤ ਵਿਅਕਤੀਆਂ ਦੇ ਕਾਬੂ ਵਿੱਚ ਆ ਗਈ ਤਾਂ ਉਹ ਇਸ ਤੋਂ ਦੂਸਰੇ ਵਿਅਕਤੀਆਂ ਦਾ ਨਾ ਕੇਵਲ ਨੁਕਸਾਨ ਹੀ ਕਰ ਸਕਦੀ ਹੈ ਸਗੋਂ ਉਨ੍ਹਾਂ ਦਾ ਸ਼ੋਸ਼ਣ ਵੀ ਕਰ ਸਕਦੀ ਹੈ ਅਤੇ ਉਨ੍ਹਾਂ ਨੂੰ ਕਾਬੂ ਵੀ ਕਰ ਸਕਦੀ ਹੈ

ਪਰ ਇੱਥੇ ਹੀ ਇੱਕ ਗੱਲ ਸਾਂਝੀ ਕਰ ਦੇਣ ਯੋਗ ਹੋਵੇਗੀ ਕਿ ਬਹੁਤ ਸਾਰੇ ਲੋਕ ਇਸ ਦੇ ਨੁਕਸਾਨ ਤੋਂ ਡਰ ਕੇ ਆਰਟੀਫੀਸ਼ੀਅਲ ਇੰਟੈਲੀਜੈਂਸ ਤੋਂ ਬੱਚਣ ਦੀ ਗੱਲ ਕਰਦੇ ਹਨ। ਮੈਂ ਸਮਝਦਾ ਹਾਂ ਕਿ **ਇਸ ਤੋਂ ਬਚਣਾ ਅਸੰਭਵ ਹੈ ਅਤੇ ਵੈਸੇ ਵੀ ਇਸ ਤੋਂ ਬਚਣ ਦੀ ਲੋੜ ਨਹੀਂ ਸਗੋਂ ਇਸ ਨੂੰ ਸਮਝਣ ਅਤੇ ਮਨੁੱਖਤਾ ਦੇ ਹਿੱਤ ਲਈ ਵਰਤਣ ਦੀ ਲੋੜ ਹੈ। ਅੱਜ ਜੇ ਅਸੀਂ ਨਾ-ਬਰਾਬਰੀ ਰੋਕਣੀ ਚਾਹੁੰਦੇ ਹਾਂ, ਨਿਆਂ ਚਾਹੁੰਦੇ ਹਾਂ, ਅਮਨ ਆਜ਼ਾਦੀ ਚਾਹੁੰਦੇ ਹਾਂ ਤਾਂ ਸਾਨੂੰ ਡਿਜ਼ੀਟਲ ਡਿਵਾਈਡ ਖਿਲਾਫ ਲੜਨਾ ਪਵੇਗਾ। ਧਨ ਦੌਲਤ ਦੇ ਹੋਰ ਸਾਧਨਾਂ ਵਾਂਗ ਹੀ ਡਿਜ਼ੀਟਲ ਸਰੋਤਾਂ ਲਈ ਵੀ ਸਭ ਤੋਂ ਵੱਧ ਲੜਨਾ ਪਵੇਗਾ ਕਿਉਂਕਿ ਬਾਕੀ ਸਾਧਨਾਂ ਉਪਰ ਕਬਜੇ ਕਰਨ ਲਈ ਇਹ ਤਕਨੀਕ ਖੁਦ ਆਪ ਵਿੱਚ ਵੀ ਸਾਧਨ ਬਣੇਗੀ। ਇਸ ਲੜਾਈ ਦਾ ਤਰੀਕਾ ਹੈ, ਤਕਨੀਕ ਨੂੰ ਜਾਨਣਾ, ਇਸਦੇ ਸਰੋਤਾਂ ਨੂੰ ਸਾਂਝੇ ਕਰਨ 'ਤੇ ਜੋਰ ਦੇਣਾ ਹੈ। ਸੋ ਇਸ ਤੋਂ ਡਰੋ ਨਾ, ਇਸ ਨੂੰ ਸਿੱਖੋ, ਸਰੋਤ ਸਾਂਝੇ ਕਰੋ ਅਤੇ ਸਭ ਨੂੰ ਸਰੋਤ ਸਾਂਝੇ ਕਰਨ ਵਾਲੀ ਮੁਹਿੰਮ ਦਾ ਹਿੱਸਾ ਬਣਾਓ।**

ਇਹ ਸਿਰਫ ਆਰੰਭਕ ਗੱਲਾਂ ਸਨ। ਆਓ ਹੁਣ ਇਸ ਦੀ ਥੋੜ੍ਹੀ ਵਿਆਖਿਆ ਕਰੀਏ। ਸਭ ਤੋਂ ਪਹਿਲੀ ਸਮੱਸਿਆ ਤਾਂ ਇਹ ਹੈ ਕਿ ਮਸ਼ੀਨੀ ਬੁੱਧੀ ਨੇ ਉਹੀ ਕੁਝ ਸਿੱਖਣਾ ਹੈ ਜੋ ਸਿਖਾਇਆ ਜਾਏਗਾ। ਸਿੱਖਣ ਦਾ ਆਧਾਰ ਕਿਸੇ ਵਿਸ਼ੇਸ਼ ਕੰਪਿਊਟਰ ਉੱਪਰ ਪਿਆ ਡਾਟਾ, ਸੂਚਨਾ, ਗਿਆਨ ਜਾਂ ਉਸ ਕੰਪਿਊਟਰ ਨਾਲ ਜੁੜੇ ਇੰਟਰਨੈੱਟ ਉਤੇ ਮੌਜੂਦ ਗਿਆਨ ਤੋਂ ਹੈ। ਜੋ ਗਿਆਨ ਇੰਟਰਨੈੱਟ ਉਪਰ ਮੌਜੂਦ ਹੀ ਨਹੀਂ ਹੈ, ਇਹ ਉਸ ਦੀ ਵਰਤੋਂ ਨਹੀਂ ਕਰ ਸਕਦਾ। ਇਸੇ ਕਰਕੇ **ਸੁਰਜੀਤ ਪਾਤਰ ਜੀ ਆਖਿਆ ਕਰਦੇ ਸੀ ਕਿ ਮਸ਼ੀਨੀ ਬੁੱਧੀ ਮਨੁੱਖਤਾ ਦਾ ਨਵਾਂ ਜੰਮਿਆ ਬੱਚਾ ਹੈ। ਜਿਵੇਂ ਬੱਚੇ ਨੂੰ ਭਾਸ਼ਾ ਸਿਖਾਉਣੀ ਪੈਂਦੀ ਹੈ, ਗਿਆਨ ਦੇਣਾ ਪੈਂਦਾ ਹੈ, ਇਸੇ ਪ੍ਰਕਾਰ ਹੀ ਮਸ਼ੀਨੀ ਬੁੱਧੀ ਨੂੰ ਵੀ ਸਿਖਾਉਣਾ ਪਵੇਗਾ, ਗਿਆਨ ਦੇਣਾ ਪਵੇਗਾ। ਜੇ ਸਹੀ ਗਿਆਨ ਨਾ ਦਿੱਤਾ ਤਾਂ ਇਹ ਵਿਗੜ ਜਾਵੇਗੀ।**

ਕੁਝ ਗਿਆਨ ਇੰਟਰਨੈੱਟ ਉਪਰ ਇਸ ਕਰਕੇ ਵੀ ਨਹੀਂ ਹੋ ਸਕਦਾ ਕਿ ਕਿਸੇ ਨੇ ਉਸ ਨੂੰ ਫਜ਼ੂਲ ਭਾਵ ਗੈਰ-ਪ੍ਰਸੰਗਿਕ ਜਾਣ ਕੇ ਇੰਟਰਨੈੱਟ ਉਪਰ ਪਾਇਆ ਹੀ ਨਾ ਹੋਵੇ ਜਿਵੇਂ ਬਹੁਤ ਸਾਰੇ ਆਦਿਵਾਸੀਆਂ ਕੋਲ ਜਾਣਕਾਰੀ ਹੋ ਸਕਦੀ ਹੈ ਪਰ ਜੇ ਉਹ ਭਾਸ਼ਾ ਵਿੱਚ ਨਹੀਂ ਆਉਂਦੀ, ਲਿਖਤ ਵਿੱਚ ਨਹੀਂ ਆਉਂਦੀ ਜਾਂ ਕਿਸੇ ਵੀਡੀਓ ਦੇ ਰੂਪ ਵਿੱਚ ਜਾਂ ਬੋਲਾਂ ਦੇ ਰੂਪ ਵਿੱਚ ਇੰਟਰਨੈੱਟ ਉੱਪਰ ਮੌਜੂਦ ਹੀ ਨਹੀਂ ਤਾਂ ਉਹ ਗਿਆਨ ਇੰਟਰਨੈੱਟ ਲਈ ਹੋਂਦਸ਼ੀਲ ਹੀ ਨਹੀਂ। ਭਾਵ ਜੋ ਗਿਆਨ ਅਜੇ ਤੱਕ ਡਿਜ਼ੀਟਲ ਲਿਖਤ ਵਿੱਚ ਨਹੀਂ ਆਇਆ ਜਾਂ ਲਿਖਤ ਵਿੱਚ ਆ ਗਿਆ ਪਰ ਉਸ ਨੂੰ ਇੰਟਰਨੈੱਟ ਉਪਰ ਨਹੀਂ ਪਾਇਆ ਤਾਂ ਉਹ ਗਿਆਨ ਇਸ ਦੀ ਪਕੜ ਵਿੱਚ ਨਹੀਂ ਆਉਂਦਾ। ਦੂਜੀ ਸਮੱਸਿਆ ਇਹ ਵੀ ਹੋ ਸਕਦੀ ਹੈ ਕਿ ਮਨੁੱਖ ਜਾਂ ਮਨੁੱਖਾਂ ਦੇ ਸਮੂਹ ਭਾਵ ਕੰਪਨੀਆਂ ਕੋਲ ਗਿਆਨ ਹੋਵੇ, ਪਰ ਉਹ ਆਪਣੇ ਤਾਕਤ ਜਾਂ ਮੁਨਾਫੇ ਦੇ ਲਾਲਚ ਕਾਰਨ ਆਮ ਲੋਕਾਂ ਨਾਲ ਸਾਂਝਾ ਨਾ ਕਰਦੇ ਹੋਣ, ਇੰਟਰਨੈੱਟ ਉਪਰ ਸਾਂਝਾ ਹੀ ਨਾ ਕੀਤਾ ਹੋਵੇ ਜਾਂ ਜੇ ਸਾਂਝਾ ਵੀ ਕੀਤਾ ਹੋਵੇ ਤਾਂ ਆਪਣੇ ਸੀਮਤ ਦਾਇਰੇ ਵਿੱਚ ਸਾਂਝਾ ਕੀਤਾ ਹੋਵੇ ਭਾਵ ਜੇ ਓਪਨ ਸੋਰਸ ਵਿੱਚ ਨਹੀਂ ਤਾਂ ਉਹ ਵੀ ਆਰਟੀਫੀਸ਼ੀਅਲ ਇੰਟੈਲੀਜਸ ਵੱਲੋਂ ਵਰਤਿਆ ਨਹੀਂ ਜਾਣਾ। **ਇਸ ਪ੍ਰਕਾਰ ਸਪਸ਼ਟ ਹੈ ਕਿ** ਆਰਟੀਫੀਸ਼ੀਅਲ **ਇੰਟੈਲੀਜੈਂਸ ਨੇ ਉਹੀ ਗਿਆਨ ਵਰਤਣਾ ਹੈ ਜੋ ਇੰਟਰਨੈੱਟ ਉੱਪਰ ਮੌਜੂਦ ਹੈ ਜੋ ਗਿਆਨ ਇੰਟਰਨੈੱਟ ਉਪਰ ਮੌਜੂਦ ਹੀ ਨਹੀਂ ਉਹ ਉਸ ਦੀ ਪਕੜ ਵਿੱਚੋਂ ਬਾਹਰ ਰਹਿ ਜਾਂਦਾ ਹੈ, ਉਹ ਇਸ ਕਰਕੇ ਵੀ ਬਾਹਰ ਰਹਿ ਸਕਦਾ ਹੈ ਕਿ ਇੰਟਰਨੈੱਟ ਦੀ ਵਰਤੋਂ ਕਰਨ ਵਾਲੇ ਉਸ ਨੂੰ ਗੈਰ ਜਰੂਰੀ ਸਮਝਣ ਜਾਂ ਇਸ ਕਰਕੇ ਵੀ ਹੋ ਸਕਦਾ ਹੈ ਕਿ ਵਧੇਰੇ ਜਰੂਰੀ ਸਮਝ ਕੇ ਉਹ ਇੰਟਰਨੈੱਟ ਉਪਰ ਚੜ੍ਹਾਉਣ ਹੀ ਨਾ, ਦੋਹਾਂ ਹਾਲਤਾਂ ਵਿੱਚ ਹੀ** ਆਰਟੀਫੀਸ਼ੀਅਲ **ਇੰਟੈਲੀਜੈਂਸ ਦੀ ਸੀਮਾ ਨਿਰਧਾਰਤ ਹੋ ਜਾਂਦੀ ਹੈ ।**

ਮੈਂ ਸਿਰਫ ਇੱਥੇ ਇਸ਼ਾਰਾ ਹੀ ਕੀਤਾ ਹੈ ਪਰ ਇਸ ਦਾ ਵਿਸਥਾਰ ਬਹੁਤ ਜਿਆਦਾ ਹੋ ਸਕਦਾ ਹੈ। ਇਕ ਸਥਿਤੀ ਇਹ ਹੈ ਕਿ ਬਹੁਤ ਸਾਰਾ ਸਾਡਾ ਗਿਆਨ ਅਜਿਹਾ ਹੋ ਸਕਦਾ ਹੈ ਕਿ ਜੋ ਅੱਜ ਇੰਟਰਨੈੱਟ ਦੀ ਵਰਤੋਂ ਕਰਨ ਵਾਲਿਆਂ ਨੂੰ ਜਾਂ ਬੁੱਧੀਜੀਵੀਆਂ ਨੂੰ ਯੋਗ ਨਾ ਜਾਪਦਾ ਹੋਵੇ, ਉਸਨੂੰ ਪਾਇਆ ਹੀ ਨਾ ਜਾਵੇ। ਇਕ ਤਰ੍ਹਾਂ ਨਾਲ ਇਹ ਕਿਹਾ ਜਾ ਸਕਦਾ ਹੈ ਕਿ ਜਿਸ ਪੀੜ੍ਹੀ ਕੋਲ ਉਹ ਗਿਆਨ ਹੈ ਉਸਦੇ ਮਰ ਜਾਣ ਨਾਲ ਹੀ ਉਹ ਗਿਆਨ ਵੀ ਮਰ ਜਾਵੇਗਾ। ਦੂਸਰਾ ਕਿ ਜਿਹੜੇ ਵਿਅਕਤੀ ਸ਼ਕਤੀਸ਼ਾਲੀ ਹਨ ਅਤੇ ਗਿਆਨ ਤੋਂ ਪੈਸਾ ਕਮਾਉਣਾ ਚਾਹੁੰਦੇ ਹਨ ਜਾਂ ਦੂਸਰਿਆਂ ਨੂੰ ਆਪਣੇ ਕਾਬੂ ਵਿੱਚ ਰੱਖਣਾ ਚਾਹੁੰਦੇ ਹਨ, ਉਹ ਬਹੁਤ ਸਾਰਾ ਗਿਆਨ ਇੰਟਰਨੈੱਟ ਤੋਂ ਪਾਸੇ ਰੱਖਣਗੇ।

ਇਹ ਦੋਵੇਂ ਹੀ ਸਥਿਤੀਆਂ ਸਾਨੂੰ ਹਰ ਸਮੇਂ ਧਿਆਨ ਵਿੱਚ ਰੱਖਣੀਆਂ ਚਾਹੀਦੀਆਂ ਹਨ।

ਸੋ ਜੇ ਤੁਸੀਂ ਚਾਹੁੰਦੇ ਹੋ ਕਿ ਜਿਹੜਾ ਗਿਆਨ ਲੋਕਾਂ ਦੀ ਚੇਤਨਾ ਦਾ ਹਿੱਸਾ ਬਣੇ ਉਹ ਇੰਟਰਨੈੱਟ ਉੱਪਰ ਨਹੀਂ ਤਾਂ ਉਸ ਨੂੰ ਜਰੂਰ ਇੰਟਰਨੈੱਟ ਉਪਰ ਪਾਓ। ਪਹਿਲੇ ਪੜਾਅ ਵਜੋਂ ਆਪਣੀ ਭਾਸ਼ਾ, ਆਪਣੇ ਖਿੱਤੇ, ਆਪਣੇ ਸਾਹਿਤ, ਆਪਣੇ ਸੱਭਿਆਚਾਰ ਦੇ ਗਿਆਨ ਨੂੰ ਲਿਖਤੀ ਰੂਪ ਵਿੱਚ, ਆਵਾਜ਼ ਰੂਪ ਵਿੱਚ, ਦ੍ਰਿਸ਼ ਰੂਪ ਵਿੱਚ ਜਾਂ ਚਿੰਨ੍ਹ ਰੂਪ ਵਿੱਚ ਉਪਰ ਚੜ੍ਹਾਉਣਾ ਚਾਹੀਦਾ ਹੈ ।

ਮਿਸਾਲ ਵਜੋਂ ਜੇ ਤੁਸੀਂ ਚਾਹੁੰਦੇ ਹੋ ਕਿ ਲੋਕ, ਇਨਕਲਾਬੀ ਕਵੀ ਕਰਨੈਲ ਬਾਗੀ ਬਾਰੇ ਜਾਨਣ ਤਾਂ ਉਸ ਬਾਰੇ ਜਾਣਕਾਰੀ ਇੰਟਰਨੈੱਟ ਉੱਪਰ ਪਾਓ ਨਹੀਂ ਤਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਸਮਝੇਗੀ ਕਿ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਕਦੇ ਕਰਨੈਲ ਬਾਗੀ ਨਾਂ ਦਾ ਵਿਅਕਤੀ ਪੈਦਾ ਹੀ ਨਹੀਂ ਹੋਇਆ, ਦੂਜਾ ਜਿਸ ਗਿਆਨ ਉੱਪਰ ਧਨ ਕੁਬੇਰ ਭਾਵ ਕਾਰਪੋਰੇਟ ਜੱਫਾ ਮਾਰ ਕੇ ਬੈਠੇ ਹਨ ਉਸ ਨੂੰ ਆਜ਼ਾਦ ਕਰਵਾਉਣਾ ਬਹੁਤ ਜਰੂਰੀ ਹੈ। ਮਿਸਾਲ ਵਜੋਂ ਮੰਨ ਲਓ ਕਿ ਕੈਂਸਰ ਦੀ ਨਵੀਂ ਦਵਾਈ ਨਿਕਲ ਆਉਂਦੀ ਹੈ ਪਰ ਖੋਜ ਕਰਵਾਉਣ ਵਾਲੇ ਕਦੀ ਨਹੀਂ ਚਾਹੁਣਗੇ ਕਿ ਇਹ ਖੋਜ ਬਿਨਾਂ ਪੈਸੇ ਲਿਆਂ, ਇਸ ਦਾ ਫਾਰਮੂਲਾ ਆਮ ਲੋਕਾਂ ਨੂੰ ਪਤਾ ਲੱਗੇ। ਇਸ ਲਈ ਜਰੂਰੀ ਹੈ ਕਿ ਅਜਿਹੇ ਗਿਆਨ ਨੂੰ ਲੋਕਾਂ ਤੱਕ ਸਾਂਝਾ ਕੀਤਾ ਜਾਵੇ ਇਸ ਲਈ ਇੱਕ ਲੀਗਲ ਰੂਪ ਓਪਨ ਸੋਰਸ ਹੈ ਪਰ ਅਸੀਂ ਜਾਣਦੇ ਹਾਂ ਕਿ ਓਪਨ ਸੋਰਸ ਉੱਪਰ ਬਹੁਤ ਘੱਟ ਗਿਆਨ ਹੈ, ਬਹੁਤ ਸਾਰਾ ਗਿਆਨ ਕੰਪਨੀਆਂ ਨੇ ਆਪਣੇ ਮੁਨਾਫੇ ਖਾਤਰ ਕਾਬੂ ਕੀਤਾ ਹੋਇਆ ਹੈ, ਉਸ ਡਾਟੇ ਦੀ ਆਮ ਲੋਕਾਂ ਤੱਕ ਰਸਾਈ ਰੋਕਣ ਲਈ ਉਹ ਇਸ ਨੂੰ ਚੋਰੀ ਆਖਦੇ ਹਨ ਅਤੇ ਚੋਰੀ ਨੂੰ ਰੋਕਣ ਲਈ ਉਨ੍ਹਾਂ ਨੇ ਕਾਪੀਰਾਈਟ ਜਾਂ ਇੰਟਲੈਕਚੁਅਲ ਪ੍ਰੋਪਰਟੀ ਰਾਈਟ ਵਰਗੇ ਕਾਨੂੰਨ ਬਣਾਏ ਹੋਏ ਹਨ। **ਉਸ ਗਿਆਨ ਨੂੰ ਆਮ ਲੋਕਾਂ ਤੱਕ ਸਾਂਝਾ ਕਰਨ ਲਈ ਉਹ ਇੰਟਰਨੈੱਟ ਦੇ ਜਾਣੂ ਬੌਧਿਕ ਕਾਮੇ ਹੀ ਕੰਮ ਆਉਣਗੇ ਜੋ ਇਨ੍ਹਾਂ ਕੰਪਨੀਆਂ ਲਈ ਕੰਮ ਕਰਦੇ ਹਨ, ਜਿਵੇਂ ਕਿਸੇ ਸਮੇਂ ਮਜ਼ਦੂਰਾਂ ਦਾ ਮੁੱਖ ਹਥਿਆਰ ਹੜਤਾਲ ਕਰਨਾ ਹੁੰਦਾ ਸੀ, ਨਵੇਂ ਯੁਗ ਵਿੱਚ ਮਜ਼ਦੂਰਾਂ ਦਾ ਹਥਿਆਰ ਇਸ ਜਾਣਕਾਰੀ ਨੂੰ ਆਮ ਲੋਕਾਂ ਤੱਕ ਸਾਂਝੀ ਕਰਨਾ ਹੋਵੇਗਾ**, ਕੁਝ ਲੋਕਾਂ ਨੂੰ ਇਹ ਗੱਲ ਗਲਤ ਲੱਗ ਸਕਦੀ ਹੈ ਪਰ ਸਮਾਜਵਾਦ ਅਨੁਸਾਰ ਜੇ ਹੁਣ ਤੱਕ ਧਨ ਸੰਪਤੀ ਸਾਂਝੀ ਕਰਨ ਦੀ ਗੱਲ ਕਰਦੇ ਹਾਂ ਤਾਂ ਫਿਰ ਗਿਆਨ ਸਾਂਝਾ ਕਰਨ ਦੀ ਗੱਲ ਵੀ ਕਰਨੀ ਚਾਹੀਦੀ ਹੈ।

ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਸੱਚ ਦੇ ਸੰਬੰਧ ਨੂੰ ਵੀ ਸਮਝਣ ਦੀ ਲੋੜ ਹੈ। ਅੱਜ ਸੱਚ ਮਰਨ ਕੰਢੇ ਹੈ, **ਉਹੀ ਸੱਚ ਮੰਨਿਆ ਜਾਵੇਗਾ ਜੋ ਇੰਟਰਨੈੱਟ 'ਤੇ ਮੌਜੂਦ ਹੋਵੇਗਾ ਜੋ** ਇੰਟਰਨੈੱਟ ਤੇ ਮੌਜੂਦ ਹੀ ਨਹੀਂ ਨਿਸ਼ਚੇ ਹੀ ਉਹ ਆਰਟੀਫੀਸ਼ੀਅਲ ਇੰਟੈਲੀਜੈਂਸ ਲਈ ਮੌਜੂਦ ਹੀ ਨਹੀਂ ਹੈ। ਕਿਸੇ ਵਿਅਕਤੀ, ਵਰਤਾਰਾ, ਘਟਨਾ, ਭਾਵ, ਵਿਚਾਰ ਦੀ ਕੁਦਰਤ ਅਤੇ ਸਮਾਜਿਕ ਯਥਾਰਥ ਵਿੱਚ ਹੋਂਦ ਹੋਵੇ ਜੇ ਉਹ ਇੰਟਰਨੈੱਟ ਉੱਪਰ ਮੌਜੂਦ ਨਹੀਂ ਤਾਂ ਉਸ ਨੂੰ ਮੰਨਿਆ ਜਾਂ ਪਰਵਾਨਿਆ ਹੀ ਨਹੀਂ ਜਾਵੇਗਾ। ਸੱਚ ਬਹੁਤ ਹੀ ਇਕੱਲਾ ਅਤੇ ਘਾਬਰਿਆ ਹੋਇਆ ਹੈ। ਸ਼ਾਇਦ ਇਤਿਹਾਸ ਵਿੱਚ ਉਸ ਨਾਲ ਅਜਿਹਾ ਕਦੇ ਵੀ ਨਹੀਂ ਹੋਇਆ।

ਮਸ਼ੀਨੀ ਬੁੱਧੀ ਦੀਆਂ ਹੋਰ ਸਮੱਸਿਆਵਾਂ ਇੱਕ ਝੂਠੀ ਜਾਣਕਾਰੀ ਹੈ। ਮੰਨ ਲਓ ਕਿ ਇੰਟਰਨੈੱਟ ਉੱਪਰ ਲੱਖਾਂ ਸੂਚਨਾਵਾਂ ਆਖਦੀਆਂ ਹਨ ਕਿ ਪਿੱਪਲ ਦਾ ਦਰਖਤ ਰਾਤ ਨੂੰ ਆਕਸੀਜਨ ਪੈਦਾ ਕਰਦਾ ਹੈ ਪਰ ਇਕ ਵੀ ਉਸਦਾ ਖੰਡਨ ਨਹੀਂ ਕਰਦੀ ਤਾਂ ਇਹੀ ਗੱਲ ਸੱਚ ਵਜੋਂ ਸਥਾਪਿਤ ਹੋ ਜਾਵੇਗੀ। ਇੰਜ ਹੀ ਜੇ ਤੁਸੀਂ ਇੱਕ ਤਰ੍ਹਾਂ ਦੀ ਪੋਸਟ ਪੜ੍ਹ ਲਈ ਜਾਂ ਦੇਖ ਲਈ ਤਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਉਸੇ ਤਰ੍ਹਾਂ ਦੀ ਹੀ ਤੁਹਾਨੂੰ ਸਮਗਰੀ ਪੇਸ਼ ਕਰੇਗਾ ਜਿਸ ਨਾਲ ਤੁਹਾਨੂੰ ਭੁਲੇਖਾ ਪੈ ਸਕਦਾ ਹੈ ਕਿ ਸ਼ਾਇਦ ਇਹੀ ਅੰਤਿਮ ਸੱਚ ਹੈ ਜਦੋਂ ਕਿ ਉਹ ਸਿਰਫ ਤੁਹਾਡਾ ਸੱਚ ਹੈ। ਪਹਿਲੀ ਪੱਧਰ ਤੇ ਤਾਂ ਇਹ ਜਾਪਦਾ ਹੈ ਕਿ ਸ਼ਾਇਦ ਇਹ ਲੋਕਤੰਤਰੀ ਹੈ ਪਰ ਅਸਲ ਵਿੱਚ ਲੋਕਤੰਤਰੀ ਨਹੀਂ ਸਗੋਂ ਭੀੜਤੰਤਰੀ ਹੈ, ਭੀੜਤੰਤਰ ਅਤੇ ਲੋਕਤੰਤਰ ਵਿੱਚ ਫਰਕ ਕਰਨ ਦੀ ਜਰੂਰਤ ਹੈ ਅਤੇ ਭੀੜਤੰਤਰ ਜਦੋਂ ਛੜਯੰਤਰ ਨਾਲ ਰਲ ਜਾਵੇ ਤਾਂ ਇਹ ਬਹੁਤ ਗੰਭੀਰ ਹੋ ਜਾਂਦਾ ਹੈ। ਇਸ ਸਮੇਂ ਭਾਰਤੀ ਮੀਡੀਆ ਜੋ ਕੁਝ ਕਰ ਰਿਹਾ ਹੈ ਉਸ ਪ੍ਰਸੰਗ ਵਿੱਚ ਜੇ ਅਸੀਂ ਵੇਖੀਏ ਤਾਂ ਇਹ ਲੋਕਤੰਤਰੀ ਨਹੀਂ ਸਗੋਂ ਭੀੜਤੰਤਰੀ ਹੈ ਤੇ ਇਸ ਨਾਲ ਜੋ ਸੱਚ ਪਰੋਸਿਆ ਜਾ ਰਿਹਾ ਹੈ ਜਦੋਂ ਉਹ ਇੰਟਰਨੈੱਟ ਦਾ ਹਿੱਸਾ ਬਣ ਗਿਆ ਤਾਂ ਅਜਿਹੇ ਸਮੇਂ ਜਦੋਂ ਕੋਈ ਬੰਦਾ ਸੱਚ ਦੀ ਭਾਲ ਕਰਨ ਲਈ ਕਿਸੇ ਵਿਅਕਤੀ ਘਟਨਾ ਜਾਂ ਸ਼ਬਦ ਬਾਰੇ ਪੁੱਛੇਗਾ ਤਾਂ ਉਹੀ ਉੱਤਰ ਮਿਲੇਗਾ ਜੋ ਬਹੁ-ਗਿਣਤੀ ਦਾ ਉੱਤਰ ਹੋਵੇਗਾ ਕਿਉਂਕਿ ਕੰਪਿਊਟਰ ਦਾ ਜਾਂ ਮਸ਼ੀਨੀ ਬੁੱਧੀ ਦਾ ਐਲਗੋਰਿਦਮ ਵੀ ਉਸੇ ਨੂੰ ਹੀ ਚੱਕੇਗਾ।

ਸੋ ਮਨੁੱਖਤਾ ਦੇ ਚੰਗੇ ਭਵਿੱਖ ਲਈ ਇਹ ਜਰੂਰੀ ਹੈ ਜਿਵੇਂ ਕਦੇ ਸਾਖਰਤਾ ਮੁਹਿੰਮ ਚਲਾਈ ਗਈ ਸੀ ਉਸੇ ਪ੍ਰਕਾਰ ਹੀ ਡਿਜ਼ੀਟਲ ਸਾਖਰਤਾ ਦੀ ਮੁਹਿੰਮ ਵੀ ਚਲਾਈ ਜਾਵੇ। ਇਸ ਤੋਂ ਡਰਨ ਦੀ ਲੋੜ ਨਹੀਂ ਸਗੋਂ ਇਸ ਨੂੰ ਸਿੱਖਣ ਦੀ ਲੋੜ ਹੈ, ਤਾਂ ਹੀ ਇਸਦੇ ਮਾੜੇ ਪ੍ਰਭਾਵਾਂ ਤੋਂ ਬਚਿਆ ਜਾ ਸਕਦਾ ਹੈ ਅਤੇ ਜੀਵਨ ਨੂੰ ਸੌਖਾ ਬਣਾਉਣ ਲਈ ਇਸਦੀ ਵਰਤੋਂ ਕੀਤੀ ਜਾ ਸਕਦੀ ਹੈ।

ਫੋਨ : 98150 50617

ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਕਾਰਨਾਮਿਆਂ ਵਿੱਚ ਇਹ ਵੀ ਸ਼ਾਮਲ ਹੈ

ਜਾਅਲੀ ਵੀਡੀਓ ਤਿਆਰ ਕਰਨ ਵਾਲਾ ਡੀਪਫੇਕ

ਏ.ਆਈ. ਦੇ ਜਿਨ੍ਹਾਂ ਖਤਰਿਆਂ ਬਾਰੇ ਅਕਸਰ ਚਰਚਾ ਚਲਦੀ ਰਹਿੰਦੀ ਹੈ ਉਨ੍ਹਾਂ ਵਿਚੋਂ ਇੱਕ ਖਤਰਾ ਹੈ ਕਿਸੇ ਦੀ ਅਜਿਹੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ ਉੱਤੇ ਵਾਇਰਲ ਕਰ ਦੇਣੀ ਜੋ ਕੰਮ ਉਸ ਨੇ ਕੀਤਾ ਹੀ ਨਾ ਹੋਵੇ। ਜਿੱਥੇ ਏ. ਆਈ. ਦੇ ਹੋਰ ਖਤਰੇ ਜਿਵੇਂ ਮਨੁੱਖਾਂ ਨੂੰ ਮਸ਼ੀਨਾਂ ਦੁਆਰਾ ਕੰਟਰੋਲ ਕਰ ਲੈਣਾ ਜਾਂ ਵੱਖ ਵੱਖ ਖੇਤਰਾਂ ਦੇ ਮਾਹਿਰਾਂ (ਵਕੀਲ, ਡਾਕਟਰ, ਪ੍ਰੋਫੈਸਰ ਆਦਿ) ਨੂੰ ਵੀ ਬੇਰੁਜ਼ਗਾਰ ਕਰ ਦੇਣਾ ਅਜੇ ਭਵਿੱਖ ਦੇ ਗਰਭ ਵਿੱਚ ਹਨ। ਪਰ ਇਹ ਜਾਅਲੀ ਵੀਡੀਓਜ਼ ਵਾਲਾ ਵਰਤਾਰਾ ਤਾਂ ਮੌਜੂਦਾ ਸਮਿਆਂ ਵਿੱਚ ਹੀ ਚੱਲ ਪਿਆ ਹੈ। ਇਨ੍ਹਾਂ ਜਾਅਲੀ ਵੀਡੀਓਜ਼ ਰਾਹੀਂ ਵਿਰੋਧੀ ਵਿਚਾਰਾਂ ਵਾਲੇ ਵਿਅਕਤੀਆਂ ਨੂੰ ਜਲੀਲ ਕੀਤਾ ਜਾਂਦਾ ਹੈ, ਔਰਤਾਂ ਦੀਆਂ ਅਸ਼ਲੀਲ ਵੀਡੀਓ ਬਣਾ ਕੇ ਉਨ੍ਹਾਂ ਦਾ ਅਕਸ ਖਰਾਬ ਕੀਤਾ ਜਾਂਦਾ ਹੈ ਅਤੇ ਜਾਅਲੀ ਦ੍ਰਿਸ਼ ਬਣਾ ਕੇ ਝੂਠੀਆਂ ਖ਼ਬਰਾਂ ਫੈਲਾਈਆਂ ਜਾਂਦੀਆਂ ਹਨ। ਉਂਜ ਇਸ ਦੀ ਸਹਾਇਤਾ ਨਾਲ ਫਿਲਮਾਂ ਅਤੇ ਵੀਡੀਓਜ਼ ਵਿੱਚ ਬਹੁਤ ਵਧੀਆ ਸਿਰਜਣਾਤਮਿਕ ਕੰਮ ਵੀ ਕੀਤਾ ਜਾ ਸਕਦਾ ਹੈ। ਇਸ ਤਕਨੀਕ ਜਾਂ ਵਰਤਾਰੇ ਨੂੰ ਡੀਪਫੇਕ ਦਾ ਨਾਮ ਦਿੱਤਾ ਗਿਆ ਹੈ। ਇਹ ਡੀਪਫੇਕ ਕਿਵੇਂ ਕੰਮ ਕਰਦਾ ਹੈ ? ਇਸਦੇ ਚੰਗੇ ਮਾੜੇ ਅਸਰ ਕੀ ਹੋ ਸਕਦੇ ਹਨ ? ਇਸਦੇ ਮਾੜੇ ਰੂਪਾਂ ਦਾ ਮੁਕਾਬਲਾ ਕਿਵੇਂ ਕੀਤਾ ਜਾ ਸਕਦਾ ਹੈ ? ਇਨ੍ਹਾਂ ਮਹੱਤਵਪੂਰਨ ਸਵਾਲਾਂ ਬਾਰੇ ਜਾਣਕਾਰੀ ਦੇ ਰਹੇ ਹਨ - ਪੱਤਰਕਾਰੀ ਅਤੇ ਜਨ-ਸੰਚਾਰ ਖੇਤਰ ਦੇ ਖੋਜਾਰਥੀ, ਉੱਘੇ ਲੇਖਕ, ਅਨੁਵਾਦਕ ਅਤੇ ਫਿਲਮ ਖੇਤਰ ਨਾਲ ਜੁੜੇ ਮਾਹਿਰ ਦੀਪ ਜਗਦੀਪ ਸਿੰਘ।

ਡੀਪਫੇਕ ਕੋਈ ਬਹੁਤ ਪੁਰਾਣਾ ਵਰਤਾਰਾ ਨਹੀਂ ਹੈ ਪਰ ਇਸ ਦੀਆਂ ਚੁਣੌਤੀਆਂ ਅਤੇ ਸੰਭਾਵਨਾਵਾਂ ਦਾ ਚਰਚਾ ਬਹੁਤ ਹੋ ਰਿਹਾ ਹੈ। ਇਸ ਲੇਖ ਵਿੱਚ ਇਸਦੇ ਹੇਠ ਲਿਖੇ ਪੱਖਾਂ ਬਾਰੇ ਕੁਝ ਸੰਖੇਪ ਜਾਣਕਾਰੀ ਸਾਂਝੀ ਕੀਤੀ ਜਾ ਰਹੀ ਹੈ।

1. ਡੀਪਫੇਕ ਕੀ ਹੈ ਤੇ ਇਹ ਕਿਵੇਂ ਕੰਮ ਕਰਦਾ ਹੈ ?

2.ਸਿਨੇਮਾ ਤੇ ਸੋਸ਼ਲ ਮੀਡੀਆ ਤੇ ਇਸ ਦਾ ਕੀ ਪ੍ਰਭਾਵ ਪਵੇਗਾ ?

3. ਤੇ ਉਨ੍ਹਾਂ ਨਾਲ ਕਿਵੇਂ ਨਜਿੱਠਿਆ ਜਾ ਸਕਦਾ ਹੈ ?

ਡੀਪਫੇਕ ਕੀ ਹੈ ਤੇ ਕਿਵੇਂ ਕੰਮ ਕਰਦਾ ਹੈ ?

ਡੀਪਫੇਕ (Deepfake) ਅੰਗਰੇਜ਼ੀ ਸ਼ਬਦਾਂ "ਡੀਪ ਲਰਨਿੰਗ (Deep Learning) ਅਤੇ ਫੇਕ (Fake) ਦੇ ਸੁਮੇਲ ਤੋਂ ਬਣਿਆ ਹੈ। ਵੈਸੇ ਫੇਕ ਦਾ ਅਰਥ ਜਾਅਲੀ ਜਾਂ ਝੂਠਾ ਹੁੰਦਾ ਹੈ ਅਤੇ ਡੀਪ ਦਾ ਮਤਲਬ ਡੂੰਘਾ ਜਾਂ ਗਹਿਰਾ। ਸੋ ਪੰਜਾਬੀ ਵਿੱਚ ਇਸ ਨੂੰ 'ਗਹਿਰਾ ਝੂਠ' ਵੀ ਕਿਹਾ ਜਾ ਸਕਦਾ ਹੈ, ਜੋ ਆਸਾਨੀ ਨਾਲ ਪਛਾਣਿਆ ਨਹੀਂ ਜਾ ਸਕਦਾ। ਡੀਪਫੇਕ ਉਹ ਵੀਡੀਉ ਹੈ ਜਿਸ ਨੂੰ ਡਿਜੀਟਲ ਢੰਗ ਨਾਲ ਛੇੜਛਾੜ ਕਰਕੇ ਤਿਆਰ ਕੀਤਾ ਜਾਂਦਾ ਹੈ ਜਿਸ ਵਿੱਚ ਵਿਅਕਤੀਆਂ ਨੂੰ ਉਹ ਕਾਰਜ ਕਰਦੇ ਹੋਏ ਜਾਂ ਸ਼ਬਦ ਬੋਲਦੇ ਹੋਏ ਦਿਖਾਇਆ ਜਾਂਦਾ ਹੈ, ਜੋ ਅਸਲ ਵਿਚ ਉਨ੍ਹਾਂ ਵਿਅਕਤੀਆਂ ਨੇ ਕਦੇ ਕੀਤੇ ਜਾਂ ਬੋਲੇ ਹੀ ਨਾ ਹੋਣ। ਇਸ ਵਿਚ ਡੀਪ ਲਰਨਿੰਗ ਤੋਂ ਭਾਵ ਉਸ ਕੰਪਿਊਟਰ ਤਕਨੀਕ ਤੋਂ ਹੈ ਜਿਸ ਵਿਚ ਆਰਟੀਫ਼ੀਸ਼ੀਅਲ ਇੰਜੈਲੀਜੈਂਸ ਦੀ ਵਰਤੋਂ ਕਰਕੇ ਕੰਪਿਊਟਰ ਪ੍ਰੋਗਰਾਮ ਨੂੰ ਮਨੁੱਖੀ ਹਾਵ-ਭਾਵ ਤੇ ਭਾਸ਼ਾ-ਲਹਿਜੇ ਦੀ ਹੂਬਹੂ ਨਕਲ ਕਰਨ ਦੀ ਸਿਖਲਾਈ ਦਿੱਤੀ ਜਾਂਦੀ ਹੈ। ਇਸ ਵਾਸਤੇ ਜਿਸ ਵਿਅਕਤੀ ਦੇ ਹਾਵ-ਭਾਵ, ਬੋਲਣ ਦੇ ਅੰਦਾਜ਼ ਤੇ ਭਾਸ਼ਾ ਦੀ ਸਿਖਲਾਈ ਦੇਣੀ ਹੋਵੇ, ਉਸ ਦੀਆਂ ਬਹੁਤ ਸਾਰੀਆਂ ਤਸਵੀਰਾਂ ਤੇ ਵੀਡੀਉ ਦੀ ਲੋੜ ਹੁੰਦੀ ਹੈ। ਇਨ੍ਹਾਂ ਤਸਵੀਰਾਂ ਤੇ ਵੀਡੀਉ ਨੂੰ ਮਸ਼ੀਨ ਵਿਚ ਪਾ ਦਿੱਤਾ ਜਾਂਦਾ ਹੈ ਤੇ ਮਸ਼ੀਨੀ ਬੁੱਧੀ ਲਗਾਤਾਰ ਇਨ੍ਹਾਂ ਦਾ ਅਧਿਐਨ ਕਰਕੇ ਹੂਬਹੂ ਉਸ ਵਿਅਕਤੀ ਵਰਗੇ ਹਾਵ-ਭਾਵ, ਆਵਾਜ਼, ਲਹਿਜਾ ਤੇ ਭਾਸ਼ਾ ਸਿੱਖ ਜਾਂਦੀ ਹੈ। ਇਹ ਕੰਪਿਊਟਰ ਪ੍ਰੋਗਰਾਮ ਬਹੁਤ ਸਫ਼ਾਈ ਨਾਲ ਕਿਸੇ ਹੋਰ ਵਿਅਕਤੀ ਦੀ ਤਸਵੀਰ ਜਾਂ ਵੀਡੀਉ ਵਿਚ ਮੌਜੂਦ ਚਿਹਰੇ ਦੀ ਥਾਵੇਂ ਡੀਪ ਲਰਨਿੰਗ ਰਾਹੀਂ ਪ੍ਰਾਪਤ ਚਿਹਰੇ ਨਾਲ ਬਦਲ ਦਿੰਦਾ ਹੈ। ਮਿਸਾਲ ਵਜੋਂ ਇਕ ਟਿਕ-ਟੌਕ ਵੀਡੀਉ ਵਿਚ ਇਕ ਫੈਕਟਰੀ ਵਿਚ ਸਫ਼ਾਈ ਕਰਦੇ ਕਾਮੇ ਦੇ ਚਿਹਰੇ ਨੂੰ ਪ੍ਰਸਿੱਧ ਹਾਲੀਵੁੱਡ ਅਦਾਕਾਰ ਟੌਮ ਕਰੂਜ਼ ਦੇ ਚਿਹਰੇ ਨਾਲ ਬਦਲ ਦਿੱਤਾ ਗਿਆ। ਡੀਪਫੇਕ ਨਾਲ ਤਿਆਰ ਕੀਤੀ ਸਫ਼ਾਈ ਕਰਦੇ ਟੌਮ ਕਰੂਜ਼ ਦੀ ਵੀਡੀਉ ਕਾਫ਼ੀ ਵਾਇਰਲ ਹੋਈ। ਇਸ ਕਿਸਮ ਦੀ ਛੇੜਛਾੜ ਨੂੰ ਡੀਪਫੇਕ ਇਸ ਲਈ ਕਿਹਾ ਦਾ ਹੈ ਕਿ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਇੰਨੀ ਬਾਰੀਕੀ ਨਾਲ ਨਕਲੀ ਵੀਡੀਉ ਤਿਆਰ ਕਰਦਾ ਹੈ ਕਿ ਬਿਨਾਂ ਕਿਸੇ ਤਕਨੀਕੀ ਮੁਹਾਰਤ ਦੇ ਆਮ ਵਿਅਕਤੀ ਇਸ ਦੇ ਨਕਲੀ ਜਾਂ ਅਸਲੀ ਹੋਣ ਦਾ ਫ਼ਰਕ ਪਤਾ ਨਹੀਂ ਸਕਦਾ।

ਡੀਪਫੇਕ ਦੇ ਪ੍ਰਭਾਵ

ਡੀਪਫੇਕ ਤੋਂ ਪ੍ਰਭਾਵਿਤ ਹੋਣ ਵਾਲੇ ਪ੍ਰਮੁੱਖ ਖੇਤਰਾਂ ਵਿਚ ਮੀਡੀਆ, ਫ਼ਿਲਮ, ਸਿਆਸਤ ਤੇ ਉਦਯੋਗ ਹਨ। ਮੀਡੀਆ ਸਮਾਜ ਦੇ ਸਮੁੱਚੇ ਸੂਚਨਾ ਤੰਤਰ ਦੀ ਭੂਮਿਕਾ ਨਿਭਾਉਂਦਾ ਹੈ। ਇਸ ਵੇਲੇ ਮੀਡੀਆ ਪਹਿਲਾਂ ਹੀ ਫੇਕ ਨਿਊਜ਼ ਯਾਨੀ ਕਿ ਝੂਠੀਆਂ ਖ਼ਬਰਾਂ ਨਾਲ ਘਿਰਿਆ ਹੋਇਆ ਹੈ। ਸੋਸ਼ਲ ਮੀਡੀਆ

ਦੇ ਆਉਣ ਨਾਲ ਲਿਖਤ ਨਾਲੋਂ ਦ੍ਰਿਸ਼ ਲੋਕ ਮਾਨਸਿਕਤਾ ਤੇ ਭਾਰੂ ਹੋ ਗਏ ਹਨ। ਡੀਪਫੇਕ ਦੇ ਆਉਣ ਨਾਲ ਦ੍ਰਿਸ਼ਾਂ ਦੇ ਅਸਲੀ ਤੇ ਨਕਲੀ ਹੋਣ ਦਾ ਫ਼ਰਕ ਪਤਾ ਲਾਉਣਾ ਹੋਰ ਵੀ ਮੁਸ਼ਕਿਲ ਹੋ ਗਿਆ ਹੈ। ਕਈ ਡੀਪਫੇਕ ਪ੍ਰਸਿੱਧ ਹਸਤੀਆਂ, ਸਿਆਸਤਦਾਨਾਂ ਅਤੇ ਵਪਾਰਕ ਸ਼ਖ਼ਸੀਅਤਾਂ ਨੂੰ ਨਿਸ਼ਾਨਾ ਬਣਾਉਂਦੇ ਹਨ ਕਿਉਂਕਿ ਇੰਟਰਨੈੱਟ ਉਨ੍ਹਾਂ ਦੀਆਂ ਤਸਵੀਰਾਂ ਤੇ ਵੀਡੀਉਜ਼ ਨਾਲ ਭਰਿਆ ਪਿਆ ਹੈ, ਜੋ ਵੱਡੀ ਗਿਣਤੀ ਵਿਚ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਰਾਹੀਂ ਡੀਪਫੇਕ ਤਿਆਰ ਕਰਨ ਲਈ ਲੋੜੀਂਦੇ ਹੁੰਦੇ ਹਨ। ਵੱਖ-ਵੱਖ ਖੇਤਰਾਂ ਤੇ ਪੈਣ ਵਾਲੇ ਪ੍ਰਭਾਵ ਨੂੰ ਆਉ ਇਕ-ਇਕ ਕਰਕੇ ਵਿਚਾਰਦੇ ਹਾਂ-

ਡੀਪਫੇਕ ਅਤੇ ਸਿਨੇਮਾ

ਡੀਪਫੇਕ ਦੀ ਸਿਨੇਮਾ ਵਿਚ ਭਰਪੂਰ ਵਰਤੋਂ ਸ਼ੁਰੂ ਹੋ ਚੁੱਕੀ ਹੈ। ਫ਼ਿਲਮਾਂ ਵਿਚ ਡੀਪਫੇਕ ਦੀ ਵਰਤੋਂ ਉਨ੍ਹਾਂ ਸਦਾਬਹਾਰ ਕਲਾਕਾਰਾਂ ਨੂੰ ਮੁੜ ਸੁਰਜੀਤ ਕਰਨ ਲਈ ਕੀਤੀ ਜਾ ਰਹੀ ਹੈ, ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ। ਸੰਨ 2021 ਵਿਚ ਆਈ ਹਾਲੀਵੁੱਡ ਫ਼ਿਲਮ ਸਟਾਰ ਵਾਰਜ਼: ਦ ਬੈਡ ਬੈਚ ਵਿਚ ਡੀਪਫੇਕ ਦੀ ਵਰਤੋਂ ਕਰਕੇ ਮਰਹੂਮ ਅਦਾਕਾਰਾਂ ਪੀਟਰ ਕਸ਼ਿੰਗ ਤੇ ਕੈਰੀ ਫ਼ਿਸ਼ਰ ਦੇ ਉਨ੍ਹਾਂ ਯਾਦਗਾਰੀ ਕਿਰਦਾਰਾਂ ਨੂੰ ਐਨੀਮੇਸ਼ਨ ਰੂਪ ਵਿਚ ਮੁੜ ਸੁਰਜੀਤ ਕੀਤਾ ਗਿਆ ਜਿਹੜੇ ਉਨ੍ਹਾਂ ਨੇ 1977 ਵਿਚ ਆਈ ਫ਼ਿਲਮ ਵਿਚ ਨਿਭਾਏ ਸਨ। ਡੀਪਫੇਕ ਦੀ ਵਰਤੋਂ ਕਰਕੇ ਬਹੁਤ ਸਾਰੇ ਦ੍ਰਿਸ਼ਾਂ ਨੂੰ ਬਾਰ-ਬਾਰ ਫ਼ਿਲਮਾਉਣ ਦੀ ਬਜਾਇ ਉਨ੍ਹਾਂ ਨੂੰ ਇਸ ਤਕਨੀਕ ਰਾਹੀਂ ਤਿਆਰ ਕੀਤਾ ਜਾ ਸਕਦਾ ਹੈ, ਜਿਸ ਨਾਲ ਇਸ ਤੇ ਹੋਣ ਵਾਲੇ ਸ਼ੂਟਿੰਗ ਦੇ ਖ਼ਰਚ ਤੇ ਸਮੇਂ ਦੀ ਬੱਚਤ ਹੁੰਦੀ ਹੈ। ਡੀਪਫੇਕ ਤਕਨੀਕ ਨਾਲ ਕਿਸੇ ਵੀ ਵਿਅਕਤੀ ਦੀ ਹੂਬਹੂ ਆਵਾਜ਼ ਤਿਆਰ ਕੀਤੀ ਜਾ ਸਕਦੀ ਹੈ। ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕਰਕੇ ਫ਼ਿਲਮ ਦੇ ਸੰਵਾਦਾਂ ਨੂੰ ਦੁਨੀਆ ਦੀ ਹਰ ਭਾਸ਼ਾ ਵਿਚ ਅਨੁਵਾਦ ਕੀਤਾ ਜਾ ਸਕਦਾ ਹੈ। ਫਿਰ ਇਨ੍ਹਾਂ ਸੰਵਾਦਾਂ ਨੂੰ ਡੀਪਫੇਕ ਦੀ ਮਦਦ ਨਾਲ ਫ਼ਿਲਮ ਵਿਚ ਅਦਾਕਾਰ ਦੀ ਆਵਾਜ਼ ਵਿਚ ਵੱਖ-ਵੱਖ ਭਾਸ਼ਾਵਾਂ ਵਿਚ ਬੋਲਿਆ ਜਾ ਸਕਦਾ ਹੈ। ਮਸ਼ਹੂਰ ਫੁੱਟਬਾਲ ਖਿਡਾਰੀ ਡੇਵਿਡ ਬੈਕਹਮ ਦੀ ਮਲੇਰੀਆ ਬਾਰੇ ਜਾਗਰੂਕਤਾ ਲਈ ਬਣਾਈ ਗਈ ਜਨਹਿੱਤ ਫ਼ਿਲਮ ਨੂੰ ਡੀਪਫੇਕ ਦੀ ਮਦਦ ਨਾਲ ਉਸੇ ਦੀ ਆਵਾਜ਼ ਵਿਚ ਨੌਂ ਵੱਖ-ਵੱਖ ਭਾਸ਼ਾਵਾਂ ਵਿਚ ਤਿਆਰ ਕਰ ਦਿੱਤਾ ਗਿਆ। ਅਸਲ ਵਿਚ ਇਹ ਨੌਂ ਭਾਸ਼ਾਵਾਂ ਬੈਕਹਮ ਨੂੰ ਆਉਂਦੀਆਂ ਹੀ ਨਹੀਂ। ਸੋ ਅਸੀਂ ਦੇਖ ਸਕਦੇ ਹਾਂ ਕਿ ਡੀਪਫੇਕ ਦੀ ਵਰਤੋਂ ਕਰਕੇ ਕਿਵੇਂ ਫਿਲਮ ਪ੍ਰੋਡੋਕਸ਼ਨ ਦੀ ਸਮਰੱਥਾ ਵਧਾਈ ਜਾ ਸਕਦੀ ਹੈ।

ਸਿਨੇਮਾ ਵੀ ਹੁਣ ਆਪਣੇ ਰਿਵਾਇਤੀ ਰੂਪ ਤੋਂ ਅਗਾਂਹ ਨਿਕਲ ਚੁੱਕਾ ਹੈ। ਓਟੀਟੀ ਮਾਧਿਅਮਾਂ ਵਿਚ ਪੇਸ਼ ਕੀਤੀਆਂ ਜਾਂਦੀਆਂ ਫ਼ਿਲਮਾਂ ਤੇ ਵੈੱਬ-ਸੀਰੀਜ਼ ਵਿਚ ਹਿੰਸਾ, ਨੰਗੇਜ਼, ਭੱਦੀ ਸ਼ਬਦਾਵਲੀ, ਨਸ਼ਾਖੋਰੀ ਤੇ ਔਰਤ ਦੇ ਵਸਤੂਕਰਨ ਦੀ ਦ੍ਰਿਸ਼ਕਾਰੀ ਵੱਡੇ ਪੱਧਰ ਤੇ ਹੋਣ ਲੱਗੀ ਹੈ ਜੋ ਪਹਿਲਾਂ ਸਿਨੇਮਾ ਜਾਂ ਟੈਲੀਵਿਜ਼ਨ ਤੇ ਦਿਖਾਈ ਜਾਣ ਵਾਲੀ ਸਮੱਗਰੀ ਵਿਚ ਨਹੀਂ ਹੁੰਦੀ ਸੀ। ਡੀਪਫੇਕ ਦੀ ਮਦਦ ਨਾਲ ਇਸ ਨੂੰ ਹੋਰ ਵਧਾਇਆ ਜਾ ਸਕਦਾ ਹੈ। ਅਸਲ ਅਦਾਕਾਰ ਜਿਨ੍ਹਾਂ ਦ੍ਰਿਸ਼ਾਂ ਦੇ ਫਿਲਮਾਂਕਣ ਲਈ ਸਹਿਜ ਮਹਿਸੂਸ ਨਹੀਂ ਕਰਦੇ ਹਨ ਜਾਂ ਨੈਤਿਕ ਕਾਰਨਾਂ ਕਰਕੇ ਫ਼ਿਲਮਾਉਣ ਤੋਂ ਗੁਰੇਜ਼ ਕਰਦੇ ਹਨ, ਡੀਪਫੇਕ ਦੀ ਵਰਤੋਂ ਕਰਕੇ ਉਹੋ ਜਿਹੇ ਦ੍ਰਿਸ਼ ਫ਼ਿਲਮਾਉਣਾ ਹੋਰ ਵੀ ਆਸਾਨ ਹੋ ਜਾਵੇਗਾ। ਇਸ ਤਰ੍ਹਾਂ ਡੀਪਫੇਕ ਨਾਲ ਤਿਆਰ ਕੀਤੇ ਮਸ਼ਹੂਰ ਸਿਤਾਰਿਆਂ ਨਾਲ ਮਿਲਦੇ-ਜੁਲਦੇ ਚਿਹਰਿਆਂ ਦੀ ਵਰਤੋਂ ਕਰਕੇ ਉਹ ਦ੍ਰਿਸ਼ ਵੀ ਫ਼ਿਲਮਾਏ ਜਾਣਗੇ, ਜਿਹੜੇ ਦ੍ਰਿਸ਼ ਉਹ ਅਦਾਕਾਰ ਕਦੇ ਵੀ ਕਰਨਾ ਨਹੀਂ ਚਾਹੁੰਣਗੇ।

ਪਾਤਰਾਂ ਦੀ ਪੇਸ਼ਕਾਰੀ ਤੇ ਸੰਵੇਦਨਸ਼ੀਲਤਾ ਦਾ ਸੁਆਲ

ਡੀਪਫੇਕ ਦੇ ਫ਼ਿਲਮਾਂ ਤੇ ਪ੍ਰਭਾਵ ਨੂੰ ਸਮਝਣ ਲਈ ਫ਼ਿਲਮਾਂ ਦੇ ਸਮਾਜ ਤੇ ਪੈਣ ਵਾਲੇ ਪ੍ਰਭਾਵ ਨੂੰ ਸਮਝਣਾ ਲਾਜ਼ਮੀ ਹੈ। ਫਿਲਮ ਇੱਕ ਤਾਕਤਵਰ ਮਾਧਿਅਮ ਹੈ, ਫਿਲਮਾਂ ਦੁਆਰਾ ਸਿਰਜੇ ਗਏ ਅਰਥ ਦਰਸ਼ਕਾਂ 'ਤੇ ਡੂੰਘਾ ਪ੍ਰਭਾਵ ਛੱਡਦੇ ਹਨ। ਭਾਵੇਂ ਮੀਡੀਆ ਲੋਕਾਂ ਨੂੰ ਇਹ ਨਹੀਂ ਦੱਸਦਾ ਕਿ ਉਹ ਕੀ ਸੋਚਣ, ਪਰ ਉਹ ਸਾਨੂੰ ਇਹ ਜ਼ਰੂਰ ਦਸਦਾ ਹੈ ਕਿਸ ਬਾਰੇ ਸੋਚਿਆ ਜਾਵੇ ਤੇ ਇਸ ਬਾਰੇ ਕਿਵੇਂ ਸੋਚਿਆ ਜਾਵੇ। ਮਨੋਰੰਜਕ ਮੀਡੀਆ ਭਾਰਤ ਵਿਚ ਹਾਲੇ ਵੀ ਲੋਕਾਂ ਦੀਆਂ ਰਿਵਾਇਤੀ ਸਭਿਆਚਾਰਕ ਮਾਨਤਾਵਾਂ ਅਤੇ ਵਤੀਰਿਆਂ ਨੂੰ ਬਦਲਣ ਵਾਲਾ ਪ੍ਰਭਾਵ ਰੱਖਦਾ ਹੈ। ਫ਼ਿਲਮਾਂ ਸਭਿਆਚਾਰ, ਸਿੱਖਿਆ, ਮਨਪ੍ਰਚਾਵੇ ਤੇ ਪ੍ਰਾਪੇਗੰਡੇ ਦਾ ਤਾਕਤਵਰ ਮਾਧਿਅਮ ਬਣਦੀਆਂ ਹਨ। ਇਸ ਚਰਚਾ ਤੋਂ ਸਪੱਸ਼ਟ ਹੁੰਦਾ ਹੈ ਕਿ ਫ਼ਿਲਮਾਂ ਬਤੌਰ ਦਰਸ਼ਕ ਮਨੁੱਖ ਨੂੰ ਰੋਜ਼ਾਨਾ ਜ਼ਿੰਦਗੀ ਦੇ ਮਸਲਿਆਂ ਬਾਰੇ ਸੰਵੇਦਨਸ਼ੀਲ ਜਾਂ ਅਸੰਵੇਦਨਸ਼ੀਲ ਬਣਾਉਣ ਵਿਚ ਵੱਡੀ ਭੂਮਿਕਾ ਨਿਭਾਉਂਦੀਆਂ ਹਨ। ਫਿਲਮਾਂ ਵਿਚ ਵਧਾ-ਚੜ੍ਹਾ ਕੇ ਰੁਮਾਂਸਵਾਦੀ ਤਰੀਕੇ ਨਾਲ ਪੇਸ਼ ਕੀਤੇ ਜਾਂਦੇ ਹਿੰਸਾ, ਨੰਗੇਜ਼, ਭੱਦੀ ਸ਼ਬਦਾਵਲੀ, ਨਸ਼ਾਖੋਰੀ ਦੇ ਦ੍ਰਿਸ਼ ਪ੍ਰਭਾਵਸ਼ੀਲ ਦਰਸ਼ਕਾਂ ਦੇ ਮਨ ਵਿਚ ਇਨ੍ਹਾਂ ਦਾ ਸਾਧਾਰਨੀਕਰਨ ਕਰਦੇ ਹਨ ਤੇ ਇਸ ਪ੍ਰਭਾਵ ਕਾਰਨ ਉਹ ਆਮ ਜ਼ਿੰਦਗੀ ਵਿਚ ਇਸ ਪ੍ਰਤੀ ਅਸੰਵੇਦਨਸ਼ੀਲ ਹੋ ਜਾਂਦੇ ਹਨ। ਆਰਟੀਫ਼ੀਸ਼ੀਅਲ ਇੰਟੈਲੀਜੈਂਸ ਤੇ ਡੀਪਫੇਕ ਨਾਲ ਤਿਆਰ ਕੀਤੇ ਹੋਏ ਦ੍ਰਿਸ਼ ਇਸ ਸਾਰੇ ਵਰਤਾਰੇ ਨੂੰ ਹੋਰ ਗੁੰਝਲਦਾਰ ਬਣਾ ਦੇਣਗੇ। ਨਤੀਜਤਨ

ਆਪਸੀ ਰਿਸ਼ਤਿਆਂ ਵਿਚ ਅਸੰਵੇਦਨਸ਼ੀਲਤਾ, ਸਮਾਜਕ ਅਸਹਿਣਸ਼ੀਲਤਾ, ਲਿੰਗ ਤੇ ਵਰਗ ਆਧਾਰਿਤ ਅਸੰਵੇਦਨਸ਼ੀਲਤਾ ਤੇ ਵਿਤਕਰੇ ਵਿਚ ਹੋਰ ਵਾਧਾ ਹੋਣ ਦੀ ਸੰਭਾਵਨਾ ਨਜ਼ਰ ਆਉਂਦੀ ਹੈ।

ਡੀਪਫੇਕ ਤੇ ਸੋਸ਼ਲ ਮੀਡੀਆ

ਸੋਸ਼ਲ ਮੀਡੀਆ ਤੇ ਮੌਜੂਦ ਦ੍ਰਿਸ਼ ਮਨੋਰੰਜਨ, ਸੂਚਨਾ, ਜਾਣਕਾਰੀ ਤੋਂ ਲੈ ਕੇ ਖ਼ਰੀਦਦਾਰੀ ਤੇ ਸਿਆਸੀ ਫ਼ੈਸਲਿਆਂ ਤੱਕ ਨੂੰ ਪ੍ਰਭਾਵਿਤ ਕਰਨ ਲੱਗੇ ਹਨ। ਵਿਸ਼ਾ ਕੋਈ ਵੀ ਹੋਵੇ ਹਰ ਦ੍ਰਿਸ਼ ਸੋਸ਼ਲ ਮੀਡੀਆ ਰਾਹੀਂ ਲੋਕਾਂ ਦੇ ਅਵਚੇਤਨ ਨੂੰ ਪ੍ਰਭਾਵਿਤ ਕਰ ਰਿਹਾ ਹੈ। ਚਾਹੇ ਅਦਾਕਾਰਾ ਰਸ਼ਮਿਕਾ ਮੰਦਨਾ ਦਾ ਡੀਪਫੇਕ ਹੋਵੇ ਜਾਂ ਪੱਤਰਕਾਰ ਰਾਣਾ ਅਯੂਬ ਦਾ, ਇਹ ਸਾਰੇ ਸੋਸ਼ਲ ਮੀਡੀਆ ਰਾਹੀਂ ਵੱਡੀ ਗਿਣਤੀ ਵਰਤੋਂਕਾਰਾਂ ਤਕ ਪਹੁੰਚਾਏ ਗਏ ਹਨ। ਜ਼ਿਆਦਾਤਰ ਡੀਪਫੇਕ ਸੋਸ਼ਲ ਮੀਡੀਆ ਦੇ ਰਾਹੀਂ ਵਾਇਰਲ ਕੀਤੇ ਗਏ ਹਨ। ਸੋਸ਼ਲ ਮੀਡੀਆ ਦਾ ਖ਼ਾਸਾ ਹੀ ਇਹ ਹੈ ਕਿ ਇਸ ਤੇ ਅਪਲੋਡ ਕੀਤੀ ਗਈ ਸਮੱਗਰੀ ਬੜੀ ਤੇਜ਼ੀ ਨਾਲ ਫ਼ੈਲਦੀ ਹੈ।

ਇਸ ਵਿਚ ਇਤਰਾਜ਼ਯੋਗ ਸਮੱਗਰੀ ਦੀ ਬਹੁਤਾਤ ਹੈ। ਬਦਨਾਮ ਕਰਨ ਦੀ ਮਨਸ਼ਾ ਨਾਲ ਕਿਸੇ ਜਾਣਕਾਰ ਵਿਅਕਤੀ ਦੇ ਚਿਹਰੇ ਨੂੰ ਇਸਤੇਮਾਲ ਕਰਕੇ ਤਿਆਰ ਕੀਤੇ ਗਏ ਇਤਰਾਜ਼ਯੋਗ ਡੀਪਫੇਕ ਨੂੰ ਬਦਲਾਖੋਰੀ ਵਾਲਾ ਅਸ਼ਲੀਲ ਵੀਡੀਓ (Revenge Porn) ਦਾ ਨਾਮ ਦਿੱਤਾ ਹੈ। ਡੀਪਟਰੇਸ ਨਾਮਕ ਕੌਮਾਂਤਰੀ ਸੰਸਥਾ ਵੱਲੋਂ ਕੀਤੀ ਗਈ ਇਕ ਖੋਜ ਮੁਤਾਬਿਕ ਵੱਡੀ ਪੱਧਰ ਤੇ ਵਾਇਰਲ ਹੋਏ ਡੀਪਫੇਕ ਵਿਚੋਂ 96 ਫ਼ੀਸਦੀ ਪੋਰਨੋਗ੍ਰਾਫ਼ੀ ਸਨ। ਇਨ੍ਹਾਂ ਵਿਚ 99% ਡੀਪਫੇਕ ਔਰਤਾਂ ਦੇ ਸਨ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਡੀਪਫੇਕ ਦੀ ਵਰਤੋਂ ਲਿੰਗ-ਆਧਾਰਿਤ ਹਿੰਸਾ ਨੂੰ ਵਧਾਉਣ ਵਿਚ ਵੱਡੀ ਭੂਮਿਕਾ ਨਿਭਾ ਰਹੀ ਹੈ। ਇਸ ਵਿਚ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕਰਕੇ ਬਣਾਏ ਗਏ ਚਰਚਿਤ ਚਿਹਰਿਆਂ ਦੇ ਇਤਰਾਜ਼ਯੋਗ ਵੀਡੀਉਜ਼ ਦੀ ਵਪਾਰਕ ਵਰਤੋਂ ਤੇ ਬਦਲਾਖੋਰੀ ਵਾਲੀ ਪੋਰਨੋਗ੍ਰਾਫ਼ੀ ਦੋਵੇਂ ਕਿਸਮਾਂ ਸ਼ਾਮਲ ਹਨ। ਹੁਣ ਆਡੀਉ-ਵੀਡੀਉ ਤੇ ਤਸਵੀਰਾਂ ਨਾਲ ਛੇੜਛਾੜ ਕਰਕੇ ਇਸਦੀ ਥੋੜ੍ਹੀ ਜਿਹੀ ਜਾਣਕਾਰੀ ਰੱਖਣ ਵਾਲੇ ਵਿਅਕਤੀ ਵੀ ਬਹੁਤ ਆਸਾਨੀ ਨਾਲ ਡੀਪਫੇਕ ਤਿਆਰ ਕਰ ਸਕਦੇ ਹਨ। ਇੰਟਰਨੈੱਟ ਫਰੀਡਮ ਫਾਊਂਡੇਸ਼ਨ ਦੇ ਸੰਸਥਾਪਕ ਤੇ ਵਕੀਲ ਅਪਾਰ ਗੁਪਤਾ ਦਾ ਕਹਿਣਾ ਹੈ, ਅਕਸਰ ਕੁਝ ਵਿਅਕਤੀ ਪ੍ਰੇਮ ਪ੍ਰਸਤਾਵ ਸਵੀਕਾਰ ਨਾ ਹੋਣ ਤੇ ਔਰਤਾਂ ਨੂੰ ਬਦਨਾਮ ਕਰਨ ਲਈ ਡੀਪਫੇਕ ਤਕਨੀਕ ਦੀ ਵਰਤੋਂ ਕਰਦੇ ਹਨ ਜਿਸ ਕਰ ਕੇ ਉਨ੍ਹਾਂ ਨੂੰ ਸੁਭਾਵਕ ਤੌਰ 'ਤੇ ਲੱਗਣ ਵਾਲੀਆਂ ਸਮਾਜਕ ਬੰਦਸ਼ਾਂ ਦੇ ਨਾਲ-ਨਾਲ ਮਾਨਸਿਕ ਤਕਲੀਫ਼ ਵਿਚੋਂ ਗੁਜ਼ਰਨਾ ਪੈਂਦਾ ਹੈ।

ਡੀਪਫੇਕ ਦਾ ਮੁਕਾਬਲਾ ਕਿਵੇਂ ਕਰੀਏ ?

ਮੁੱਢਲੀਆਂ ਖੋਜਾਂ ਡੀਪਫੇਕ ਦਾ ਮੁਕਾਬਲਾ ਕਰਨ ਲਈ ਚਾਰ ਪ੍ਰਮੁੱਖ ਤਰੀਕੇ ਦੱਸਦੀਆਂ ਹਨ-

1. **ਨਿਯਮ ਤੇ ਕਾਨੂੰਨ** : ਸਭ ਤੋਂ ਪਹਿਲਾਂ ਡੀਪਫੇਕ ਨੂੰ ਰੋਕਣ ਲਈ ਸਪੱਸ਼ਟ ਨਿਯਮ ਤੇ ਕਾਨੂੰਨਾਂ ਦੀ ਸਮਝ ਲਾਜ਼ਮੀ ਹੈ। ਭਾਰਤੀ ਕਾਨੂੰਨ ਵਿਚ ਮੌਜੂਦ ਆਈ.ਟੀ. ਐਕਟ 2000 ਦੀਆਂ ਕੁਝ ਧਾਰਾਵਾਂ ਡੀਪਫੇਕ ਉੱਤੇ ਲਾਗੂ ਕੀਤੀਆਂ ਜਾ ਸਕਦੀਆਂ ਹਨ। ਇਸ ਵਿਚ ਕਿਸੇ ਵਿਅਕਤੀ ਦੀ ਨਿੱਜਤਾ ਨੂੰ ਨੁਕਸਾਨ ਪਹੁੰਚਾਉਣ ਤੇ ਮੰਦੀ-ਭਾਵਨਾ ਨਾਲ ਸੰਚਾਰ ਤੇ ਕੰਪਿਊਟਰ ਉਪਕਰਣਾਂ ਦੀ ਦੁਰਵਰਤੋਂ ਨਾਲ ਸਬੰਧਤ ਕਾਨੂੰਨ ਮੌਜੂਦ ਹਨ।

2. **ਕਾਰਪੋਰੇਟ ਨੀਤੀਆਂ ਤੇ ਸਵੈ-ਇੱਛਤ ਕਾਰਵਾਈ** : ਸੋਸ਼ਲ ਮੀਡੀਆ ਕੰਪਨੀਆਂ ਨੂੰ ਆਪਣੇ ਪੱਧਰ ਤੇ ਇਸ ਤਰ੍ਹਾਂ ਦੀਆਂ ਨੀਤੀਆਂ ਅਪਣਾਉਣੀਆਂ ਪੈਣਗੀਆਂ ਜਿਸ ਨਾਲ ਉਹ ਆਪਣੇ ਮੰਚਾਂ ਤੇ ਡੀਪਫੇਕ ਫੈਲਣ ਤੋਂ ਰੋਕ ਸਕਣ। ਫ਼ਿਲਹਾਲ ਸੋਸ਼ਲ ਮੀਡੀਆ ਨੂੰ ਪੂਰਨ ਆਜ਼ਾਦੀ ਪ੍ਰਾਪਤ ਹੈ ਤੇ ਉਸ ਉੱਤੇ ਲੋਕ ਆਪਣੀ ਮਨ-ਮਰਜ਼ੀ ਦਾ ਪ੍ਰਗਟਾਵਾ ਕਰ ਸਕਦੇ ਹਨ। ਵਿਚਾਰਾਂ ਤੇ ਪ੍ਰਗਟਾਵੇ ਦੀ ਆਜ਼ਾਦੀ ਲਈ ਇਹ ਲਾਜ਼ਮੀ ਵੀ ਹੈ, ਪਰ ਸੋਸ਼ਲ ਮੀਡੀਆ ਪਲੇਟਫਾਰਮ ਵਾਇਰਲ ਸਮੱਗਰੀ ਤੋਂ ਹੋਣ ਵਾਲੇ ਫ਼ਾਇਦੇ ਕਰ ਕੇ ਅਜਿਹੀ ਸਮੱਗਰੀ ਨੂੰ ਹਟਾਉਂਦੇ ਨਹੀਂ। ਕਈ ਸੋਸ਼ਲ ਮੀਡੀਆ ਪਲੇਟਫਾਰਮਾਂ ਨੇ ਸਖ਼ਤ ਨੀਤੀਆਂ ਬਣਾਈਆਂ ਹੋਈਆਂ ਹਨ ਪਰ ਇਨ੍ਹਾਂ ਦੀ ਵਰਤੋਂ ਜਿੰਨੀ ਪਾਰਦਰਸ਼ੀ ਢੰਗ ਨਾਲ ਹੋਣੀ ਚਾਹੀਦੀ ਹੈ, ਉਹ ਹਾਲੇ ਨਹੀਂ ਹੋ ਰਹੀ ਹੈ। ਪਿਛਲੇ ਸਮੇਂ ਵਿਚ ਕੁਝ ਸੋਸ਼ਲ ਮੀਡੀਆ ਪਲੇਟਫਾਰਮਾਂ ਨੇ ਇਸ ਤਰ੍ਹਾਂ ਦੀ ਤਕਨੀਕ ਅਪਣਾਉਣੀ ਸ਼ੁਰੂ ਕੀਤੀ ਹੈ, ਜਿਸ ਨਾਲ ਇਤਰਾਜ਼ਯੋਗ ਸਮੱਗਰੀ ਨੂੰ ਹਟਾਉਣ, ਅਜਿਹੀ ਸਮੱਗਰੀ ਫੈਲਾਉਣ ਵਾਲੇ ਵਰਤੋਂਕਾਰਾਂ ਦੇ ਖ਼ਾਤਿਆਂ ਤੇ ਪਾਬੰਦੀ ਲਾਉਣ ਵਰਗੀਆਂ ਕਾਰਵਾਈਆਂ ਕਰ ਰਹੇ ਹਨ।

3. **ਸਿੱਖਿਆ ਤੇ ਸਿਖਲਾਈ**: ਭਾਵੇਂ ਕਿ ਡੀਪਫੇਕ ਨਾਲ ਨਜਿੱਠਣ ਲਈ ਕਾਨੂੰਨ ਤੇ ਨਿਯਮ ਵੀ ਮੌਜੂਦ ਹਨ, ਸੋਸ਼ਲ ਮੀਡੀਆ ਕੰਪਨੀਆਂ ਵੀ ਆਪਣੇ ਪੱਧਰ ਤੇ ਇਨ੍ਹਾਂ ਨੂੰ ਰੋਕਣ ਲਈ ਪ੍ਰਬੰਧ ਕਰ ਰਹੀਆਂ ਹਨ, ਪਰ ਸਿਰਫ਼ ਇੰਨੇ ਨਾਲ ਇਸ ਗੰਭੀਰ ਸਮੱਸਿਆ ਦਾ ਹੱਲ ਨਹੀਂ ਹੋ ਸਕਦਾ। ਇਸ ਨੂੰ ਫੈਲਾਉਣ ਵਿਚ ਆਮ ਲੋਕਾਂ ਦੀ ਵੱਡੀ ਭੂਮਿਕਾ ਹੁੰਦੀ ਹੈ। ਇਸ ਲਈ ਇਸ ਪ੍ਰਤੀ ਲੋਕਾਂ ਨੂੰ ਸਿੱਖਿਅਤ ਕਰਨਾ ਤੇ ਇਸ ਦੀ ਪਛਾਣ ਕਰਨ ਲਈ ਸਿਖਲਾਈ ਦੇਣਾ ਦੋਵੇਂ ਲਾਜ਼ਮੀ ਹਨ। ਲੋਕਾਂ ਨੂੰ ਸਮਝਣਾ ਪਵੇਗਾ ਕਿ ਜੋ

ਵੀਡੀਉ ਵਿਚ ਨਜ਼ਰ ਆ ਰਿਹਾ ਹੈ, ਜ਼ਰੂਰੀ ਨਹੀਂ ਹੈ ਕਿ ਉਹ ਘਟਨਾ ਦੀ ਸਹੀ ਜਾਣਕਾਰੀ ਹੋਵੇ ਅਤੇ ਲੋਕਾਂ ਨੂੰ ਉਨ੍ਹਾਂ ਸੰਕੇਤਾਂ ਨੂੰ ਜਾਣਨਾ ਪਵੇਗਾ ਜਿਹੜੇ ਡੀਪਫੇਕ ਦੀ ਪਛਾਣ ਕਰਨ ਵਿਚ ਸਹਾਈ ਹੋ ਸਕਦੇ ਹਨ।

4. **ਡੀਪਫੇਕ ਰੋਧੀ ਤਕਨੀਕ**: ਡੀਪਫੇਕ ਦੀ ਪਛਾਣ ਕਰਨ ਲਈ ਵੀ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕੀਤੀ ਜਾ ਸਕਦੀ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਖੋਜਕਾਰ ਇਹੋ ਜਿਹੇ ਐਲਗੋਰਿਦਮ (ਕੰਪਿਊਟਰ ਕੋਡਿੰਗ) ਤਿਆਰ ਕਰ ਰਹੇ ਹਨ ਜੋ ਡੀਪਫੇਕ ਨਾਲ ਤਿਆਰ ਕੀਤੇ ਦ੍ਰਿਸ਼ਾਂ ਨੂੰ ਫਰੇਮ ਪੱਧਰ ਤੇ ਘੋਖ ਕੇ ਦੱਸ ਸਕਦੇ ਹਨ ਕਿ ਵੀਡੀਉ ਵਿਚ ਦਿਖਾਏ ਗਏ ਚਿਹਰੇ ਅਸਲੀ ਹਨ ਜਾਂ ਡੀਪਫੇਕ ਨਾਲ ਤਿਆਰ ਕੀਤੇ ਗਏ ਹਨ। ਏਆਈ ਕੰਪਨੀਆਂ ਇਸ ਕਿਸਮ ਦੀ ਤਕਨੀਕ ਵੀ ਵਿਕਸਿਤ ਕਰ ਰਹੀਆਂ ਹਨ ਜਿਸ ਨਾਲ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕਰ ਕੇ ਤਿਆਰ ਕੀਤੇ ਗਏ ਡੀਪਫੇਕ ਵਿਚ ਇਸ ਦੀ ਜਾਣਕਾਰੀ ਦਿੰਦਾ ਵਾਟਰਮਾਰਕ (ਮੋਹਰ) ਲੱਗ ਜਾਵੇਗਾ। ਉਹ ਉਸੇ ਤਰਜ਼ 'ਤੇ ਹੈ ਜਿਵੇਂ ਵੱਟਸ-ਐਪ ਤੇ ਫਾਰਵਰਡ ਕੀਤੇ ਹੋਏ ਸੁਨੇਹਿਆਂ ਦੇ ਨਾਲ ਫਾਰਵਰਡ ਸ਼ਬਦ ਦਾ ਟੈਗ ਲੱਗ ਜਾਂਦਾ ਹੈ।

ਵਿਚਾਰਨਯੋਗ ਨੁਕਤਾ ਇਹ ਹੈ ਕਿ ਡੀਪਫੇਕ ਨਾਲ ਨਜਿੱਠਣ ਲਈ ਕੋਈ ਇੱਕ ਤਰੀਕਾ ਨਹੀਂ ਅਪਣਾਇਆ ਜਾ ਸਕਦਾ। ਇਸ ਲਈ ਨਿਯਮਾਂ ਅਤੇ ਕਾਨੂੰਨਾਂ ਦੀ ਸਖਤੀ ਨਾਲ ਪਾਲਣਾ, ਕਾਰਪੋਰੇਟ ਜਿੰਮੇਂਦਾਰੀ, ਲੋਕਾਂ ਦੀ ਜਾਗਰੂਕਤਾ ਅਤੇ ਤਕਨੀਕੀ ਹੱਲ ਦਾ ਸੰਤੁਲਿਤ ਸੁਮੇਲ ਲੋੜੀਂਦਾ ਹੈ।

ਅੰਤ ਵਿੱਚ, ਇਹੀ ਕਿਹਾ ਜਾ ਸਕਦਾ ਹੈ ਕਿ ਭਾਵੇਂ ਡੀਪਫੇਕ ਵਰਗਾ ਵਰਤਾਰਾ ਹੁਣ ਹਕੀਕਤ ਦਾ ਜਾਮਾ ਪਾ ਚੁੱਕਿਆ ਹੈ ਪਰ ਸਮਾਜ ਦੇ ਸਮੂਹਿਕ ਯਤਨਾਂ ਨਾਲ ਇਸ ਦੀ ਦੁਰਵਰਤੋਂ ਨੂੰ ਕਾਬੂ ਕੀਤਾ ਜਾ ਸਕਦਾ ਹੈ ਤੇ ਇਸਦੇ ਉਸਾਰੂ ਫ਼ਾਇਦਿਆਂ ਨੂੰ ਅਪਣਾਇਆ ਜਾਣਾ ਚਾਹੀਦਾ ਹੈ।

ਇਸ ਵਿਸ਼ੇ ਬਾਰੇ ਹੋਰ ਵਧੇਰੇ ਜਾਣਕਾਰੀ ਲਈ ਇਹ ਕਯੂ.ਆਰ ਸਕੈਨ ਕਰੋ।

ਸਲਾਮ ਹੈ ਸਿਰਜਣੀ ਦੀ ਸੋਚ ਨੂੰ

ਭਾਰਤ ਪੱਧਰ ਦੇ ਸਕੂਲ ਬੋਰਡਾਂ ਵਿੱਚ ICSE ਬੋਰਡ ਬਹੁਤ ਵਕਾਰੀ ਨਾਮ ਹੈ। ਇਸ ਬੋਰਡ ਵੱਲੋਂ ਆਪਣਾ ਪਾਠਕ੍ਰਮ ਕਾਫੀ ਉੱਚ ਪਾਏ ਦਾ ਨਿਰਧਾਰਿਤ ਕੀਤਾ ਜਾਂਦਾ ਹੈ ਅਤੇ ਬਹੁਤ ਸਾਰੇ ਨਾਮਵਰ ਸਕੂਲ ਇਸ ਨਾਲ ਜੁੜੇ ਹੋਏ ਹਨ। ਇਸ ਸਾਲ ਇਸ ਬੋਰਡ ਵੱਲੋਂ ਜੋ ਬਾਰਵੀਂ ਸ਼੍ਰੇਣੀ ਦੀ ਪ੍ਰੀਖਿਆ ਲਈ ਗਈ, ਉਸ ਵਿੱਚੋਂ ਦੇਸ਼ ਭਰ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ -ਕਲਕੱਤੇ ਦੀ ਲੜਕੀ ਸਿਰਜਣੀ ਨੇ। ਉਸ ਨੇ ਸਾਰੇ ਵਿਸ਼ਿਆਂ ਵਿੱਚੋਂ ਪੂਰੇ ਪੂਰੇ ਨੰਬਰ ਲੈ ਕੇ ਕੁੱਲ 400 ਵਿੱਚੋਂ 400 ਅੰਕ ਹਾਸਲ ਕੀਤੇ। ਪਰ ਅਸੀਂ 'ਤਰਕਸ਼ੀਲ' ਵੱਲੋਂ ਉਸ ਨੂੰ ਸਲਾਮ ਉਸ ਵੱਲੋਂ ਪ੍ਰੀਖਿਆ ਵਿੱਚ ਇਹ ਪ੍ਰਾਪਤੀ ਕਰਨ ਲਈ ਨਹੀਂ ਕਰ ਰਹੇ ਬਲਕਿ ਉਸਦੀ ਅਗਾਂਹਵਧੂ ਸੋਚ ਨੂੰ ਕਰ ਰਹੇ ਹਾਂ।

ਉਹ ਸੋਚ ਕੀ ਹੈ ?

ਪਹਿਲੀ ਗੱਲ ਸਿਰਜਣੀ ਨੇ ਆਪਣੇ ਸਕੂਲ ਦੇ ਫਾਰਮ ਵਿੱਚ ਧਰਮ ਵਾਲੇ ਖਾਨੇ ਵਿੱਚ ਕਿਸੇ ਧਰਮ ਦਾ ਨਾਂ ਲਿਖਣ ਦੀ ਬਜਾਏ 'ਮਾਨਵਤਾਵਾਦ' ਭਰਿਆ ਹੋਇਆ ਹੈ। ਦੂਸਰਾ ਉਸ ਨੇ ਆਪਣੇ ਨਾਮ ਨਾਲ ਕੋਈ ਜਾਤ ਗੋਤ ਨਹੀਂ ਲਗਾਇਆ ਅਤੇ ਰਜਿਸਟ੍ਰੇਸ਼ਨ ਫਾਰਮਾਂ ਵਿੱਚ ਆਪਣਾ ਨਾਮ ਸਿਰਫ 'ਸਿਰਜਣੀ' ਹੀ ਭਰਿਆ ਹੈ। ਇਸ ਸਬੰਧ ਵਿੱਚ ਉਹ ਕਹਿੰਦੀ ਹੈ ਕਿ ਉਸ ਦੀ ਭਾਵਨਾ ਹੈ ਕਿ ਸਾਡਾ ਸਮਾਜ ਜਾਤ, ਨਸਲ, ਧਰਮ ਅਤੇ ਲਿੰਗ ਭੇਦ ਦੀਆਂ ਵੰਡਾਂ ਤੋਂ ਮੁਕਤ ਹੋਵੇ। ਉਸ ਨੇ 'ਟਾਈਮਜ਼ ਆਫ਼ ਇੰਡੀਆ' ਅਖ਼ਬਾਰ ਨਾਲ ਗੱਲ ਕਰਦਿਆਂ ਕਿਹਾ,"ਮੈਂ ਆਰਥਿਕ, ਸਮਾਜਿਕ ਅਤੇ ਧਾਰਮਿਕ, ਹਰ ਕਿਸਮ ਦੀ ਗੈਰ-ਬਰਾਬਰੀ ਦੇ ਵਿਰੁੱਧ ਹਾਂ।" ਉਸ ਦੇ ਇਨ੍ਹਾਂ ਫੈਸਲਿਆਂ ਨਾਲ ਉਸਦੇ ਮਾਤਾ ਪਿਤਾ ਵੀ ਸਹਿਮਤ ਹਨ ਜੋ ਖ਼ੁਦ ਅਗਾਂਹਵਧੂ ਸੋਚ ਦੇ ਧਾਰਨੀ ਪ੍ਰੋਫੈਸਰ ਹਨ।

ਉਹ ਆਪਣੇ ਇਹਨਾਂ ਵਿਚਾਰਾਂ ਦਾ ਸਿਰਫ ਦਾਅਵਾ ਹੀ ਨਹੀਂ ਕਰਦੀ ਸਗੋਂ ਲੋੜ ਪੈਣ 'ਤੇ ਇਸ ਤਰ੍ਹਾਂ ਦੀ ਸੋਚ ਨਾਲ ਸਬੰਧਿਤ ਸਰਗਰਮੀਆਂ ਵਿੱਚ ਵੀ ਹਿੱਸਾ ਲੈਂਦੀ ਹੈ। ਪਿਛਲੇ ਸਾਲ ਅਗਸਤ 2024 ਵਿੱਚ ਕਲਕੱਤੇ ਦੇ ਆਰ.ਜੀ.ਕਾਰ ਮੈਡੀਕਲ ਕਾਲਜ ਵਿੱਚ ਇੱਕ ਜੂਨੀਅਰ ਡਾਕਟਰ ਨਾਲ ਜੋ ਬਲਾਤਕਾਰ ਅਤੇ ਕਤਲ ਦੀ ਵਾਰਦਾਤ ਹੋਈ ਸੀ ਉਸ ਖਿਲਾਫ ਚੱਲੇ ਅੰਦੋਲਨ ਵਿੱਚ ਵੀ ਉਹ ਸਰਗਰਮੀ ਨਾਲ ਭਾਗ ਲੈਂਦੀ ਰਹੀ ਸੀ। ਅਜਿਹੀਆਂ ਸਰਗਰਮੀਆਂ ਵਿੱਚ ਭਾਗ ਲੈਣ ਦੇ ਬਾਵਜੂਦ ਦੇਸ਼ ਭਰ ਵਿੱਚੋਂ ਪਹਿਲਾ ਸਥਾਨ ਹਾਸਿਲ ਕਰਨਾ ਉਸ ਦੀ ਪ੍ਰਾਪਤੀ ਨੂੰ ਹੋਰ ਵੱਡਾ ਕਰਦਾ ਹੈ। ਸਾਨੂੰ ਅਜਿਹੀਆਂ ਬੱਚੀਆਂ 'ਤੇ ਮਾਣ ਹੈ।

ਇੱਕ ਪਾਸਿਓਂ ਗੋਲੀਆਂ, ਦੂਜੇ ਪਾਸਿਓਂ ਗਾਲੀਆਂ (ਗਾਹਲਾਂ)

ਰਾਜਪਾਲ ਸਿੰਘ

22 ਅਪ੍ਰੈਲ 2025 ਨੂੰ ਵਾਪਰੇ ਪਹਿਲਗਾਮ ਦੇ ਦਰਦਨਾਕ ਕਤਲੇਆਮ ਵਿੱਚ ਚਾਹੇ ਮਾਰੇ ਗਏ ਹਰ ਇਨਸਾਨ ਦਾ ਹੀ ਦੁੱਖ ਹੋਇਆ ਪਰ ਇਸ ਕਾਂਡ ਵਿੱਚ ਸਭ ਤੋਂ ਵੱਧ ਝੰਜੋੜ ਦੇਣ ਵਾਲੀ ਤਸਵੀਰ ਨਵ-ਵਿਆਹੇ ਨਰਵਾਲ ਜੋੜੇ ਦੀ ਸੀ। ਭਾਰਤੀ ਨੇਵੀ ਵਿੱਚ ਲੈਫਟੀਨੈਂਟ ਦੇ ਅਹੁਦੇ ਉੱਤੇ ਕੰਮ ਕਰਦਾ ਵਿਨੇ ਨਰਵਾਲ ਅਤੇ ਉਸਦੀ ਪਤਨੀ ਹਿਮਾਂਸ਼ੀ ਨਰਵਾਲ ਵਿਆਹ ਉਪਰੰਤ ਹਨੀਮੂਨ ਲਈ ਕਸ਼ਮੀਰ ਗਏ ਹੋਏ ਸਨ। ਜਦ ਵਿਨੇ ਨਰਵਾਲ ਨੂੰ ਗੋਲੀ ਮਾਰੀ ਗਈ ਤਾਂ ਉਸ ਦੀ ਲਾਸ਼ ਕੋਲ ਬੈਠੀ ਨਵ-ਵਿਆਹੀ ਹਿਮਾਂਸ਼ੀ ਦੀਆਂ ਫੋਟੋਆਂ ਦੇਖ ਕੇ ਹਰ ਦਿਲ ਪਸੀਜ ਉੱਠਿਆ ਸੀ। ਅਜਿਹੇ ਦੁਖਾਂਤ ਬਾਅਦ ਉਸ ਪ੍ਰਤੀ ਕੋਈ ਬੁਰਾ ਸ਼ਬਦ ਤਾਂ ਸੋਚਿਆ ਹੀ ਨਹੀਂ ਜਾ ਸਕਦਾ ਸੀ। ਹਰ ਕੋਈ ਉਸਦੇ ਦੁੱਖ ਵਿੱਚ ਭਿੱਜਿਆ ਹੋਇਆ ਸੀ। ਪਰ ਫਿਰਕੂ ਭਾਵਨਾਵਾਂ ਦੇ ਡੰਗੇ ਹੋਏ ਬੰਦਿਆਂ ਦੇ ਮਨਾਂ ਵਿੱਚ ਜ਼ਹਿਰ ਹੀ ਐਨਾ ਭਰਿਆ ਹੁੰਦਾ ਹੈ ਕਿ ਉਨ੍ਹਾਂ ਵਿੱਚ ਨਾ ਤਾਂ ਕਿਸੇ ਪ੍ਰਤੀ ਕੋਈ ਤਰਸ ਹੁੰਦਾ ਹੈ ਅਤੇ ਨਾ ਹੀ ਚੰਗੀ ਭਾਵਨਾ। ਜੇ ਵਿਨੇ ਨਰਵਾਲ ਇੱਕ ਧਿਰ ਦੇ ਅੱਤਵਾਦੀਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋਇਆ ਤਾਂ ਉਸ ਤੋਂ ਕੁਝ ਦਿਨ ਬਾਅਦ ਹੀ ਹਿਮਾਂਸ਼ੀ ਦੂਸਰੀ ਧਿਰ ਦੇ ਗਾਲ੍ਹਾਂ ਵਾਲੇ ਹਮਲੇ ਦਾ ਸ਼ਿਕਾਰ ਹੋਈ। ਇਹ ਦੂਸਰਾ ਹਮਲਾ ਸਰੀਰਕ ਨਾ ਸਹੀ, ਪਰ ਮਾਨਸਿਕ ਤੌਰ ਉੱਤੇ ਬਹੁਤ ਵੱਡੀ ਸੱਟ ਮਾਰਨ ਵਾਲਾ ਸੀ। ਇੰਸਟਾਗਰਾਮ ਉੱਤੇ ਉਸ ਬਾਰੇ ਜੋ ਜੋ ਸ਼ਬਦ ਲਿਖੇ ਗਏ, ਉਹ ਸਾਡੇ ਲਈ ਤਾਂ ਇਥੇ ਲਿਖਣੇ ਸੰਭਵ ਹੀ ਨਹੀਂ। ਪਰ ਮੋਟੇ ਤੌਰ ਤੇ ਉਨ੍ਹਾਂ ਦੇ ਅਰਥ ਇਹ ਬਣਦੇ ਸਨ ਕਿ 'ਇਸ ਦਾ ਘਰ ਵਾਲਾ ਤਾਂ ਮਰ ਗਿਆ ਹੁਣ ਇਹ ਮੁਸਲਮਾਨਾਂ ਨਾਲ ਐਸ਼ ਕਰਨੀ ਚਾਹੁੰਦੀ ਹੈ,' 'ਇਸ ਨੂੰ ਕੋਈ ਕਸ਼ਮੀਰੀ ਪਸੰਦ ਆ ਗਿਆ ਹੈ', 'ਇਸਦੀ ਦਿੱਲੀ ਵਿਖੇ ਪੜ੍ਹਨ ਦੌਰਾਨ ਹੀ ਕਸ਼ਮੀਰੀਆਂ ਨਾਲ ਯਾਰੀ ਸੀ' ਅਤੇ ਹੋਰ ਬਹੁਤ ਕੁਝ। ਪਾਠਕ ਹੈਰਾਨ ਹੋ ਸਕਦੇ ਹਨ ਕਿ ਐਡੇ ਦੁਖਾਂਤ ਵਿੱਚੋਂ ਲੰਘ ਰਹੀ ਔਰਤ ਪ੍ਰਤੀ ਕੋਈ ਇਹੋ ਜਿਹੇ ਸ਼ਬਦ ਵੀ ਵਰਤ ਸਕਦਾ ਹੈ। ਪਰ ਇਹ ਬਗੈਰ ਕਿਸੇ ਸੰਗ ਸ਼ਰਮ ਤੋਂ ਸ਼ਰ੍ਹੇਆਮ ਵਰਤੇ ਗਏ।

ਹਿਮਾਂਸ਼ੀ ਉੱਤੇ ਹੋਏ ਇਸ ਨਫ਼ਰਤੀ ਹਮਲੇ ਦਾ ਕਾਰਨ ਕੀ ਸੀ ?

ਲੈਫਟੀਨੈਂਟ ਵਿਨੇ ਨਰਵਾਲ ਦੀ ਮੌਤ ਬਾਅਦ ਕਿਸੇ ਸੰਸਥਾ ਨੇ ਉਸਦੇ ਪਰਿਵਾਰ ਨਾਲ ਮਿਲ ਕੇ ਪਹਿਲੀ ਮਈ ਨੂੰ ਪੈਂਦੇ ਉਸਦੇ 27ਵੇਂ ਜਨਮ ਦਿਨ ਉੱਤੇ ਖੂਨ-ਦਾਨ ਕੈਂਪ ਦਾ ਪ੍ਰਬੰਧ ਕੀਤਾ। ਇਸ ਮੌਕੇ ਉੱਥੇ ਮੌਜੂਦ ਪੱਤਰਕਾਰਾਂ ਨੇ ਹਿਮਾਂਸ਼ੀ ਤੋਂ ਪਹਿਲਗਾਮ ਘਟਨਾ ਬਾਰੇ ਉਸਦੇ ਪ੍ਰਤੀਕਰਮ ਜਾਨਣੇ ਚਾਹੇ ਤਾਂ ਹਿਮਾਂਸ਼ੀ ਨੇ ਕਿਹਾ ਕਿ 'ਇਸ ਕਾਂਡ ਲਈ ਸਾਰੇ ਮੁਸਲਮਾਨਾਂ ਜਾਂ ਕਸ਼ਮੀਰੀਆਂ ਨੂੰ ਨਿਸ਼ਾਨਾ ਨਾ ਬਣਾਓ। ਅਸੀਂ ਇਹ ਨਹੀਂ ਚਾਹੁੰਦੇ। ਅਸੀਂ ਸ਼ਾਂਤੀ ਚਾਹੁੰਦੇ ਹਾਂ। ਬਿਨਾਂ ਸ਼ੱਕ ਅਸੀਂ ਇਨਸਾਫ ਚਾਹੁੰਦੇ ਹਾਂ ਪਰ ਸਜ਼ਾ ਉਨ੍ਹਾਂ ਨੂੰ ਹੀ ਮਿਲਣੀ ਚਾਹੀਦੀ ਹੈ ਜਿਨ੍ਹਾਂ ਨੇ ਇਹ ਕਾਰਾ ਕੀਤਾ। (ਨਾ ਕਿ ਸਾਰੇ ਮੁਸਲਮਾਨਾਂ ਜਾਂ ਸਾਰੇ ਕਸ਼ਮੀਰੀਆਂ ਨੂੰ)। ਉਸ ਦੇ ਅੰਗਰੇਜ਼ੀ ਵਿੱਚ ਬੋਲੇ ਸ਼ਬਦ ਸਨ- People are going against Muslims and Kashmiris. We dont want this. We want peace and only peace. Of course we want justice.

ਫਿਰਕੂ ਅਤੇ ਰਾਸ਼ਟਰਵਾਦੀ ਜਨੂੰਨ ਵਿੱਚ ਰੰਗੇ ਲੋਕ ਇਸ ਗੱਲ ਤੋਂ ਗੁੱਸੇ ਵਿੱਚ ਆ ਗਏ ਕਿ ਉਸਨੇ ਬਦਲਾ ਲੈਣ ਦੀ ਗੱਲ ਕਰਨ ਦੀ ਬਜਾਏ ਇਹ ਕਿਉਂ ਕਿਹਾ ਕਿ ਸਾਰੇ ਮੁਸਲਮਾਨ ਅਤੇ ਕਸ਼ਮੀਰੀ ਦੋਸ਼ੀ ਨਹੀਂ ਹਨ। ਉਨ੍ਹਾਂ ਨੇ ਹਿਮਾਂਸ਼ੀ ਦੇ ਸੋਸ਼ਲ ਮੀਡੀਆ ਖਾਤੇ ਫਰੋਲਣੇ ਸ਼ੁਰੂ ਕਰ ਦਿੱਤੇ ਅਤੇ 'ਖੋਜ' ਕੀਤੀ ਕਿ ਇਹ ਤਾਂ ਜੇ.ਐੱਨ.ਯੂ. ਯੂਨੀਵਰਸਿਟੀ ਵਿੱਚ ਪੜ੍ਹਦੇ ਹੋਏ ਸਮੇਂ ਸੈਕੂਲਰ ਵਿਚਾਰਾਂ ਦੀ ਧਾਰਨੀ ਸੀ, ਇਸ ਨੇ ਆਸਿਫਾ ਦੇ ਹੱਕ ਵਿੱਚ ਪਟੀਸ਼ਨ ਵੀ ਸਾਈਨ ਕੀਤੀ ਸੀ, ਇਸ ਦਾ ਕਸ਼ਮੀਰੀਆਂ ਦੇ ਨਾਲ ਮੇਲ ਜੋਲ ਸੀ ਅਤੇ ਅਸਲ ਵਿੱਚ ਇਹ ਜੇਐਨਯੂ ਦੇ 'ਟੁਕੜੇ ਟੁਕੜੇ ਗੈਂਗ' ਦੀ ਮੈਂਬਰ ਸੀ। ਉਨ੍ਹਾਂ ਦੀ ਸੋਚ ਅਨੁਸਾਰ ਜਿਹੜਾ ਵੀ ਮੁਸਲਮਾਨਾਂ ਨੂੰ ਨਫ਼ਰਤ ਨਹੀਂ ਕਰਦਾ, ਸੈਕੂਲਰ ਵਿਚਾਰਾਂ ਦਾ ਧਾਰਨੀ ਹੈ, ਕਿਤੇ ਵੀ ਹੁੰਦੇ ਜੁਲਮ ਦੇ ਖਿਲਾਫ ਬੋਲਦਾ ਹੈ, ਉਹ ਦੇਸ਼ ਨੂੰ ਟੁਕੜੇ ਟੁਕੜੇ ਕਰਨਾ ਚਾਹੁੰਦਾ ਹੈ। ਸੋ ਉਨ੍ਹਾਂ ਨੇ ਇਹ ਸਾਰੇ ਦੋਸ਼ ਹਿਮਾਂਸ਼ੀ ਉੱਤੇ ਮੜ੍ਹ ਦਿੱਤੇ, ਬਗੈਰ ਇਹ ਸੋਚੇ ਕਿ ਉਹ ਜਿੰਦਗੀ ਦੇ ਕਿੱਡੇ ਵੱਡੇ ਦੁਖਾਂਤ ਵਿੱਚੋਂ ਲੰਘ ਰਹੀ ਹੈ, ਉਨ੍ਹਾਂ ਨੇ ਆਪਣੀਆਂ ਗਾਲ੍ਹਾਂ ਦੇ ਗੋਲੇ ਹਿਮਾਂਸ਼ੀ ਉੱਤੇ ਵਰ੍ਹਾਉਣੇ ਸ਼ੁਰੂ ਕਰ ਦਿੱਤੇ।

ਇਸੇ ਤਰ੍ਹਾਂ ਕੇਰਲਾ ਤੋਂ ਆਈ ਇਕ ਹੋਰ ਸੈਲਾਨੀ ਲੜਕੀ ਆਰਤੀ ਮੈਨਨ, ਜਿਸ ਦਾ ਪਿਤਾ ਵੀ ਉਸ ਕਤਲੇਆਮ ਵਿੱਚ ਮਾਰਿਆ ਗਿਆ ਸੀ, ਉਹ ਵੀ ਇਸੇ ਤਰ੍ਹਾਂ ਦੇ ਨਫ਼ਰਤੀ ਕੁਮੈਂਟਾਂ ਦਾ ਸ਼ਿਕਾਰ ਹੋਈ। ਉਸ ਦਾ ਵੀ ਕਸੂਰ ਇੰਨਾ ਹੀ ਸੀ ਕਿ ਉਸ ਨੇ ਉਨ੍ਹਾਂ ਦੋ ਕਸ਼ਮੀਰੀ ਬੰਦਿਆਂ ਦੀ ਪ੍ਰਸੰਸਾ ਕੀਤੀ ਸੀ ਜਿਨ੍ਹਾਂ ਨੇ ਇਸ ਕਾਂਡ ਤੋਂ ਬਾਅਦ ਉਸ ਨੂੰ ਆਪਣੀ 'ਭੈਣ ਵਾਂਗ ਸਹਾਰਾ ਦਿੱਤਾ'। ਉਸਨੇ ਕਿਹਾ ਕਿ ਆਪਣੇ ਪਿਤਾ ਦੀ ਲਾਸ਼ ਨੂੰ ਹਸਪਤਾਲ ਦੀ ਮਾਰਚਰੀ ਤੋਂ ਕੋਚੀ ਜਾਣ ਵਾਲੇ ਜਹਾਜ ਵਿੱਚ ਲੈ ਕੇ ਜਾਣ ਤੱਕ ਉਨ੍ਹਾਂ ਨੇ ਉਸਨੂੰ ਅਤੇ ਉਸਦੇ ਦੋਹਾਂ ਬੱਚਿਆਂ ਨੂੰ ਸਹਾਰਾ ਦੇ ਕੇ ਰੱਖਿਆ। ਉਸਨੇ ਕਿਹਾ ਕਿ ਉਨ੍ਹਾਂ ਦੋ ਕਸ਼ਮੀਰੀ ਮੁਸਲਮਾਨਾਂ ਨੂੰ ਉਹ ਆਪਣੇ ਭਰਾ ਹੀ ਸਮਝਦੀ ਹੈ।

ਇਸ ਗਾਲ੍ਹਾਂ ਕੱਢੂ ਗੈਂਗ ਵੱਲੋਂ ਗੱਲ ਇੱਥੇ ਹੀ ਨਹੀਂ ਰੁਕੀ। ਉਨ੍ਹਾਂ ਵਿੱਚ ਨਫ਼ਰਤ ਹੀ ਐਨੀ ਹੈ ਜਾਂ ਉਨ੍ਹਾਂ ਨੂੰ ਆਪਣੀ ਰਾਜਨੀਤਕ ਸਰਪ੍ਰਸਤੀ ਦਾ ਹੰਕਾਰ ਹੀ ਐਨਾ ਹੈ ਕਿ ਕੁਝ ਦਿਨਾਂ ਬਾਅਦ ਉਨ੍ਹਾਂ ਨੇ ਭਾਰਤ ਦੇ ਵਿਦੇਸ਼ ਸਕੱਤਰ ਵਿਕਰਮ ਮਿਸ਼ਰੀ ਤੇ

ਹੱਲਾ ਬੋਲ ਦਿੱਤਾ। ਵਿਕਰਮ ਮਿਸ਼ਰੀ ਨੇ ਤਾਂ ਪਾਕਿਸਤਾਨ ਜਾਂ ਮੁਸਲਮਾਨਾਂ ਪ੍ਰਤੀ ਕੋਈ ਹਮਦਰਦੀ ਵੀ ਨਹੀਂ ਦਿਖਾਈ ਸੀ।ਉਸ ਦੀ ਡਿਊਟੀ ਤਾਂ ਸਰਕਾਰ ਵੱਲੋਂ ਦੇਸ਼ ਨੂੰ ਇਹ ਦੱਸਣ ਦੀ ਲਗਾਈ ਗਈ ਸੀ ਕਿ ਦੋਹਾਂ ਦੇਸ਼ਾਂ ਵਿਚਕਾਰ ਜੰਗ ਨੂੰ ਰੋਕ ਦੇਣ ਦਾ ਫੈਸਲਾ ਹੋ ਗਿਆ ਹੈ ਅਤੇ ਇਹ ਜੰਗਬੰਦੀ 10 ਮਈ ਸ਼ਾਮ ਨੂੰ 5 ਵਜੇ ਤੋਂ ਲਾਗੂ ਹੋ ਜਾਵੇਗੀ।(ਉਂਝ ਇਹ ਗੱਲ ਤਾਂ ਟਰੰਪ ਨੇ ਆਪਣੇ ਟਵੀਟ ਰਾਹੀਂ ਪਹਿਲਾਂ ਹੀ ਦੱਸ ਦਿੱਤੀ ਸੀ।)

ਪਰ ਉਸਦੀ ਪ੍ਰੈਸ ਕਾਨਫਰੰਸ ਤੋਂ ਘੰਟਾ ਕੁ ਬਾਅਦ ਹੀ ਉਸ ਦੀ ਟਰੋਲਿੰਗ ਸ਼ੁਰੂ ਹੋ ਗਈ ਕਿ ਇਹ ਦੇਸ਼ ਦਾ ਗੱਦਾਰ ਹੈ ਜਿਸ ਨੇ ਜੰਗ ਬੰਦੀ ਦਾ ਐਲਾਨ ਕੀਤਾ ਹੈ। ਨਹੀਂ ਤਾਂ ਭਾਰਤ ਨੇ ਪਾਕਿਸਤਾਨ ਨੂੰ ਸਬਕ ਸਿਖਾਉਣਾ ਸੀ।ਉਸ ਦੀ ਲੜਕੀ ਦੇ ਵੀ ਵੇਰਵੇ ਕੱਢ ਲਏ ਗਏ ਜੋ ਯੂ.ਕੇ. ਦੀ ਕਿਸੇ ਕਾਨੂੰਨੀ ਫਰਮ ਵਿੱਚ ਕੰਮ ਕਰਦੀ ਹੈ ਅਤੇ ਉਹ ਫਰਮ ਰੋਹੰਗੀਆਂ ਮੁਸਲਮਾਨਾਂ ਦਾ ਕੇਸ ਲੜ ਰਹੀ ਹੈ।ਸੋ ਇਸ ਤੋਂ ਇਹ ਸਿੱਟਾ ਕੱਢ ਦਿੱਤਾ ਗਿਆ ਕਿ ਇਸ ਦੀ ਲੜਕੀ ਮੁਸਲਮਾਨਾਂ ਦੇ ਪੱਖੀ ਹੈ ਅਤੇ ਫਿਰ ਉਸ ਲੜਕੀ ਪ੍ਰਤੀ ਵੀ ਉਹੋ ਜਿਹੇ ਹੀ ਅਪਸ਼ਬਦ ਸ਼ੁਰੂ ਹੋ ਗਏ।

ਦੇਸ਼ ਦੇ ਸਭ ਤੋਂ ਸੀਨੀਅਰ ਅਧਿਕਾਰੀਆਂ ਵਿੱਚ ਆਉਂਦੇ ਵਿਕਰਮ ਮਿਸ਼ਰੀ ਦੀ ਟਰੋਲਿੰਗ ਦਿਖਾਉਂਦੀ ਹੈ ਕਿ ਫਿਰਕੂ ਤਾਕਤਾਂ ਦਾ ਆਈ.ਟੀ. ਸੈੱਲ ਕਿੰਨਾ ਹੰਕਾਰਿਆ ਹੋਇਆ ਹੈ, ਕਿੰਨਾ ਮੂਰਖ ਹੈ, ਕਿੰਨਾ ਜਾਲਮ ਹੈ, ਭਾਵਨਾਵਾਂ ਅਤੇ ਸੰਵੇਦਨਾਵਾਂ ਤੋਂ ਰਹਿਤ ਹੈ। ਉਹ ਹੋਣ ਵੀ ਕਿਉਂ ਨਾ ਜਦ ਉਨ੍ਹਾਂ ਨੂੰ ਸਰਕਾਰ ਵੱਲੋਂ ਸਰਪ੍ਰਸਤੀ ਹੈ। ਇਸ ਸਰਪ੍ਰਸਤੀ ਦੇ ਸਪਸ਼ਟ ਸੰਕੇਤ ਇਸ ਗੱਲ ਤੋਂ ਮਿਲਦੇ ਹਨ ਕਿ ਆਪਣੇ ਐਡੇ ਸੀਨੀਅਰ ਅਧਿਕਾਰੀ ਖਿਲਾਫ ਬਹੁਤ ਭੈੜੀਆਂ ਪੋਸਟਾਂ ਪਾਉਣ ਵਾਲੇ ਕਿਸੇ ਵਿਅਕਤੀ ਖਿਲਾਫ ਕੇਸ ਦਰਜ ਨਹੀਂ ਕੀਤਾ ਗਿਆ।ਜਦ ਕਿ ਯੋਗੀ ਅਤੇ ਮੋਦੀ ਖਿਲਾਫ ਸਾਧਾਰਨ ਕੁਮੈਂਟ ਕਰਨ ਵਾਲੇ ਬੰਦਿਆਂ ਨੂੰ ਵੀ ਚੁੱਕ ਕੇ ਜੇਲ੍ਹ ਵਿੱਚ ਸੁੱਟ ਦਿੱਤਾ ਜਾਂਦਾ ਹੈ। ਰਵੀਸ਼ ਕੁਮਾਰ ਨੇ ਵੀ ਸਵਾਲ ਉਠਾਇਆ ਹੈ ਕਿ ਆਈ.ਏ.ਐੱਸ. ਅਤੇ ਆਈ.ਪੀ.ਐੱਸ. ਅਫਸਰਾਂ ਦੀ ਐਸੋਸੀਏਸ਼ਨ ਨੇ ਵਿਕਰਮ ਮਿਸ਼ਰੀ ਖਿਲਾਫ ਟਰੋਲਿੰਗ ਦੀ ਨਿੰਦਾ ਕਰਕੇ ਹੀ ਸਾਰ ਲਿਆ ਹੈ, ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ।ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਇਹ ਟਰੋਲਿੰਗ ਕਰਨ ਵਾਲੇ ਸਰਕਾਰ ਵੱਲੋਂ ਖੜ੍ਹੇ ਕੀਤੇ ਨਫ਼ਰਤੀ ਗੈਂਗ ਦੇ ਹੀ ਬੰਦੇ ਹਨ।

ਕੁਝ ਸਾਲ ਪਹਿਲਾਂ ਦਿੱਲੀ ਯੂਨੀਵਰਸਿਟੀ ਦੀ ਇੱਕ ਵਿਦਿਆਰਥਣ ਗੁਰਮੇਹਰ ਖਿਲਾਫ ਵੀ ਇਸੇ ਤਰ੍ਹਾਂ ਦੇ ਨਫ਼ਰਤ ਭਰੇ ਕੁਮੈਂਟ ਕੀਤੇ ਗਏ ਸਨ। ਉਸ ਦਾ ਪਿਤਾ ਕਾਰਗਿਲ ਜੰਗ ਵਿੱਚ ਮਾਰਿਆ ਗਿਆ ਸੀ, ਪਰ ਉਸ ਨੇ ਕਿਹਾ ਕਿ ਉਸ ਦੇ ਪਿਤਾ ਨੂੰ ਪਾਕਿਸਤਾਨ ਨੇ ਨਹੀਂ ਮਾਰਿਆ, ਉਸ ਦੇ ਪਿਤਾ ਨੂੰ ਜੰਗ ਨੇ ਮਾਰਿਆ ਹੈ।ਪਾਕਿਸਤਾਨ ਪ੍ਰਤੀ ਨਫ਼ਰਤ ਫੈਲਾ ਕੇ ਜੰਗੀ ਜਨੂੰਨ ਭੜਕਾਉਣ ਦੇ ਖਿਲਾਫ ਇਕ ਪ੍ਰਦਰਸ਼ਨ ਦੌਰਾਨ ਉਹ ਇੱਕ ਬੈਨਰ ਲੈ ਕੇ ਖੜ੍ਹੀ ਸੀ, ਜਿਸ ਵਿੱਚ ਇਹ ਸ਼ਬਦ ਲਿਖੇ ਹੋਏ ਸਨ –Pakistan did not kill my dad, war killed himਜਿਸ ਕਰਕੇ ਉਸ ਨੂੰ ਭੱਦੇ ਕੁਮੈਂਟਾਂ ਦਾ ਨਿਸ਼ਾਨਾ ਬਣਾਇਆ ਗਿਆ।

ਇਸ ਸਾਰੇ ਵਰਤਾਰੇ ਵਿਚੋਂ ਇੱਕ ਮਹੱਤਵਪੂਰਨ ਸਵਾਲ ਉਭਰਕੇ ਸਾਹਮਣੇ ਆਉਂਦਾ ਹੈ ਕਿ ਇਸ ਟਰੋਲਿੰਗ ਵਾਲੇ ਹਥਿਆਰ ਦੇ ਮੁਕਾਬਲੇ ਲਈ ਕੀ ਕੀਤਾ ਜਾਵੇ।ਸਹੀ ਸੋਚ ਵਾਲੇ ਬਹੁਤ ਸਾਰੇ ਲੋਕ ਅਜਿਹੇ ਹਨ ਜੋ ਡਾਂਗਾਂ, ਗੋਲੀਆਂ ਤੋਂ ਡਰ ਕੇ ਚੁੱਪ ਨਹੀਂ ਹੁੰਦੇ ਪਰ ਸੋਸ਼ਲ ਮੀਡੀਆ ਉਪਰ ਫਿਰਕੂ, ਕੱਟੜ ਧਾਰਮਿਕ, ਕੱਟੜ ਰਾਸ਼ਟਰਵਾਦੀ ਬੰਦਿਆਂ ਦੀਆਂ ਕਰਤੂਤਾਂ ਅਤੇ ਬੋਲਾਂ ਬਾਰੇ ਕੁਝ ਕਹਿਣ ਤੋਂ ਝਿਜਕ ਜਾਂਦੇ ਹਨ।ਕਾਰਣ ਇਹ ਹੈ ਕਿ ਇਨ੍ਹਾਂ ਫਿਰਕੂ ਧਿਰਾਂ ਨੇ ਆਈ.ਟੀ. ਸੈੱਲਾਂ ਦੇ ਰੂਪ ਵਿੱਚ ਅਜਿਹੇ ਗਰੁੱਪ ਬਣਾਏ ਹੋਏ ਹਨ ਜੋ ਕਿਸੇ ਦੀ ਵੀ ਇੱਜ਼ਤ ਖਰਾਬ ਕਰ ਸਕਦੇ ਹਨ। ਇਹ ਲੋਕ ਆਪਣੇ ਤੋਂ ਵੱਖਰੇ ਵਿਚਾਰ ਰੱਖਣ ਵਾਲਿਆਂ ਨਾਲ ਕੋਈ ਤਰਕ ਅਧਾਰਿਤ ਬਹਿਸ ਨਹੀਂ ਕਰਦੇ, ਬਲਕਿ ਉਨ੍ਹਾਂ ਖਿਲਾਫ਼ ਭੱਦੇ ਕੁਮੈਂਟ, ਅਸ਼ਲੀਲ ਸ਼ਬਦਾਵਲੀ, ਸਿੱਧੀਆਂ ਗਾਹਲਾਂ ਅਤੇ ਇਸਤੋਂ ਵੀ ਅੱਗੇ ਉਨ੍ਹਾਂ ਦੀਆਂ ਪਤਨੀਆਂ, ਪੁੱਤਰੀਆਂ ਅਤੇ ਪਰਿਵਾਰ ਦੀਆਂ ਹੋਰ ਔਰਤ ਮੈਂਬਰਾਂ ਦੀਆਂ ਐਡਿਟ ਕਰਕੇ ਫੋਟੋਆਂ ਪਾਉਣ ਤੱਕ ਚਲੇ ਜਾਂਦੇ ਹਨ।ਇਹ ਗੱਲ ਸਿਰਫ ਹਿੰਦੂ ਕੱਟੜਵਾਦੀਆਂ ਤੱਕ ਹੀ ਸੀਮਤ ਨਹੀਂ ਬਲਕਿ ਖਾਲਿਸਤਾਨੀ ਅਤੇ ਹੋਰ ਕੱਟੜ ਸੋਚ ਵਾਲਿਆਂ ਵੱਲੋਂ ਵੀ ਆਪਣੇ ਤੋਂ ਵਿਰੋਧੀ ਵਿਚਾਰ ਰੱਖਣ ਵਾਲਿਆਂ ਨੂੰ ਚੁੱਪ ਕਰਵਾਉਣ ਲਈ ਇਹੀ ਢੰਗ ਵਰਤਿਆ ਜਾਂਦਾ ਹੈ।ਸੋ ਬਹੁਤ ਸਾਰੇ ਚੰਗੀ ਸੋਚ ਵਾਲੇ ਬੰਦੇ ਇਨ੍ਹਾਂ ਦੀਆਂ ਗਾਲ੍ਹਾਂ ਅਤੇ ਭੱਦੀ ਸ਼ਬਦਾਵਲੀ ਨੂੰ ਵੇਖ ਕੇ ਸਹੀ ਗੱਲ ਕਹਿਣ ਤੋਂ ਦੜ ਵੱਟ ਜਾਂਦੇ ਹਨ।

ਪਰ ਇਸਦਾ ਹੱਲ ਇਨ੍ਹਾਂ ਅੱਗੇ ਚੁੱਪ ਕਰ ਜਾਣਾ ਨਹੀਂ। ਇਹੀ ਤਾਂ ਉਹ ਚਾਹੁੰਦੇ ਹਨ।ਇਸਦੇ ਪ੍ਰਤੀਕਰਮ ਵਿੱਚ ਉਨ੍ਹਾਂ ਨੂੰ ਉਹੋ ਜਿਹੀਆਂ ਗਾਹਲਾਂ ਕੱਢਣਾ ਵੀ ਹੱਲ ਨਹੀਂ ਕਿਉਂਕਿ ਅਸੀਂ ਕਿਸੇ ਫਿਰਕੂ ਬੰਦੇ ਦੀ ਕਰਤੂਤ ਲਈ ਉਸਦੇ ਪਰਿਵਾਰ ਦੀਆਂ ਔਰਤਾਂ ਪ੍ਰਤੀ ਗਲਤ ਸ਼ਬਦ ਨਹੀਂ ਵਰਤ ਸਕਦੇ। ਇਸਦੇ ਮੁਕਾਬਲੇ ਲਈ ਠਰ੍ਹੰਮਾ ਰੱਖ ਕੇ ਆਪਣੀ ਗੱਲ ਕਹਿੰਦੇ ਰਹਿਣਾ ਹੈ, ਸਹੀ ਗੱਲ ਵੱਡੀ ਪੱਧਰ ਉੱਤੇ ਕਹਿਣੀ ਹੈ, ਵਾਰ ਵਾਰ ਕਹਿਣੀ ਹੈ। ਜਦ ਵੀ ਕਿਸੇ ਅਗਾਂਹਵਧੂ, ਮਾਨਵਵਾਦੀ ਵਿਚਾਰਾਂ ਵਾਲੀ ਪੋਸਟ ਜਾਂ ਵਿਅਕਤੀ ਖਿਲਾਫ਼ ਅਜਿਹਾ ਹੱਲਾ ਹੁੰਦਾ ਹੈ ਤਾਂ ਸਾਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਆਪਣੇ ਵਿਚਾਰ ਪਾਉਣੇ ਚਾਹੀਦੇ ਹਨ।ਸੋਸ਼ਲ ਮੀਡੀਆ ਲੋਕਾਂ ਦੀ ਕਚਹਿਰੀ ਹੈ, ਜੋ ਲੋਕ ਗਲਤ ਭਾਸ਼ਾ ਵਰਤਦੇ ਹਨ, ਗਲਤ ਗੱਲਾਂ ਲਿਖਦੇ ਹਨ, ਨਫ਼ਰਤ ਫੈਲਾਉਂਦੇ ਹਨ, ਉਨ੍ਹਾਂ ਦੀ ਸੋਚ ਨੂੰ ਨੰਗਾ ਕਰਨਾ ਸਾਡਾ ਸਭ ਦਾ ਫਰਜ਼ ਹੈ।ਸਾਨੂੰ ਤਰਕ ਪੂਰਨ ਢੰਗ ਨਾਲ ਵੱਧ ਤੋਂ ਵੱਧ ਪੋਸਟਾਂ ਪਾ ਕੇ ਅਤੇ ਕੁਮੈਂਟ ਕਰਕੇ ਇਨ੍ਹਾਂ ਆਈ.ਟੀ. ਸੈੱਲ ਵਾਲਿਆਂ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਇਹ ਵੀ ਵਿਚਾਰਧਾਰਕ ਲੜਾਈ ਦਾ ਇੱਕ ਫਰੰਟ ਹੀ ਹੈ।

ਮਿੰਨੀ ਕਹਾਣੀ

ਜੀਵਨ ਦਾਤੇ

- ਕੁਲਦੀਪ ਮਾਣੂੰਕੇ

ਮੇਰੇ ਗੁਆਂਢੀ ਮਿੱਤਰ ਦੀ ਪਤਨੀ ਨੂੰ ਅਚਾਨਕ ਇੱਕ ਗੰਭੀਰ ਬਿਮਾਰੀ ਨੇ ਘੇਰ ਲਿਆ। ਸਥਾਨਕ ਡਾਕਟਰ ਨੇ ਵੱਡੇ ਸ਼ਹਿਰ ਰੈਫਰ ਕਰ ਦਿੱਤਾ, ਮਜਬੂਰੀ ਵੱਸ ਮਹਾਂਨਗਰ ਦੇ ਵੱਡੇ ਹਸਪਤਾਲ ਦਾ ਰਾਹ ਫੜ੍ਹਿਆ। ਜ਼ਿਆਦਾ ਇਨਫੈਕਸ਼ਨ ਕਾਰਨ ਇੱਕ ਲੱਤ ਕੱਟਣੀ ਪਈ। ਦੋ ਹਫ਼ਤਿਆਂ ਬਾਅਦ ਹਸਪਤਾਲ ਤੋਂ ਛੁੱਟੀ ਤਾਂ ਮਿਲ ਗਈ ਪਰ ਹਾਲਤ ਬਹੁਤੀ ਤਸੱਲੀ ਬਖ਼ਸ਼ ਨਹੀਂ ਸੀ। ਪਹਿਲੇ ਦਿਨ ਤੋਂ ਮਾਂ ਦੀ ਸਿਹਤ ਤੇ ਨਜ਼ਰ ਰੱਖ ਰਹੀ ਰਾਜਧਾਨੀ ਵਿੱਚ ਰਹਿੰਦੀ ਇਕਲੌਤੀ ਬੇਟੀ ਮਾਂ ਨੂੰ ਆਪਣੇ ਨਾਲ ਹੀ ਲੈ ਗਈ। ਉੱਥੇ ਵੱਡੇ ਹਸਪਤਾਲ ਦੇ ਮਾਹਿਰ ਡਾਕਟਰਾਂ ਦੇ ਇਲਾਜ ਨੇ ਮਰੀਜ਼ ਨੂੰ ਜਿਉਣ ਜੋਗਾ ਕਰ ਦਿੱਤਾ। ਧੀ ਦੀ ਸੇਵਾ ਸੰਭਾਲ ਵੀ ਕੰਮ ਆਈ। ਵਾਪਸ ਘਰ ਪਰਤਣ ਤੇ ਪਰਿਵਾਰ ਨੇ ਸ਼ੁਕਰਾਨੇ ਵਜੋਂ ਘਰ ਧਾਰਮਿਕ ਸਮਾਗਮ ਕਰਵਾਇਆ ਉਹ ਹਫਤੇ ਵਿੱਚ ਹੀ ਦੋ ਤਿੰਨ ਧਾਰਮਿਕ ਸਥਾਨਾਂ ਤੇ ਵੀ ਜਾ ਆਏ।

ਜਦ ਮੈਂ ਤੇ ਸ਼੍ਰੀਮਤੀ ਪਤਾ ਲੈਣ ਉਨ੍ਹਾਂ ਦੇ ਘਰ ਗਏ ਤਾਂ ਉਹ ਸਿਹਤਯਾਬੀ ਦਾ ਸਿਹਰਾ ਕਿਸੇ ਦੈਵੀ ਸ਼ਕਤੀ ਨੂੰ ਦੇ ਰਹੇ ਸਨ। ਮੇਰੇ ਤੋਂ ਰਿਹਾ ਨਾ ਗਿਆ ਤੇ ਮੈਂ ਕਿਹਾ, ਭਾਈ ਸਾਹਿਬ ਭਾਬੀ ਜੀ ਦੇ ਤੰਦਰੁਸਤ ਹੋਣ ਵਿੱਚ ਸਾਰਾ ਯੋਗਦਾਨ ਤਾਂ ਡਾਕਟਰਾਂ ਦਾ ਹੈ। ਪਰ ਤੁਸੀਂ ਸ਼ੁਕਰਾਨੇ ਕਿਧਰੇ ਹੋਰ ਕਰਦੇ ਫਿਰ ਰਹੇ ਹੋ ?

ਤੁਹਾਡੀ ਗੱਲ ਤਾਂ ਬਿਲਕੁਲ ਦਰੁੱਸਤ ਹੈ, ਪਰ ਧਰਮਾਂ ਕਰਮਾਂ ਦਾ ਗੇੜ ਬੰਦੇ ਦੀ ਮੱਤ ਮਾਰ ਦਿੰਦਾ। ਦੋਸਤ ਨੇ ਜੁਆਬ ਦਿੱਤਾ।

ਕਈ ਦਿਨਾਂ ਬਾਅਦ ਸਵੇਰ ਦੇ ਸੈਰ ਵੇਲੇ ਗੁਆਂਢੀ ਦੋਸਤ ਦੱਸਣ ਲੱਗਾ, ਮੈਂ ਕੱਲ੍ਹ ਹੀ ਰਾਜਧਾਨੀ ਦੇ ਜੀਵਨ ਦਾਤੇ ਡਾਕਟਰਾਂ ਨੂੰ ਮਿਲ ਕੇ ਉਨ੍ਹਾਂ ਦਾ ਸ਼ੁਕਰਾਨਾ ਕਰਕੇ ਪਰਤਿਆਂ।

ਸੱਚਮੁੱਚ ਔਖੀਆਂ ਘੜੀਆਂ ਵਿੱਚ ਬੇਸ਼ਕੀਮਤੀ ਜਾਨਾਂ ਬਚਾਉਣ ਵਾਲੇ ਇਹੋ ਡਾਕਟਰ ਹਨ। ਜਿਹੜੇ ਵਿਗਿਆਨ ਦੀ ਰੌਸ਼ਨੀ ਨਾਲ ਜੀਵਨ ਰਾਹਾਂ ਤੇ ਚਾਨਣ ਬਿਖੇਰਨ ਵਿੱਚ ਜੁਟੇ ਹਨ। ਮੈਨੂੰ ਆਪਣੇ ਦੋਸਤ ਦੀ ਸੋਚ ਵਿੱਚ ਆਈ ਤਬਦੀਲੀ ’ਤੇ ਰਸ਼ਕ ਹੋ ਰਿਹਾ ਸੀ। - 98147-22408

ਸਹਾਇਤਾ

ਜ਼ੋਨ ਚੰਡੀਗੜ੍ਹ ਨੂੰ

1. ਜਰਨੈਲ ਕ੍ਰਾਂਤੀ ਇਕਾਈ ਮੋਹਾਲੀ 5000 ਰੁਪਏ
2. ਸ਼ੈਲਿੰਦਰ ਸੋਹਾਲੀ, ਜ਼ੋਨ ਵਿਤ ਮੁਖੀ ਵੱਲੋਂ ਆਪਣੀ ਸੇਵਾ-ਮੁਕਤੀ ’ਤੇ 1000 ਰੁਪਏ

ਇਕਾਈ ਖਰੜ ਨੂੰ

1. SDO ਭੁਪਿੰਦਰ ਮਦਨ ਹੇੜੀ ਵੱਲੋਂ ਆਪਣੀ ਸੇਵਾ-ਮੁਕਤੀ ’ਤੇ 1100 ਰੁਪਏ

ਇਕਾਈ ਰੋਪੜ ਨੂੰ

1. ਮਰਹੂਮ ਮਾਸਟਰ ਪ੍ਰੀਤਮ ਜੀ ਦੇ ਪਰਿਵਾਰ ਵੱਲੋਂ- 10,000 ਰੁਪਏ
2. ਅਨਿਲ ਕੁਮਾਰ, ਸੇਵਾਮੁਕਤ ਰੇਂਜ ਅਫਸਰ- 2100 ਰੁਪਏ
3. ਅਜੀਤ ਪ੍ਰਦੇਸੀ ਜ਼ੋਨ ਮੁਖੀ ਵੱਲੋਂ- 1000 ਰੁਪਏ
4. ਸ਼ੈਲਿੰਦਰ ਸੋਹਾਲੀ, ਜ਼ੋਨ ਵਿਤ ਮੁਖੀ ਵੱਲੋਂ- 1100 ਰੁਪਏ
5. ਹਰਵਿੰਦਰ ਸੁਖਰਾਮ ਪੁਰੀ, ਮੀਡੀਆ ਮੁਖੀ ਵੱਲੋਂ ਨਵੀਂ ਲੈਬਾਰਟਰੀ ਖੋਲ੍ਹਣ ਦੀ ਖੁਸ਼ੀ ਵਿੱਚ- 500 ਰੁਪਏ

ਜ਼ੋਨ ਜਲੰਧਰ ਨੂੰ

1. ਰਾਮੇਸ਼ ਚੌਹਕਾ- 500 ਰੁਪਏ

ਇਕਾਈ ਜਲੰਧਰ ਨੂੰ

1. ਜਸਵਿੰਦਰ ਸਿੰਘ, ਕੰ. ਟੀਚਰ ਧਨੀ ਪਿੰਡ-500 ਰੁਪਏ
2. ਅਸ਼ੋਕ ਕੁਮਾਰ ਹੀਰ- 500 ਰੁਪਏ
3. ਅਰੁਣ ਸਾਂਪਲਾ- 500 ਰੁਪਏ
4. ਨਸੀਬ ਚੰਦ ਬੱਬੀ- 500 ਰੁਪਏ
5. ਸੰਜੀਵ ਸਵੀ ਲਾਂਬੜਾ- 500 ਰੁਪਏ
6. ਵਿਜੇ ਰਾਹੀ ਪੋਤਰੀ ਦੇ ਜਨਮ ਦਿਨ ’ਤੇ- 500 ਰੁਪਏ

ਜਰੂਰੀ ਸੂਚਨਾ

ਤਰਕਸ਼ੀਲ ਮੈਗਜ਼ੀਨ ਵਿੱਚ ਪ੍ਰਕਾਸ਼ਿਤ ਹੋਣ ਲਈ ਭੇਜੀਆਂ ਜਾਣ ਵਾਲੀਆਂ ਸਰਗਰਮੀਆਂ, ਸਹਾਇਤਾ ਜਾਂ ਸੂਚਨਾਵਾਂ ਮੈਗਜ਼ੀਨ ਦੇ ਛਪਣ ਵਾਲੇ ਮਹੀਨੇ ਤੋਂ ਪਹਿਲੇ ਮਹੀਨੇ ਦੀ 20 ਤਾਰੀਕ ਤੋਂ ਪਹਿਲਾਂ ਪਹਿਲਾਂ ਸੰਪਾਦਕੀ ਬੋਰਡ ਪਾਸ ਪਹੁੰਚ ਜਾਣੀਆਂ ਚਾਹੀਦੀਆਂ ਹਨ। ਉਦਾਹਰਣ ਵਜੋਂ ਸਤੰਬਰ-ਅਕਤੂਬਰ ਅੰਕ ਲਈ 20 ਅਗਸਤ ਤੋਂ ਪਹਿਲਾਂ ਪਹੁੰਚੀ ਹੋਈ ਸਰਗਰਮੀ ਜਾਂ ਸਹਾਇਤਾ ਹੀ ਛਪ ਸਕੇਗੀ। 20 ਤਾਰੀਕ ਨੂੰ ਮੈਗਜ਼ੀਨ ਛਪਾਈ ਲਈ ਭੇਜ ਦਿੱਤਾ ਜਾਂਦਾ ਹੈ। ਇਸ ਲਈ ਬਾਅਦ ਵਿੱਚ ਪ੍ਰਾਪਤ ਹੋਈ ਜਾਣਕਾਰੀ ਨੂੰ ਅਸੀਂ ਛਾਪਣ ਤੋਂ ਅਸਮਰਥ ਹੋਵਾਂਗੇ।

ਨੇ ਮਸਲੇ ਉਲਝਦੇ ਜਿਉ ਜਿਉਂ, ਉਹ ਤਿਉਂ ਤਿਉਂ ਮੁਸਕਰਾਂਦੀ ਹੈ,
ਸਿਆਸਤ ਮਸਲਿਆਂ ਦੇ ਸਿਰ ’ਤੇ ਹੀ ਸੱਤਾ ’ਚ ਆਂਦੀ ਹੈ।

-ਹਰਦਿਆਲ ਸਾਗਰ

ਚੰਦਰ ਸ਼ੇਖਰ ਆਜ਼ਾਦ

ਆਜ਼ਾਦੀ ਦੇ ਸੰਗਰਾਮ ਵਿੱਚ ਨੌਜੁਆਨਾਂ ਦਾ ਯੋਗਦਾਨ ਅਮੁੱਲਾ ਹੈ। ਜਿਹੜੇ ਭਰ ਜੁਆਨੀ ਵਿੱਚ ਮਨਾਂ 'ਚ ਆਜ਼ਾਦੀ ਦਾ ਸੁਪਨਾ ਘਰ ਬਾਰ ਤਿਆਗ ਤੁਰੇ। ਉਨ੍ਹਾਂ 'ਚੋਂ ਕ੍ਰਾਂਤੀਕਾਰੀ ਨੌਜਵਾਨਾਂ ਦੇ ਸੈਨਾਪਤੀ ਵਜੋਂ ਜਾਣੇ ਜਾਂਦੇ ਚੰਦਰ ਸ਼ੇਖਰ ਆਜ਼ਾਦ ਦਾ ਨਾਂ ਮੂਹਰਲੀ ਕਤਾਰ ਵਿੱਚ ਆਉਂਦਾ ਹੈ। ਜਿਸ ਨੂੰ ਅੰਗਰੇਜ਼ ਪੁਲਿਸ ਜਿਉਂਦੇ ਜੀਅ ਹੱਥ ਨਾ ਲਾ ਸਕੀ।



ਜਨਮ ਦਿਨ : 23 ਜੁਲਾਈ

ਇਰਾਦੇ ਦਾ ਪੱਕਾ ਤੇ ਦੇਸ਼ ਦੀ ਆਜ਼ਾਦੀ ਨੂੰ ਪ੍ਰਣਾਇਆ ਚੰਦਰ ਸ਼ੇਖਰ ਆਜ਼ਾਦ ਇੱਕ ਦੂਰਅੰਦੇਸ਼ ਨੌਜੁਆਨ ਆਗੂ ਸੀ। ਉਹ ਭਗਤ ਸਿੰਘ ਜਿਹੇ ਕ੍ਰਾਂਤੀਕਾਰੀ ਨੌਜੁਆਨਾਂ ਦੇ ਦਲ ਹਿੰਦੁਸਤਾਨ ਸ਼ੋਸ਼ਲਿਸਟ ਰਿਪਬਲਿਕਨ ਆਰਮੀ ਦਾ ਕਮਾਂਡਰ ਇਨ ਚੀਫ਼ ਸੀ।


ਇਲਾਹਾਬਾਦ ਦੇ ਅਲਫਰੈੱਡ ਪਾਰਕ ਵਿੱਚ ਆਜ਼ਾਦ ਦਾ ਅੰਗਰੇਜ਼ ਪੁਲਿਸ ਨਾਲ ਲੜਦਿਆਂ ਸ਼ਹੀਦ ਹੋ ਜਾਣਾ ਅਚਾਨਕ ਇੱਕ ਘਟਨਾ ਹੀ ਸੀ। ਪਰ ਆਪਣੀ ਕਾਲ ਕੋਠੜੀ ਵਿੱਚ ਜਦ ਮੈਂ ਇਹ ਖ਼ਬਰ ਸੁਣੀ ਤਾਂ ਆਜ਼ਾਦ ਦੀ ਇਹ ਗੱਲ, "ਭਗਤ ਸਿੰਘ ਨੂੰ ਤਾਂ ਫਾਂਸੀ ਹੀ ਹੋਵੇਗੀ, ਉਸਨੂੰ ਫਾਂਸੀ ਹੋਣ ਤੋਂ ਪਹਿਲਾਂ ਹੀ ਕੁਝ ਕਰਕੇ ਦਿਖਾਉਣਾ ਹੈ"... ਮੈਨੂੰ ਰਹਿ ਰਹਿ ਕੇ ਯਾਦ ਆਉਣ ਲੱਗੀ।

ਉਹਨਾਂ ਦੇ ਜੀਵਨ ਵਿੱਚ ਕੁਰਾਹੇ ਪਈ ਹੋਈ ਅਨਪੜ੍ਹ, ਰੂੜ੍ਹੀਵਾਦੀ ਤੇ ਗ਼ੁਰਬਤ ਦੀ ਸ਼ਿਕਾਰ ਜਨਤਾ ਦੇ ਇੱਕ ਇਨਕਲਾਬੀ ਮਾਰਗ ਤੇ ਪੇਸ਼ਕਦਮ ਹੋਣ ਦੀ ਇੱਕ ਸੰਖੇਪ ਮਿਸਾਲ ਸਾਨੂੰ ਮਿਲਦੀ ਹੈ। ਆਜ਼ਾਦ ਦਾ ਜਨਮ ਹੱਦ ਦਰਜੇ ਦੀ ਗਰੀਬੀ, ਅਨਪੜ੍ਹਤਾ, ਅੰਧਵਿਸ਼ਵਾਸ਼ ਤੇ ਧਾਰਮਿਕ ਕੱਟੜਤਾ ਵਿੱਚ ਹੋਇਆ ਸੀ। ਉਹ ਕਿਤਾਬਾਂ ਪੜ੍ਹ ਕੇ ਨਹੀਂ ਸਗੋਂ ਰਾਜਨੀਤਕ ਸੰਘਰਸ਼ ਤੇ ਜੀਵਨ ਸੰਘਰਸ਼ ਵਿੱਚ ਆਪਣੇ ਸਰਗਰਮ ਅਨੁਭਵਾਂ ਤੋਂ ਸਿਖਦੇ ਹੋਏ ਹੀ ਹਿੰਦੁਸਤਾਨ ਸ਼ੋਸ਼ਲਿਸਟ ਰੀਪਬਲਿਕਨ ਆਰਮੀ ਦੇ ਆਗੂ ਬਣੇ, ਜਿਸਦਾ ਮਕਸਦ ਭਾਰਤ ਵਿੱਚ ਧਰਮ ਨਿਰਪੇਖ, ਜਮਾਤ ਰਹਿਤ ਸਮਾਜਵਾਦੀ ਪਰਜਾਤੰਤਰ ਦੀ ਸਥਾਪਨਾ ਕਰਨਾ ਸੀ। ਇਸੇ ਆਰਮੀ ਦੇ ਮੁਖੀ ਬਲਰਾਜ ਦੇ ਤੌਰ ਤੇ ਉਹ ਪੁਲਿਸ ਨਾਲ ਲੜਦੇ ਹੋਏ ਸ਼ਹੀਦ ਹੋਏ। ਇਸ ਤਰ੍ਹਾਂ ਇਹ ਪੂਰੀ ਤਰਾਂ ਉਚਿਤ ਹੀ ਹੈ ਕਿ ਚੰਦਰ ਸ਼ੇਖ਼ਰ ਆਜ਼ਾਦ ਦਾ ਜੀਵਨ ਅਤੇ ਉਨ੍ਹਾਂ ਦਾ ਨਾਂ ਸਾਮਰਾਜਵਾਦੀ ਜ਼ੁਲਮ ਵਿੱਚ ਅਨਪੜ੍ਹਤਾ, ਅੰਧਵਿਸ਼ਵਾਸ਼ ਤੇ ਧਾਰਮਿਕ ਕੱਟੜਤਾ ਵਿੱਚ ਫਸੀ ਭਾਰਤੀ ਜਨਤਾ ਦੀ ਇਨਕਲਾਬੀ ਚੇਤਨਾ ਦਾ ਪ੍ਰਤੀਕ ਹੋ ਗਿਆ ਹੈ।

- ਭਗਵਾਨ ਦਾਸ ਮਹੌਰ

ਗਦਰੀ ਗੁਲਾਬ ਕੌਰ

ਵਿਦੇਸ਼ਾਂ ਤੋਂ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਵਾਪਸ ਪਰਤੇ ਗ਼ਦਰੀ ਸੂਰਬੀਰਾਂ ਦੀ ਘਾਲਣਾ ਇਤਿਹਾਸ ਦੇ ਪੰਨਿਆਂ 'ਤੇ ਕੁਰਬਾਨੀਆਂ ਵਿੱਚ ਦਰਜ ਹੈ। ਗ਼ਦਰ ਪਾਰਟੀ ਵਿੱਚ ਬੀਬੀ ਗੁਲਾਬ ਕੌਰ ਦਾ ਅਹਿਮ ਸਥਾਨ ਹੈ। ਉਹ ਆਪਣੇ ਪਤੀ ਮਾਨ ਸਿੰਘ ਨਾਲ ਰੋਜ਼ੀ ਰੋਟੀ ਲਈ ਮਨੀਲਾ ਗਈ ਸੀ। ਉਹ ਜਦੋਂ ਗ਼ਦਰੀ ਕਾਫ਼ਲੇ ਵਿਚ ਸ਼ਾਮਲ ਹੋਈ ਤਾਂ ਪਤੀ ਮਾਨ ਸਿੰਘ ਵੀ ਨਾਲ਼ ਸੀ। ਜਦੋਂ ਗ਼ਦਰ ਪਾਰਟੀ ਦੇ ਜ਼ਾਬਤਾ ਬੱਧ ਸਿਪਾਹੀ ਬਣਕੇ ਦੇਸ਼ ਨੂੰ ਚੱਲੋ ਦੇ ਹੋਕੇ ਦਾ ਵੇਲਾ ਆਇਆ ਤਾਂ ਮਾਨ ਸਿੰਘ ਦਾ ਮਨ ਬਦਲ ਗਿਆ। ਉਸਨੇ ਗ਼ੁਲਾਬ ਕੌਰ ਨੂੰ ਆਪਣੀ ਪਤੀ ਵਾਲੀ ਹੈਸੀਅਤ ਵਿਚ ਰੋਕਣ ਦਾ ਅੰਦਾਜ਼ ਵੀ ਵਿਖਾਇਆ। ਗ਼ੁਲਾਬ ਕੌਰ ਨੇ ਡਟਕੇ ਗ਼ਦਰ ਪਾਰਟੀ ਦੇ ਝੰਡੇ ਨਾਲ਼ ਵਫ਼ਾ ਨਿਭਾਈ।



ਦੇਹਾਂਤ : 28 ਜੁਲਾਈ 1925

ਉਸ ਨੇ ਮਾਨ ਸਿੰਘ ਨੂੰ ਤੋੜ ਕੇ ਜਵਾਬ ਦਿੰਦਿਆਂ ਕਿਹਾ ਕਿ ਤੂੰ ਡਰਪੋਕ ਨਿਕਲਿਆ। ਅਜੇ ਵੀ ਵੇਲਾ ਹੈ ਗ਼ਦਰ ਪਾਰਟੀ ਦੇ ਝੰਡੇ ਹੇਠ ਇੱਕਠੇ ਤੁਰੀਏ। ਜਦੋਂ ਉਹ ਨਾ ਮੰਨਿਆ ਤਾਂ ਗ਼ੁਲਾਬ ਕੌਰ ਨੇ ਕਿਹਾ ਕਿ ਅੱਜ ਤੋਂ ਤੇਰੇ ਮੇਰੇ ਰਾਹ ਵੱਖਰੇ। ਬੀਬੀ ਗੁਲਾਬ ਕੌਰ ਨੇ ਜਾਤੀ ਹਿੱਤਾਂ ਤੋਂ ਉੱਪਰ ਉੱਠ ਕੇ ਲੋਕਾਂ ਦੇ ਹਿੱਤਾਂ ਨੂੰ ਆਪਾ ਸਮਰਪਿਤ ਕੀਤਾ।


ਉਸ ਨੇ ਗ਼ਦਰ ਪਾਰਟੀ ਦੇ ਪ੍ਰੋਗਰਾਮ ਨੂੰ ਆਪਣੀ ਜ਼ਿੰਦਗੀ ਦਾ ਮਾਰਗ ਦਰਸ਼ਕ ਬਣਾ ਲਿਆ। ਉਸ ਪਾਰਟੀ ਦੇ ਪਰਿਵਾਰ ਨੂੰ ਆਪਣਾ ਪਰਿਵਾਰ ਬਣਾ ਲਿਆ ਜਿਹੜੀ ਪਾਰਟੀ ਸਾਡੇ ਪਿਆਰੇ ਮੁਲਕ ਨੂੰ ਹਰ ਵੰਨਗੀ ਦੀ ਬਦੇਸ਼ੀ ਅਤੇ ਦੇਸੀ ਲੁੱਟ ਤੋਂ ਮੁਕਤ ਕਰਵਾਉਣ ਲਈ ਜੂਝਦੀ ਰਹੀ।

ਪਤਝੜ ਸਦਾ ਨਾ ਰਹਿਣੀ, ਆਉਣੀ ਬਹਾਰ ਆਖਰ। -ਮਹਿੰਦਰ ਸਾਥੀ

ਜਿਸ ਪਾਰਟੀ ਨੇ ਸਾਂਝੀਵਾਲਤਾ ਦਾ ਝੰਡਾ ਬੁਲੰਦ ਕੀਤਾ। ਸਾਡੀ ਧਰਤੀ ਦੀ ਜਾਈ ਸੰਗਰਾਮਣ ਗ਼ਦਰੀ ਗੁਲਾਬ ਕੌਰ ਦੀ ਜੀਵਨ ਘਾਲਣਾ ਅਮਿੱਟ ਹੈ। ਉਹ ਅੰਗਰੇਜ਼ ਹਕੂਮਤ ਦੀ ਕੈਦ ਦੌਰਾਨ ਜੇਲ੍ਹ ਅੰਦਰ ਉਹ ਕੈਂਸਰ ਦੀ ਨਾਮੁਰਾਦ ਬਿਮਾਰੀ ਦੀ ਲਪੇਟ ਵਿੱਚ ਆ ਗਏ। ਜੇਲ੍ਹ ਤੋਂ ਬਾਹਰ ਆ ਜਾਣ ਉਪਰੰਤ ਉਹ 28 ਜੁਲਾਈ 1925 ਨੂੰ ਆਜ਼ਾਦੀ ਸੰਗਰਾਮ ਦੇ ਕਾਫ਼ਲੇ ਨੂੰ ਅਲਵਿਦਾ ਕਹਿ ਗਏ।

-ਅਮੋਲਕ ਸਿੰਘ

ਮੇਰਾ ਮਿਸ਼ਨ ਤੇ ਸਮਰਪਣ




ਪ੍ਰੋ. ਅਜਮੇਰ ਸਿੰਘ ਔਲਖ
ਜਨਮ ਦਿਨ : 19 ਅਗਸਤ

ਮਿਸ਼ਨ ਜਾਂ ਕੁਮਿੱਟਮੈਂਟ ਦਾ ਪੜਾਅ ਤਾਂ ਉਦੋਂ ਹੀ ਆਇਆ ਜਦ ਮੈਂ ਆਪਣੇ ਨਾਟਕਾਂ ਨੂੰ ਸੁਚੇਤ ਤੌਰ ਤੇ ਕਾਲਜਾਂ ਯੂਨੀਵਰਸਿਟੀਆਂ ਦੇ ਤੰਗ ਦਾਇਰੇ ਵਿੱਚੋਂ ਕੱਢ ਕੇ ਲੋਕਾਈ ਨੂੰ ਚੇਤਨ ਕਰਨ ਦੇ ਮਨਸ਼ੇ ਨਾਲ ਪੰਜਾਬ ਦੇ ਪਿੰਡਾਂ ਦੇ ਕਿਰਤੀ ਲੋਕਾਂ ਵਿਚਕਾਰ ਲੈ ਕੇ ਗਿਆ। ਇਹ ਉਤਸ਼ਾਹ ਤੇ ਪ੍ਰੇਰਨਾ ਮੈਂ ਮੋਟੇ ਤੌਰ ਤੇ ਭਾਅ ਗੁਰਸ਼ਰਨ ਸਿੰਘ ਜੀ ਦੇ ਰੰਗਮੰਚ ਨੂੰ ਵੇਖ ਕੇ ਪ੍ਰਾਪਤ ਕੀਤਾ। ਦੂਜੇ, ਇਸ ਮਿਸ਼ਨ ਨਾਲ ਜੁੜਨ ਵਿੱਚ ਪੇਂਡੂ ਕਿਰਤੀ ਕਾਮਿਆਂ ਵੱਲੋਂ ਮੇਰੇ ਨਾਟਕਾਂ ਨੂੰ ਮਿਲੇ ਹੁੰਗਾਰੇ ਦਾ ਵੀ ਵੱਡਾ ਰੋਲ ਸੀ। ਮੈਂ ਲਿਖਦਾ ਵੀ ਉਹਨਾਂ ਬਾਰੇ ਸੀ ਤੇ ਮੋਟੇ ਤੌਰ ਤੇ ਕਰਦਾ ਵੀ ਉਨ੍ਹਾਂ ਮੂਹਰੇ ਸੀ। ਇਸ ਤਰ੍ਹਾਂ ਉਹਨਾਂ ਕਿਰਤੀ ਕਾਮਿਆਂ ਮੂਹਰੇ ਉਨ੍ਹਾਂ ਦੀ ਜ਼ਿੰਦਗੀ ਦੇ ਨਾਟਕ ਕਰਦਿਆਂ ਕਰਦਿਆਂ ਮੈਂ ਇਸ ਕਾਰਜ ਪ੍ਰਤੀ ਦਿਨ ਬ ਦਿਨ ਸੰਜੀਦਾ ਵੀ ਹੁੰਦਾ ਗਿਆ ਤੇ ਹੌਲੀ ਹੌਲੀ ਇਸਨੂੰ ਆਪਣਾ ਮਿਸ਼ਨ ਵੀ ਬਣਾ ਲਿਆ।

ਇਸ ਅਹਿਸਾਸ ਨਾਲ਼ ਕਿ ਰੰਗ ਮੰਚ ਦੀ ਕਲਾ ਨਾਲ ਜ਼ਿੰਦਗੀ ਦੇ ਬੇਹਤਰੀ ਲਈ ਕੰਮ ਆਪਣੇ ਆਪ ਵਿੱਚ ਮਹੱਤਵ ਪੂਰਨ ਕਾਰਜ ਹੈ। 1980 ਤੋਂ ਬਾਅਦ ਇਹ ਕਾਰਜ ਮੈਂ ਮਿਸ਼ਨ ਤੇ ਕੁਮਿੱਟਮੈਂਟ ਅਧੀਨ ਕਰਦਾ ਚਲਿਆ ਆ ਰਿਹਾ ਹਾਂ। ਕਾਮਯਾਬੀ ਕਿੰਨੀ ਕੁ ਹੱਥ ਲੱਗੀ ਹੈ, ਇਸ ਬਾਰੇ ਤਾਂ ਕੁਝ ਨਹੀਂ ਕਹਿ ਸਕਦਾ। ਹਾਂ, ਐਨਾ ਜਰੂਰ ਕਹਿ ਸਕਦਾ ਹਾਂ ਕਿ ਮੈਂ ਓਨਾ ਕੰਮ ਨਹੀਂ ਕਰ ਸਕਿਆ। ਜਿੰਨ੍ਹਾਂ ਕਰਨ ਦੀ ਮਨ ਵਿੱਚ ਰੀਝ ਉੱਠਦੀ ਰਹੀ ਹੈ। ਮੇਰੇ ਨਾਟਕਾਂ ਦੇ ਪਾਠਕ ਤੇ ਦਰਸ਼ਕ ਧੰਨ ਹਨ ਜਿੰਨ੍ਹਾਂ ਨੇ ਸੀਮਤ ਸਮਰੱਥਾ ਵਾਲੇ ਮੇਰੇ ਵਰਗੇ ਨਾਟਕਕਾਰ ਨੂੰ ਉਸਦੀ ਸਮਰੱਥਾ ਤੋਂ ਕਿਤੇ ਵੱਧ ਮਾਨਤਾ ਤੇ ਮਾਣ ਸਨਮਾਨ ਬਖਸ਼ਿਆ।

ਜ਼ਿੰਦਗੀ ਦਾ ਕਵੀ : ਲਾਲ ਸਿੰਘ ਦਿਲ



ਲਾਲ ਸਿੰਘ ਦਿਲ ਦੀ ਕਵਿਤਾ ਦੇ ਸੁਹਜ ਦੀ ਸੱਚ ਨਾਲ਼ ਟੱਕਰ ਹਮੇਸ਼ਾ ਬਣੀ ਰਹਿੰਦੀ ਹੈ। ਸੱਚ ਹਰ ਪਲ ਸੁਹਜ ਨੂੰ ਡੰਗਦਾ ਰਹਿੰਦਾ ਹੈ ਪਰ ਲਾਲ ਦੇ ਸ਼ਬਦਾਂ ਦੀ ਸੰਜੀਵਨੀ ਉਸ ਸੁਹਜ ਨੂੰ ਮੁੱਕਣ ਨਹੀਂ ਦਿੰਦੀ। ਇਸ ਦੀ ਕਵਿਤਾ ਸੁੱਚੀ ਕਵਿਤਾ ਹੈ। ਸੱਚ ਮੌਤ ਹੈ ਤੇ ਸੁਹਜ ਜ਼ਿੰਦਗੀ। ਲਾਲ ਜ਼ਿੰਦਗੀ ਦਾ ਕਵੀ ਹੈ।

-ਅਮਰਜੀਤ ਚੰਦਨ

ਯੁੱਗ ਦੀ ਸਵੇਰ

ਜ਼ਿੰਦਗੀ ਦੇ ਯੁੱਗ ਦੀ ਸਵੇਰ
ਆਏਗੀ ਜਰੂਰ ਇੱਕ ਵੇਰ,
ਸੋਨੇ ਦਿਆਂ ਦੀਵਿਆਂ ਚ ਬਾਲ
ਹੋਰ ਸਾਨੂੰ ਵੰਡ ਲੈ ਅੰਨ੍ਹੇਰ।
ਕੱਲ੍ਹ ਹੋਣੇ ਸਾਡੇ ਪੈਰਾਂ ਹੇਠ
ਡਿੱਗੀਆਂ ਇਮਾਰਤਾਂ ਦੇ ਢੇਰ
ਵੇਖ ਕਿੱਦਾਂ ਉੱਠਿਆ ਤੂਫ਼ਾਨ
ਘੇਰ ਇਹਨੂੰ ਮੂਹਰੇ ਹੋ ਕੇ ਘੇਰ।
ਸੂਹੇ ਹੋਏ ਟੀਸੀਆਂ ਤੋਂ ਰੁੱਖ
ਤੇਰੇ ਸ਼ਬਦ ਕੋਸ਼ ਥੋੜ੍ਹੀ ਦੇਰ।
ਗਲ ਜਾਣੇ ਗੋਹਿਆਂ ਚ ਤਾਜ
ਆਸਣਾਂ ਤੋਂ ਸੁੱਕਣੇ ਕਨੇਰ।
ਜ਼ਿੰਦਗੀ ਦੇ ਯੁੱਗ ਦੀ ਸਵੇਰ
ਆਏਗੀ ਜਰੂਰ ਇੱਕ ਵੇਰ।

ਚੰਗੀ ਖ਼ੁਰਾਕ

ਅਲਸੀ (FLAXSEEDS) - ਛੋਟੇ ਬੀਜ, ਵੱਡੇ ਫਾਇਦੇ

ਕੁਝ ਖਾਸ ਖਾਸ ਪੌਦਿਆਂ ਦੇ ਵੱਖ ਵੱਖ ਹਿੱਸਿਆਂ ਜਿਵੇਂ ਪੱਤੇ, ਫਲ, ਬੀਜ, ਆਦਿ ਖਾਣ ਦੇ ਅਕਸਰ ਲਾਭ ਦੱਸੇ ਜਾਂਦੇ ਹਨ, ਪਰ ਬਹੁਤੀ ਵਾਰ ਇਨ੍ਹਾਂ ਨੂੰ ਬਹੁਤ ਵਧਾਅ ਚੜ੍ਹਾ ਕੇ ਦੱਸਿਆ ਜਾਂਦਾ ਹੈ। ਜਿਵੇਂ ਕੁਝ ਸਾਲ ਪਹਿਲਾਂ ਕਣਕ ਦੇ ਪੌਦੇ ਦਾ ਜੂਸ ਕੱਢ ਕੇ ਪੀਣ ਦਾ ਬਹੁਤ ਰਿਵਾਜ ਚੱਲਿਆ ਸੀ। ਇਸ ਨੂੰ ਕੈਂਸਰ ਤੋਂ ਲੈ ਕੇ ਹਰ ਬਿਮਾਰੀ ਦਾ ਇਲਾਜ ਦੱਸਿਆ ਗਿਆ। ਇਹ ਠੀਕ ÙÍ *ਕਿ ਬਹੁਤ ਸਾਰੀਆਂ ਜੜ੍ਹੀਆਂ ਬੂਟੀਆਂ ਦਾ ਸਰੀਰ ਉੱਤੇ ਚੰਗਾ ਮਾੜਾ ਅਸਰ ਹੁੰਦਾ ਹੈ ਪਰ ਸਾਨੂੰ ਉਨ੍ਹਾਂ ਦੇ ਵਿਗਿਆਨਕ ਆਧਾਰ ਬਾਰੇ ਜਾਣਕਾਰੀ ਹੋਣੀ ਜਰੂਰੀ ਹੈ। ਫਿਰ ਹੀ ਅਸੀਂ ਉਨ੍ਹਾਂ ਦੀ ਵਰਤੋਂ ਕਰਨ ਜਾਂ ਨਾ-ਕਰਨ ਬਾਰੇ ਸਹੀ ਫੈਸਲਾ ਲੈ ਸਕਦੇ ਹਾਂ। ਇਹ ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਵਿੱਚ ਕਿਹੜੇ ਕਿਹੜੇ ਤੱਤ ਹਨ ਅਤੇ ਉਨ੍ਹਾਂ ਦਾ ਸਰੀਰ ਉੱਤੇ ਕੀ ਅਸਰ ਪੈਂਦਾ ਹੈ। ਅਸੀਂ 'ਤਰਕਸ਼ੀਲ' ਵਿੱਚ ਇਸ ਵਿਸ਼ੇ ਬਾਰੇ ਵੀ ਮਾਹਿਰਾਂ ਨਾਲ ਸੰਪਰਕ ਕਰਕੇ ਵਿਗਿਆਨਕ ਨਜ਼ਰੀਏ ਤੋਂ ਜਾਣਕਾਰੀ ਦੇਣੀ ਸ਼ੁਰੂ ਕਰ ਰਹੇ ਹਾਂ ਤਾਂ ਜੋ ਸਾਡੇ ਪਾਠਕ ਇਨ੍ਹਾਂ ਬਾਰੇ ਸੁਣੀਆਂ ਸੁਣਾਈਆਂ ਗੱਲਾਂ ਜਾਂ ਸੋਸ਼ਲ ਮੀਡੀਏ 'ਤੇ ਪਾਈਆਂ ਜਾਂਦੀਆਂ ਪੋਸਟਾਂ ਉੱਤੇ ਹੀ ਨਿਰਭਰ ਨਾ=ਰਹਿਣ। ਇਸ ਵਾਰ ਅਲਸੀ ਬਾਰੇ ਜੋ ਜਾਣਕਾਰੀ ਦਿੱਤੀ ਜਾ ਰਹੀ ਹੈ। ਇਹ ਜਾਣਕਾਰੀ ਦੇਣ ਵਾਲੇ ਮਾਹਿਰ=ਡਾ. ਨਵਤੇਜ ਸਿੰਘ, ਐੱਮ.ਡੀ. ਪੈਥੋਲੋਜੀ=(M.D. Pathology) ਹਨ ਅਤੇ ਬਾਬਾ .ਫਰੀਦ ਯੂਨੀਵਰਸਿਟੀ ਆ.ਫ ਹੈਲਥ ਸਾਇੰਸਜ਼, .ਫਰੀਦਕੋਟ ਵਿਖੇ ਪੈਥੋਲੋਜੀ ਵਿਭਾਗ ਦੇ ਪ੍ਰੋਫੈਸਰ ਅਤੇ ਮੁਖੀ ਰਹੇ ਹਨ।*

ਇੱਕ ਵਧੀਆ ਖੁਰਾਕ ਵਜੋਂ ਅਲਸੀ ਦੀ ਵਰਤੋਂ ਸੈਂਕੜੇ ਸਾਲਾਂ ਤੋਂ ਕੀਤੀ ਜਾਂਦੀ ਰਹੀ ਹੈ। ਅੱਜ ਵੀ ਇਸ ਨੂੰ ਸਰਵੋਤਮ ਖਾਣਯੋਗ ਪਦਾਰਥ ਮੰਨਿਆ ਗਿਆ ਹੈ। ਅਲਸੀ ਬੀਜ (FLAXSEEDS) ਨੂੰ ਲਿਨਸੀਡ ਵੀ ਕਿਹਾ ਜਾਂਦਾ ਹੈ। ਆਓ ਵੇਖੀਏ ਕਿ ਇਸ ਵਿੱਚ ਸਰੀਰ ਲਈ ਅਜਿਹੇ ਕਿਹੜੇ ਲਾਭਦਾਇਕ ਪਦਾਰਥ ਹੁੰਦੇ ਹਨ।

* ਅਲਸੀ ਬੀਜ ਓਮੇਗਾ-3 ਫੈਟੀ ਐਸਿਡ (Omega-3 fatty acid) ਖਾਸ ਕਰਕੇ ਐਲਫਾ ਲਾਈਨੋਲੇਨਿਕ ਐਸਿਡ (Alpha Linolenic Acid - ALA) ਦੇ ਸਭ ਤੋਂ ਵਧੀਆ ਸਰੋਤਾਂ ਵਿੱਚੋਂ ਇੱਕ ਹਨ। ਉਪਰੋਕਤ ਤੋ ਇਲਾਵਾ ਇਹ ਲਿਗਨੇਨ (lignans), ਫਾਈਬਰ (Dietary fibre), ਪ੍ਰੋਟੀਨ, ਕੁਝ ਵਿਟਾਮਿਨ ਅਤੇ ਮਿਨਰਲਜ਼ ਦਾ ਵੀ ਚੰਗਾ ਸਰੋਤ ਹਨ।

* ਇਹ ਆਮ ਤੌਰ 'ਤੇ ਭੂਰੇ ਜਾਂ ਸੁਨਹਿਰੀ ਪੀਲੇ ਰੰਗ ਦੇ ਹੁੰਦੇ ਹਨ। ਸੁਨਹਿਰੀ ਫਲੈਕਸੀਡ ਵਿੱਚ ALA ਦੀ ਮਾਤਰਾ ਵੱਧ ਹੁੰਦੀ ਹੈ ਪਰ ਸਿਹਤ ਲਈ ਦੋਨੋ ਹੀ ਫਾਇਦੇਮੰਦ ਹਨ।

* ਫਲੈਕਸੀਡ ਜਦੋਂ ਪੀਸ ਕੇ ਖਾਓ ਤਾਂ ਉਹ ਆਪਣੀ ਪੂਰੀ ਪੌਸ਼ਟਿਕਤਾ ਦਿੰਦੇ ਹਨ ਕਿਉਂਕਿ ਜੇ ਇਹ ਪੂਰੇ ਹੀ ਖਾਧੇ ਜਾਣ ਤਾਂ ਇਹ ਭੋਜਨ-ਨਲੀ ਵਿੱਚੋਂ ਬਿਨਾਂ ਪਚੇ ਹੋਏ ਲੰਘ ਜਾਂਦੇ ਹਨ ਅਤੇ ਸਰੀਰ ਨੂੰ ਇਨ੍ਹਾਂ ਵਿਚਲੇ ਤੱਤ ਮਿਲਦੇ ਨਹੀਂ। ਜਦੋਂ ਫਲੈਕਸੀਡ ਨੂੰ ਪੀਸਿਆ ਜਾਂਦਾ ਹੈ ਤਾਂ ਇਹਦੀ ਬਣਾਵਟ ਮੱਕੀ ਦੇ ਆਟੇ ਵਰਗੀ ਬਣ ਜਾਂਦੀ ਹੈ ਤੇ ਇਸਨੂੰ "ਫਲੈਕਸ ਮੀਲ" (flaxmeal) ਵੀ ਕਿਹਾ ਜਾਂਦਾ ਹੈ।

ਅਲਸੀ ਦੇ ਸਿਹਤ ਸਬੰਧੀ ਲਾਭ

1. ਦਿਲ ਦੀ ਸਿਹਤ 'ਚ ਲਾਭਕਾਰੀ :

ਅਲਸੀ ਦੇ ਤੇਲ ਵਿੱਚ ਹਾਈ ਕੋਲੇਸਟਰੋਲ ਅਤੇ ਖੂਨ-ਨਸਾਂ (Blood vessels) ਦੀ ਸੋਜ ਨੂੰ ਘਟਾਉਣ ਵਾਲੀਆਂ ਖ਼ਾਸੀਅਤਾਂ ਹੁੰਦੀਆਂ ਹਨ ਜੋ ਕਿ ਦਿਲ ਦੀਆਂ ਖੂਨ-ਨਸਾਂ ਲਈ ਸਿਹਤਮੰਦ ਹੁੰਦਾ ਹੈ ।

ਇਹ ਕੋਲੇਸਟਰੋਲ ਨੂੰ ਘਟਾ ਕੇ ਖੂਨ ਦੀਆਂ ਨਸਾਂ ਵਿੱਚ ਚਰਬੀ ਦੇ ਜਮ੍ਹਾਂ ਹੋਣ ਨੂੰ ਰੋਕਦਾ ਹੈ ਤੇ ਦਿਲ ਦੀਆਂ ਬੀਮਾਰੀਆਂ ਜਿਵੇਂ ਕਿ ਐਥਰੋਸਕਲੇਰੋਸਿਸ (atherosclerosis) ਨੂੰ ਰੋਕਣ ਵਿੱਚ ਮਦਦਗਾਰ ਹਨ। ਇਥੇ ਇਹ ਜਾਣਨਾ ਜ਼ਰੂਰੀ ਹੈ ਕਿ atherosclerosis ਹੀ ਦਿਲ ਨੂੰ ਖੂਨ ਸਪਲਾਈ ਕਰਨ ਵਾਲੀਆਂ ਰਕਤ ਨਸਾਂ ਬੰਦ ਹੋਣ ਦਾ ਮੁੱਖ ਕਾਰਨ ਹੈ ਅਤੇ ਅੱਜ ਕੱਲ੍ਹ ਹੋ ਰਹੀਆਂ ਦਿਲ ਦੀਆਂ ਬੀਮਾਰੀਆਂ ਲਈ ਮੁੱਖ ਤੌਰ ਤੇ ਜ਼ਿੰਮੇਂਵਾਰ ਹੈ।

ਉਪਰੋਕਤ ਰੋਲ ਲਈ ਅਲਫ਼ਾ-ਲਿਨੋਲਿਕ ਐਸਿਡ (ALA) ਬਹੁਤ ਮਹੱਤਵਪੂਰਨ ਹੈ ਜੋ ਕਿ ਇੱਕ ਜ਼ਰੂਰੀ ਫੈਟੀ ਐਸਿਡ (Essential Fatty Acid) ਹੈ। ਸਾਡਾ ਜਿਗਰ ਇਸ ਨੂੰ ਤਿਆਰ ਨਹੀਂ ਕਰ ਸਕਦਾ, ਸੋ ਇਸਨੂੰ ਖੁਰਾਕ ਵਿੱਚ ਲੈਣਾ ਪੈਂਦਾ ਹੈ ਅਤੇ ਅਲਸੀ ਵਿੱਚ ਇਸਦੀ ਭਰਪੂਰ ਮਾਤਰਾ ਹੁੰਦੀ ਹੈ।

2. ਹਾਜਮੇ ਵਿੱਚ ਮਦਦਗਾਰ

* ਅਲਸੀ ਵਿੱਚ ਕਾਫੀ ਮਾਤਰਾ ਵਿੱਚ ਘੁਲਣਸ਼ੀਲ ਤੇ ਅਘੁਲਣਸ਼ੀਲ ਫਾਈਬਰ ਮੌਜੂਦ ਹੁੰਦੇ ਹਨ ਹੈ ਜੋ ਹਾਜਮੇ ਦੀ ਪ੍ਰਕਿਰਿਆ ਨੂੰ ਸੁਧਾਰਦੇ ਹਨ।

ਇਹ ਫਾਈਬਰ ਪੇਟ ਦੀ ਗਤੀਵਿਧੀ ਨੂੰ ਠੀਕ ਰੱਖਣ ਵਿੱਚ ਮਦਦ ਕਰਦੇ ਹਨ, ਕਬਜ਼ ਨੂੰ ਦੂਰ ਕਰਦੇ ਹਨ ਅਤੇ ਅੰਤੜੀਆਂ ਵਿੱਚ ਮੌਜੂਦ ਚੰਗੇ ਬੈਕਟੀਰੀਆ ਦੀ ਗਿਣਤੀ ਵਧਾਉਂਦੇ ਹਨ। ਅੰਤੜੀਆਂ 'ਚ ਮੌਜੂਦ ਇਹ ਚੰਗੇ ਬੈਕਟੀਰੀਆ ਸਾਨੂੰ ਸਿਹਤਯਾਬ ਰੱਖਣ ਵਿੱਚ ਵਡਾ ਰੋਲ ਅਦਾ ਕਰਦੇ ਹਨ।

ਉਪਰੋਕਤ ਫਾਈਬਰ ਅੰਤੜੀਆਂ ਦੇ ਜ਼ਖਮਾਂ ਵਾਲੀਆਂ ਬਿਮਾਰੀਆਂ (Crohns disease) 'ਚ ਵੀ ਲਾਭਕਾਰੀ ਹਨ।

ਘੁਲਣਸ਼ੀਲ ਫਾਈਬਰ ਪਾਣੀ ਨਾਲ ਮਿਲਕੇ ਜੈੱਲ ਵਰਗਾ ਮਾਦਾ ਬਣਾਉਂਦਾ ਹੈ ਅਤੇ ਇਹ ਅੰਤੜੀ ਵਿਚੋਂ ਚਰਬੀ ਤੇ ਸ਼ੂਗਰ ਹਜਮ ਹੋਣ ਦੀ ਪ੍ਰਕਿਰਿਆ ਨੂੰ ਹੌਲੀ ਕਰਦਾ ਹੈ ਅਤੇ ਇਸ ਤਰ੍ਹਾਂ ਖ਼ੂਨ ਦੇ ਕੋਲੇਸਟਰੋਲ ਤੇ ਸ਼ੂਗਰ ਲੈਵਲ ਨੂੰ ਸਥਿਰ ਰੱਖਣ ਵਿੱਚ ਮਦਦ ਕਰਦਾ ਹੈ।

ਦੂਜੇ ਪਾਸੇ ਅਘੁਲਣਸ਼ੀਲ ਫਾਈਬਰ ਪਾਣੀ ਖਿੱਚਦਾ ਹੈ ਤੇ ਟੱਟੀ (stool) ਨਰਮ ਕਰਕੇ ਕਬਜ਼ੀ ਹਟਾਉਂਦਾ ਹੈ।

ਉਪਰੋਕਤ ਦੇ ਨਾਲ ਨਾਲ ਫਾਈਬਰ ਭੋਜਨ ਪ੍ਰਣਾਲੀ ਦੀ ਅੰਦਰਲੀ ਪਰਤ (Intestinal lining) ਨੂੰ ਸੁਰੱਖਿਅਤ ਕਰਦੀ ਹੈ ਤੇ ਸੋਜਿਸ਼ ਨੂੰ ਘਟਾਉਂਦੀ ਹੈ।

3. ਕੈਂਸਰ ਦੇ ਖ਼ਤਰੇ ਨੂੰ ਘਟਾਉਂਦੀ ਹੈ

ਅਲਸੀ ਵਿੱਚ ਪਾਏ ਜਾਣ ਵਾਲੇ ਲਿਗਨੇਨ (Lignans) ਕੈਂਸਰ ਦੇ ਖ਼ਤਰੇ ਨੂੰ ਘਟਾ ਸਕਦੇ ਹਨ। ਲਿਗਨੇਨ ਪੌਦਿਆਂ ਦੇ ਫਾਈਬਰ ਵਰਗੇ ਹਿੱਸੇ ਹੁੰਦੇ ਹਨ ਅਤੇ ਇਹਨਾਂ ਵਿੱਚ ਈਸਟਰੋਜਨ (Estrogen hormone) ਵਰਗੇ ਗੁਣ ਹੁੰਦੇ ਹਨ। ਅਲਸੀ ਦੇ ਬੀਜਾਂ ਵਿੱਚ ਹੋਰ ਕਿਸੇ ਵੀ ਪੌਦੇ ਦੀ ਤੁਲਨਾ ਵਿੱਚ ਲਗਭਗ 800 ਗੁਣਾ ਵੱਧ ਲਿਗਨੇਨ ਹੁੰਦੇ ਹਨ।

* ਅਧਿਐਨ ਦੱਸਦੇ ਹਨ ਕਿ ਪੌਦਾ-ਅਧਾਰਿਤ ਈਸਟਰੋਜਨ (Estrogen) ਮਨੁੱਖੀ ਈਸਟਰੋਜਨ ਦੇ ਪ੍ਰਭਾਵ ਨੂੰ ਰੋਕਦੇ ਹਨ ਅਤੇ ਇਸ ਨਾਲ ਈਸਟਰੋਜਨ-ਅਧਾਰਿਤ ਛਾਤੀ ਅਤੇ ਬੱਚੇਦਾਨੀ ਦੇ ਕੈਂਸਰ ਦਾ ਖਤਰਾ ਘਟਾਉਂਦੇ ਹਨ।

* ਇਹ ਐਂਟੀਔਕਸੀਡੈਂਟ (antioxidants) ਵਜੋਂ ਵੀ ਕੰਮ ਕਰਦੇ ਹਨ ਤੇ ਸਰੀਰ ਦੀ immunity ਚ ਵਾਧਾ ਕਰਦੇ ਹਨ ਅਤੇ ਬੁਢਾਪੇ ਨਾਲ ਸੰਬੰਧਿਤ ਅਤੇ ਲੰਬੇ ਸਮੇਂ ਦੀਆਂ ਬਿਮਾਰੀਆਂ ਤੋਂ ਬਚਾਉਂਦੇ ਹਨ।

4. ਵਿਟਾਮਿਨ ਤੇ ਖਣਿਜ :

ਅਲਸੀ ਵਿੱਚ ਵਿਟਾਮਿਨ ਬੀ-1(Thiamine) ਭਰਪੂਰ ਮਾਤਰਾ 'ਚ ਹੁੰਦੇ ਹਨ ਤੇ ਇਹ ਵਿਟਾਮਿਨ ਚਰਬੀ, ਕਾਰਬੋਹਾਈਡ੍ਰੇਟਸ ਤੇ ਪ੍ਰੋਟੀਨ ਤੋਂ ਊਰਜਾ ਪੈਦਾ ਕਰਨ ਵਿੱਚ ਯੋਗਦਾਨ ਪਾਉਂਦਾ ਹੈ।

ਅਲਸੀ ਬੀਜਾਂ ਵਿੱਚ ਖਣਿਜ ਪਦਾਰਥ ਜਿਵੇਂ ਕਿ ਫਾਸਫੋਰਸ, ਮੈਗਨੀਸ਼ੀਅਮ, ਆਇਰਨ, ਪੋਟਾਸ਼ੀਅਮ, ਮੈਂਗਨੀਜ਼, ਜ਼ਿੰਕ ਆਦਿ, ਜੋ ਸਰੀਰ ਦੇ ਕਈ ਅੰਗਾਂ ਦੇ ਸਹੀ ਕੰਮ ਕਰਨ ਲਈ ਜ਼ਰੂਰੀ ਹਨ, ਵੀ ਕਾਫੀ ਮਾਤਰਾ ਵਿੱਚ ਮਿਲਦੇ ਹਨ।

ਵਰਤੋਂ ਦੇ ਤਰੀਕੇ

* ਪਿੰਨੀਆਂ: ਸਰਦੀਆਂ ਵਿੱਚ ਅਲਸੀ ਦੀਆਂ ਪਿੰਨੀਆਂ ਖਾਣਾ ਸਰੀਰ ਨੂੰ ਗਰਮੀ ਅਤੇ ਊਰਜਾ ਪ੍ਰਦਾਨ ਕਰਦਾ ਹੈ।

* ਸਮੂਧੀ ਜਾਂ ਦਹੀਂ ਵਿੱਚ ਮਿਲਾ ਕੇ: ਅਲਸੀ ਦੇ ਪੀਸੇ ਹੋਏ ਬੀਜਾਂ ਨੂੰ ਸਮੂਧੀ ਜਾਂ ਦਹੀਂ ਵਿੱਚ ਮਿਲਾ ਕੇ ਖਾਣਾ ਸਿਹਤ ਲਈ ਲਾਭਦਾਇਕ ਹੈ।

* ਰੋਟੀ ਦੇ ਆਟੇ ਵਿੱਚ ਮਿਲਾ ਕੇ: ਅਲਸੀ ਦੇ ਪੀਸੇ ਹੋਏ ਬੀਜਾਂ ਨੂੰ ਰੋਟੀ ਪਕਾਉਣ ਸਮੇਂ ਆਟੇ ਵਿੱਚ ਮਿਲਾ ਕੇ ਵਰਤਣਾ ਰੋਟੀ ਦੀ ਪੌਸ਼ਟਿਕਤਾ ਵਧਾਉਂਦਾ ਹੈ।

* ਗਰਭਵਤੀ ਔਰਤਾਂ ਅਤੇ ਦੁੱਧ ਚੁੰਘਾਉਣ ਵਾਲੀਆਂ ਔਰਤਾਂ ਨੂੰ ਇਹ ਖਾਣ ਤੋਂ ਗੁਰੇਜ ਕਰਨਾ ਚਾਹੀਦਾ ਹੈ ਜਾਂ ਡਾਕਟਰ ਦੀ ਸਲਾਹ ਨਾਲ ਵਰਤੋਂ ਕੀਤੀ ਜਾਵੇ।

ਸੰਖੇਪ ਵਿੱਚ:

ਅਲਸੀ ਇੱਕ ਛੋਟਾ ਜਿਹਾ ਬੀਜ ਹੈ ਪਰ ਇਸ ਵਿੱਚ ਸਿਹਤ ਲਈ ਅਨੇਕਾਂ ਲਾਭ ਛੁਪੇ ਹੋਏ ਹਨ। ਅਗਰ ਤੁਸੀਂ ਆਪਣੇ ਦਿਲ ਦੀ ਸਿਹਤ ਨੂੰ ਮਜ਼ਬੂਤ ਕਰਨਾ ਚਾਹੁੰਦੇ ਹੋ, ਅਲਸੀ ਇੱਕ ਵਧੀਆ ਚੀਜ਼ ਹੈ। ਅਲਸੀ ਇੱਕ ਸੌਖੀ, ਸਸਤੀ ਤੇ ਬੇਹੱਦ ਪੋਸ਼ਟਿਕ ਖ਼ੁਰਾਕ ਹੈ ਜੋ ਹਰ ਉਮਰ ਦੇ ਵਿਅਕਤੀ ਲਈ ਲਾਭਦਾਇਕ ਹੋ ਸਕਦੀ ਹੈ।

ਫੋਨ : 94632 32244

ਪਿਛਲੇ ਦਿਨੀਂ ਤਰਕਸ਼ੀਲ ਸੋਸਾਇਟੀ ਪੰਜਾਬ ਦੇ ਸੰਗਰੂਰ-ਬਰਨਾਲਾ ਜ਼ੋਨ ਦੇ ਸਾਬਕਾ ਜਥੇਬੰਦਕ ਮੁਖੀ ਅਤੇ ਜਮਹੂਰੀ ਅਧਿਕਾਰ ਸਭਾ ਦੇ ਸਾਬਕਾ ਸਕੱਤਰ ਸਾਥੀ ਹਰਦੇਵ ਰਾਠੀ, ਤਰਕਸ਼ੀਲ ਸੋਸਾਇਟੀ ਪੰਜਾਬ ਦੇ ਵਿਤ ਮੁਖੀ ਰਾਜੇਸ਼ ਅਕਲੀਆ ਦੇ ਭਰਾਤਾ ਸ਼੍ਰੀ ਨਰਜੀਵ ਕੁਮਾਰ ਅਤੇ ਤਰਕਸ਼ੀਲ ਮੈਗਜ਼ੀਨ ਦੇ ਸਾਬਕਾ ਸੰਪਾਦਕ ਬਲਬੀਰ ਲੌਂਗੋਵਾਲ ਦੇ ਸੱਸ ਮਾਤਾ ਸ਼੍ਰੀਮਤੀ ਸਵਿੱਤਰੀ ਦੇਵੀ ਸਦੀਵੀ ਵਿਛੋੜਾ ਦੇ ਗਏ। ਤਰਕਸ਼ੀਲ ਸੋਸਾਇਟੀ ਪੰਜਾਬ ਅਤੇ ਅਦਾਰਾ ਤਰਕਸ਼ੀਲ ਉਨ੍ਹਾਂ ਨੂੰ ਸਤਿਕਾਰ ਭੇਂਟ ਕਰਦਾ ਹੋਇਆ ਇਨ੍ਹਾਂ ਪਰਿਵਾਰਾਂ ਦੇ ਦੁੱਖ ਵਿੱਚ ਸ਼ਰੀਕ ਹੁੰਦਾ ਹੈ।

ਪੁਲਾੜ ਦੀ ਯਾਤਰਾ

- ਰਣਧੀਰ ਗਿੱਲਪੱਤੀ

ਹਰ ਸੈਰ ਸਪਾਟੇ ਦਾ ਆਪਣਾ ਹੀ ਦਿਲਚਸਪ ਰੁਮਾਂਚ ਤੇ ਅਨੁਭਵ ਹੁੰਦਾ ਹੈ। ਸੈਰ-ਸਫ਼ਰ ਜਿਥੇ ਸਾਨੂੰ ਨਵੇਂ ਕੁਦਰਤੀ ਨਜ਼ਾਰਿਆਂ ਦੇ ਰੂਬਰੂ ਕਰਵਾਉਂਦੇ ਹਨ ਉਥੇ ਸਾਡੇ ਗਿਆਨ ਦੇ ਭੰਡਾਰ ਵਿੱਚ ਵੀ ਬੇਸ਼ਕੀਮਤੀ ਵਾਧਾ ਕਰਦੇ ਹਨ। ਜ਼ਮੀਨੀ ਧਰਾਤਲ ਤੇ ਇਹ ਸਫ਼ਰ ਕਾਰ, ਬੱਸ ਜਾਂ ਰੇਲ-ਗੱਡੀ ਆਦਿ ਸਾਧਨਾਂ ਰਾਹੀਂ ਕੀਤਾ ਜਾਂਦਾ ਹੈ। ਕਿਸੇ ਸਮੁੰਦਰ ਜਾਂ ਝੀਲ ਦੀ ਜਲ ਯਾਤਰਾ ਕਿਸ਼ਤੀ, ਫੈਰੀ ਜਾਂ ਸਮੁੰਦਰੀ ਜਹਾਜ ਰਾਹੀਂ ਪਾਣੀ ਦੀ ਹਿੱਕ ਤੇ ਤੈਰ ਕੇ ਹੁੰਦੀ ਹੈ। ਹਵਾਈ ਜਹਾਜ਼ ਹਵਾ ਵਿੱਚ ਰੁਮਾਂਚਕ ਸਫਰ ਦਾ ਸਾਧਨ ਹੈ। ਉਪਰੋਕਤ ਕਿਸਮ ਦੇ ਸਫਰ ਨਵੇਂ ਨਵੇਂ ਖੇਤਰਾਂ ਦੇ ਲੋਕਾਂ ਨਾਲ ਮੇਲਜੋਲ ਕਰਨ, ਉਨ੍ਹਾਂ ਦੇ ਸਭਿਆਚਾਰ ਨੂੰ ਸਮਝਣ ਤੇ ਸਾਡੇ ਸੋਚ ਪ੍ਰਬੰਧ ਅੰਦਰ ਮਨੁੱਖੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਤੇ ਆਤਮਵਿਸ਼ਵਾਸ ਦਾ ਸੰਚਾਰ ਕਰਨ ਦੇ ਸਾਧਨ ਬਣਦੇ ਹਨ ।

ਉਪਰੋਕਤ ਜ਼ਿਕਰ ਕੀਤੇ ਜਲ, ਥਲ ਤੇ ਹਵਾਈ ਯਾਤਰਾਵਾਂ ਤੋਂ ਬਿਲਕੁਲ ਵੱਖਰਾ ਇੱਕ ਹੋਰ ਸਫ਼ਰ ਵੀ ਹੈ ਜਿਸ ਵਿੱਚ ਸਰੀਰਿਕ ਤੇ ਮਾਨਸਿਕ ਅਨੰਦ ਨਾਲੋਂ ਖਤਰੇ ਤੇ ਦੁਸ਼ਵਾਰੀਆਂ ਵੱਧ ਹਨ। ਇਸ ਸਫ਼ਰ ਤੇ ਕਰੜੀ ਪ੍ਰੀਖਿਆ ਤੋਂ ਬਾਅਦ ਵੀ ਮਜ਼ਬੂਤ ਸਰੀਰਕ ਸਮਰੱਥਾ ਤੇ ਮਾਨਸਿਕ ਦ੍ਰਿੜਤਾ ਰੱਖਣ ਵਾਲੇ ਜਾਂਬਾਜ਼ ਲੋਕ ਹੀ ਜਾ ਸਕਦੇ ਹਨ। ਇਹ ਸਫ਼ਰ ਹੈ ਪੁਲਾੜੀ ਮਿਸ਼ਨਾਂ ਤੇ ਜਾਣ ਵਾਲੇ ਲੋਕਾਂ ਦਾ ਜਿਸ ਵਿੱਚ ਹੁਣ ਤੱਕ ਦਰਜਨ ਕੁ ਦੇਸ਼ਾਂ ਦੇ ਕੁੱਝ ਸੈਂਕੜੇ ਲੋਕ ਹੀ ਜਾ ਸਕੇ ਹਨ। ਉਹਨਾਂ ਵੱਲੋਂ ਪੁਲਾੜ ਯਾਤਰਾ ਦੌਰਾਨ ਕੀਤੇ ਹੈਰਾਨਕੁੰਨ ਖੋਜ-ਤਜਰਬੇ ਅਤੇ ਹਾਸਲ ਕੀਤੇ ਅਨੁਭਵ ਸਾਡੇ ਲਈ ਗਿਆਨ ਵਿਗਿਆਨ ਦੇ ਨਵੇਂ ਦਰ ਖੋਲ੍ਹ ਰਹੇ ਹਨ।

ਪੁਲਾੜ ਦਾ ਮਤਲਬ ਬ੍ਰਹਿਮੰਡ ਵਿੱਚ ਮੌਜੂਦ ਉਹ ਅਸੀਮ ਖਲਾਅ ਹੈ ਜਿਸਦੀਆਂ ਅਨੰਤ ਦੂਰੀਆਂ ਵਿੱਚ ਭਰਮਣ ਕਰ ਰਹੀਆਂ ਖਰਬਾਂ ਅਕਾਸ਼ਗੰਗਾਵਾਂ ਦੇ ਅੰਦਰ ਅਰਬਾਂ ਖਰਬਾਂ ਤਾਰੇ, ਗ੍ਰਹਿ, ਉਪਗ੍ਰਹਿ ਤੇ ਧੂਮਕੇਤੂ ਗਤੀਸ਼ੀਲ ਹਨ। ਪੁਲਾੜੀ ਯਾਤਰਾ ਦੇ ਮੁਸਾਫਰਾਂ ਲਈ ਇੱਕੋ ਇੱਕ ਸਾਧਨ ਪੁਲਾੜੀ ਸ਼ਟਲ ਹੀ ਹੈ ਜਿਸ ਵਿੱਚ ਉਹ ਵਿਸ਼ੇਸ਼ ਤੌਰ ਤੇ ਤਿਆਰ ਕੀਤਾ ਪੁਲਾੜੀ ਸੂਟ ਪਹਿਨ ਕੇ ਹੀ ਜਾ ਸਕਦੇ ਹਨ। ਅੱਜ ਇੱਥੇ ਆਪਾਂ ਇਸ ਵੱਖਰੀ ਕਿਸਮ ਦੇ ਸਫ਼ਰ ਦੀ ਚਰਚਾ ਕਰਾਂਗੇ।

ਪੁਲਾੜੀ ਯਾਤਰੀਆਂ ਨੂੰ ਇਸ ਸਫ਼ਰ ਦੌਰਾਨ ਕਈ ਪ੍ਰਕਾਰ ਦੀਆਂ ਬੇਆਰਾਮ ਕਰਨ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਉਂ ਜਿਉਂ ਅਸੀਂ ਪ੍ਰਿਥਵੀ ਦੇ ਤਲ ਤੋਂ ਦੂਰ ਪੁਲਾੜ ਵਿੱਚ ਜਾਂਦੇ ਹਾਂ ਤਾਂ ਦੂਰੀ ਦੇ ਵਰਗ ਦੇ ਹਿਸਾਬ ਨਾਲ ਗੁਰੂਤਾ ਖਿੱਚ ਕਮਜ਼ੋਰ ਹੁੰਦੀ ਜਾਂਦੀ ਹੈ। ਬਹੁਤ ਦੂਰੀ ਤੇ ਪਹੁੰਚ ਕੇ ਗੁਰੂਤਾ ਖਿੱਚ ਦਾ ਪ੍ਰਭਾਵ ਬਹੁਤ ਸੂਖ਼ਮ ਲਗਭਗ ਸਿਫ਼ਰ ਦੇ ਬਰਾਬਰ ਰਹਿ ਜਾਂਦਾ ਹੈ। ਇਸ ਹਾਲਤ ਵਿੱਚ ਪੁਲਾੜੀ ਸ਼ਟਲ ਵਿੱਚ ਸਵਾਰ ਯਾਤਰੀ ਲਗਪੱਗ ਭਾਰ-ਹੀਣ ਹੋ ਜਾਂਦੇ ਹਨ ਤੇ ਉਹ ਸ਼ਟਲ ਦੇ ਫ਼ਰਸ਼ ਤੇ ਟਿਕੇ ਰਹਿਣ ਦੀ ਬਜਾਏ ਰੂੰ ਦੇ ਫੰਬੇ ਵਾਂਗ ਖਲਾਅ ਵਿੱਚ ਤੈਰਨ ਲਗਦੇ ਹਨ। ਉਨ੍ਹਾਂ ਦੀਆਂ ਬਾਕੀ ਵਸਤਾਂ ਦਾ ਹਾਲ ਵੀ ਇਹੀ ਹੁੰਦਾ ਹੈ। ਜ਼ਰੂਰਤ ਪੈਣ ਤੇ ਸਥਿਰ ਹੋਣ ਲਈ ਉਨ੍ਹਾਂ ਨੂੰ ਖੁਦ ਨੂੰ ਸਪੇਸ ਸ਼ਟਲ ਦੀਆਂ ਹੁੱਕਾਂ ਨਾਲ ਬੰਨ੍ਹਣਾ ਪੈਂਦਾ ਹੈ। ਖਾਸ ਤੌਰ ਤੇ ਸੌਣ ਵੇਲੇ ਪੁਲਾੜ ਯਾਤਰੀ ਆਪਣੇ ਸਲੀਪਿੰਗ ਬੈਗ ਸਮੇਤ ਸ਼ਟਲ ਨਾਲ ਬੰਨ੍ਹ ਕੇ ਹੀ ਸੌਂ ਸਕਦੇ ਹਨ। ਤੁਹਾਡੇ ਲਈ ਇਹ ਗੱਲ ਪ੍ਰੇਸ਼ਾਨ ਕਰਨ ਵਾਲੀ ਹੋ ਸਕਦੀ ਹੈ ਕਿ ਪੁਲਾੜ ਯਾਤਰੀਆਂ ਕੋਲ ਪਾਣੀ ਦਾ ਕੋਈ ਵੱਖਰਾ ਪ੍ਰਬੰਧ ਨਹੀਂ ਹੁੰਦਾ, ਉਹ ਆਪਣੇ ਰੀਸਾਈਕਲ ਕੀਤੇ ਹੋਏ ਪਿਸ਼ਾਬ ਨੂੰ ਹੀ ਪਾਣੀ ਵਜੋਂ ਪੀਂਦੇ ਹਨ। ਉਨ੍ਹਾਂ ਕੋਲ ਖਾਣ ਲਈ ਡੱਬਾ-ਬੰਦ ਸੁੱਕਾ ਭੋਜਨ ਹੁੰਦਾ ਹੈ ਜਿਸਨੂੰ ਉਹ ਉਕਤ ਪਾਣੀ ਨਾਲ ਤਿਆਰ ਕਰਦੇ ਹਨ। ਸਰੀਰ ਦੀ ਸਫਾਈ ਵੀ ਗਿੱਲੇ ਤੌਲੀਏ ਨਾਲ ਕੀਤੀ ਜਾਂਦੀ ਹੈ। ਪਖਾਨਾ ਜਾਣ ਦੀ ਪ੍ਰਕਿਰਿਆ ਪ੍ਰਿਥਵੀ ਤੇ ਰਹਿਣ ਵਾਂਗ ਫਲੱਸ਼ ਸਿਸਟਮ ਵਰਗੀ ਬਿਲਕੁਲ ਨਹੀਂ ਹੁੰਦੀ। ਸਗੋਂ ਇਹ ਜ਼ਰੂਰੀ ਕੰਮ ਵੈਕਿਊਮ ਸਕਸ਼ਨ ਦੁਆਰਾ ਮਲ ਨੂੰ ਖਿੱਚ ਕੇ ਨਿਪਟਾਇਆ ਜਾਂਦਾ ਹੈ। ਪੁਲਾੜ ਯਾਤਰੀਆਂ ਨੂੰ ਪ੍ਰਿਥਵੀ ਵਾਂਗ ਸਮੇਂ ਦਾ ਅਨੁਭਵ ਨਹੀਂ ਹੁੰਦਾ ਉਹ ਆਪਣਾ ਰੋਜ਼ਮਰ੍ਹਾ ਦਾ ਕੰਮ ਤੈਅ ਕੀਤੀ ਕਾਰਜ ਪ੍ਰਣਾਲੀ ਅਨੁਸਾਰ ਹੀ ਕਰਦੇ ਹਨ।

ਪੁਲਾੜ ਵਿੱਚ ਗੁਰੂਤਾ ਪ੍ਰਭਾਵ ਲਗਭਗ ਜ਼ੀਰੋ ਹੋਣ ਕਰਕੇ ਯਾਤਰੀਆਂ ਦੇ ਭਾਰਹੀਣ ਹੋਣ ਦਾ ਅਸਰ ਉਹਨਾਂ ਦੇ ਸਰੀਰਾਂ ਤੇ ਨਾਕਾਰਾਤਮਕ ਹੁੰਦਾ ਹੈ। ਅਜਿਹੀ ਹਾਲਤ ਵਿੱਚ ਲੰਮਾ ਸਮਾਂ ਰਹਿਣ ਕਾਰਣ ਉਹਨਾਂ ਦੀਆਂ ਹੱਡੀਆਂ ਤੇ ਮਾਸਪੇਸ਼ੀਆਂ ਕਮਜ਼ੋਰ ਹੋਣ ਲਗਦੀਆਂ ਹਨ। ਇਸ ਹਾਲਤ ਦਾ ਸਾਹਮਣਾ ਕਰਨ ਲਈ ਉਹਨਾਂ ਨੂੰ ਰੋਜ਼ਾਨਾਂ ਦੋ ਘੰਟੇ ਕਸਰਤ ਕਰਨੀ ਪੈਂਦੀ ਹੈ। ਜ਼ੀਰੋ ਗੁਰੂਤਾ ਖਿੱਚ ਕਾਰਣ ਉਹ ਸਵਾਦ ਦਾ ਅਨੁਭਵ ਵੀ ਨਹੀਂ ਕਰ ਸਕਦੇ ਜਿਸ ਕਾਰਣ

ਉਹ ਤੇਜ਼ ਮਸਾਲੇਦਾਰ ਖਾਣਾ ਲੈਣਾ ਪਸੰਦ ਕਰਦੇ ਹਨ। ਮਾਨਸਿਕ ਤਣਾਅ ਤੋਂ ਛੁਟਕਾਰਾ ਪਾਉਣ ਤੇ ਮਨੋਬਲ ਬਣਾਈ ਰੱਖਣ ਲਈ ਉਹ ਕਿਤਾਬਾਂ ਪੜ੍ਹਨ, ਸੰਗੀਤ ਸੁਣਨ, ਫ਼ਿਲਮੀ ਕਲਿੱਪਾਂ ਦੇਖਣ ਜਾਂ ਆਡੀਓ ਵੀਡੀਓ ਸੰਪਰਕ ਰਾਹੀਂ ਪ੍ਰਿਥਵੀ ਤੇ ਗੱਲਬਾਤ ਕਰਨ ਦੇ ਸਾਧਨਾਂ ਦਾ ਇਸਤੇਮਾਲ ਕਰਦੇ ਹਨ। ਇਸ ਤੋਂ ਇਲਾਵਾ ਮਿਥੇ ਗਏ ਮਿਸ਼ਨ ਦੀ ਪੂਰਤੀ ਲਈ ਪੁਲਾੜੀ ਪ੍ਰਸਥਿਤੀਆਂ ਵਿੱਚ ਪੌਦੇ ਉਗਾਉਣ, ਪੁਲਾੜੀ ਬਸਤੀਆਂ ਵਸਾਉਣ, ਬੈਕਟੀਰੀਆ ਦੇ ਵਿਹਾਰ ਨੂੰ ਨੋਟ ਕਰਕੇ ਦਵਾਈਆਂ ਆਦਿ ਬਣਾਉਣ ਵਿੱਚ ਸਹਾਇਕ ਖੋਜਾਂ ਆਦਿ ਤੇ ਲਗਾਤਾਰ ਕੰਮ ਕਰਦੇ ਰਹਿੰਦੇ ਹਨ।

ਸੁਨੀਤਾ ਵਿਲੀਅਮ ਦੀ ਮੁਸ਼ਕਿਲ ਯਾਤਰਾ

ਹਾਲ ਹੀ ਵਿੱਚ ਪੁਲਾੜ ਵਿੱਚ 286 ਦਿਨ ਬਿਤਾ ਕੇ ਪ੍ਰਿਥਵੀ ਤੇ ਪਰਤੀ ਭਾਰਤੀ ਮੂਲ ਦੀ ਪ੍ਰਸਿੱਧ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਨੇ ਉਪਰੋਕਤ ਹਾਲਤਾਂ ਵਿੱਚੋਂ ਗੁਜ਼ਰਦੇ ਹੋਏ ਅਨੇਕ ਪ੍ਰਕਾਰ ਦੇ ਅਨੁਭਵ ਹਾਸਿਲ ਕੀਤੇ ਹਨ। ਗੁਜਰਾਤ ਦੇ ਦੀਪਕ ਪਾਂਡਿਆ ਤੇ ਸਲੋਵੇਨੀਆ ਮੂਲ ਦੀ ਉਹਸੁਲਾਈਨ ਬੋਨੀ ਪਾਂਡਿਆ ਦੀ ਹੋਣਹਾਰ ਧੀ ਸੁਨੀਤਾ 19 ਸਤੰਬਰ 1965 ਨੂੰ ਅਮਰੀਕਾ ਦੇ ਓਹਾਈਓ ਖੇਤਰ ਦੇ ਯੂਕਲਿਡ ਸਥਾਨ ਤੇ ਜਨਮੀ । ਉਹ ਕਲਪਨਾ ਚਾਵਲਾ ਤੋਂ ਬਾਅਦ ਭਾਰਤੀ ਮੂਲ ਦੀ ਦੂਸਰੀ ਔਰਤ ਪੁਲਾੜ ਯਾਤਰੀ ਬਣੀ। ਸੁਨੀਤਾ ਨੇ 1983 ਵਿੱਚ ਨੀਧਮ ਹਾਈ ਸਕੂਲ ਤੋਂ ਸਨਾਤਕ ਡਿਗਰੀ ਹਾਸਿਲ ਕੀਤੀ ਤੇ ਫਿਰ 1987 ਵਿੱਚ ਯੂ.ਐਸ. ਨੇਵਲ ਅਕੈਡਮੀ ਚੋਂ ਭੌਤਿਕ ਵਿਗਿਆਨ ਦੀ ਡਿਗਰੀ ਪ੍ਰਾਪਤ ਕੀਤੀ। ਉਸਨੇ 1995 ਵਿੱਚ ਮੈਲਬੌਰਨ ਦੇ ਫਲੋਰਿਡਾ ਇੰਸਟੀਚਿਊਟ ਆਫ ਟੈਕਨਾਲੋਜੀ ਤੋਂ ਇੰਜੀਨੀਅਰਿੰਗ ਮੈਨੇਜਮੈਂਟ ਵਿੱਚ ਮਾਸਟਰ ਆਫ ਸਾਇੰਸ ਦੀ ਡਿਗਰੀ ਹਾਸਿਲ ਕੀਤੀ। ਬਾਅਦ ਵਿੱਚ ਰੂਸੀ ਅੰਤਰ ਰਾਸ਼ਟਰੀ ਸਪੇਸ ਸੰਸਥਾਨ (ਰੋਸਕੋਸਮੋਸ) ਤੋਂ ਸਿਖਲਾਈ ਪੂਰੀ ਕੀਤੀ। ਇਸ ਤੋਂ ਪਹਿਲਾਂ ਉਹ ਜਲ ਸੈਨਾ ਚ ਪ੍ਰੀਖਣ ਪਾਇਲਟ ਬਣੀ ਤੇ ਤੂਫਾਨ ਪ੍ਰਭਾਵਿਤ ਮਿਆਮੀ ਦੇ ਰਾਹਤ ਮਿਸ਼ਨ ਅਤੇ ਇਰਾਕ ਦੇ ਕੁਰਦ ਖੇਤਰ ਵਿੱਚ ਨੋ-ਫਲਾਈ ਜ਼ੋਨ ਦੀ ਸਥਾਪਨਾ ਦੌਰਾਨ ਸਹਾਇਤਾ ਲਈ ਹੈਲੀਕਾਪਟਰ ਦੀਆਂ ਉਡਾਣਾਂ ਭਰਨ ਸਮੇਤ ਕਈ ਮੁਹਿੰਮਾਂ ਵਿੱਚ ਹਿੱਸਾ ਲਿਆ। ਉਸਨੇ ਤੀਹ ਤੋਂ ਵੱਧ ਜਹਾਜ਼ ਉਡਾਏ ਤੇ 2770 ਘੰਟੇ ਦੀਆਂ ਉਡਾਣਾਂ ਭਰੀਆਂ। ਸੁਨੀਤਾ ਦੇ ਪੁਲਾੜੀ ਸਫ਼ਰ ਦੀ ਸ਼ੁਰੂਆਤ 1998 ਵਿੱਚ ਹੋਈ ਜਦੋਂ ਉਹ ਅਮਰੀਕੀ ਪੁਲਾੜ ਏਜੰਸੀ ਨਾਸਾ ਦੇ ਪੈਮਾਨਿਆਂ ਤੇ ਖਰੀ ਉਤਰਦੀ ਹੋਈ ਪੁਲਾੜ ਯਾਤਰੀ ਵਜੋਂ ਚੁਣੀ ਗਈ। ਉਸਨੇ ਪੁਲਾੜ ਯਾਤਰਾਵਾਂ ਦੌਰਾਨ 62 ਘੰਟੇ 6 ਮਿੰਟ ਸਪੇਸ ਵਾਕ ਕੀਤੀ ਹੋਈ ਹੈ, ਜੋ ਹੁਣ ਤੱਕ ਦੇ ਸਾਰੇ ਪੁਲਾੜ ਯਾਤਰੀਆਂ ਵਿੱਚੋਂ ਚੌਥੇ ਸਥਾਨ ਤੇ ਰਹੀ। ਉਹ ਬੋਇੰਗ ਸਟਾਰਲਾਈਨਰ ਸਪੇਸ ਸ਼ਟਲ 'ਤੇ ਭੇਜੀ ਜਾਣ ਵਾਲੀ ਦੁਨੀਆਂ ਦੀ ਪਹਿਲੀ ਮਹਿਲਾ ਯਾਤਰੀ ਸੀ।

ਸੁਨੀਤਾ ਨੂੰ 5 ਜੂਨ 2024 ਵਿੱਚ ਬੋਇੰਗ ਸਟਾਰਲਾਈਨਰ ਸਪੇਸ ਸ਼ਟਲ ਰਾਹੀਂ ਸਾਥੀ ਯਾਤਰੀ ਬੁਚ ਵਿਲਮੋਰ ਨਾਲ ਪੁਲਾੜ ਸਟੇਸ਼ਨ ਤੇ ਭੇਜਿਆ ਗਿਆ। ਇਹ ਸ਼ਟਲ ਹਰ 90 ਮਿੰਟਾਂ ਬਾਅਦ ਪ੍ਰਿਥਵੀ ਦਾ ਇੱਕ ਚੱਕਰ ਪੂਰਾ ਕਰਦੀ ਸੀ ਤੇ ਇਸ ਪ੍ਰਕਾਰ ਇਸਦੇ ਯਾਤਰੀ 24 ਘੰਟਿਆਂ ਵਿੱਚ 16 ਵਾਰ ਸੂਰਜ ਚੜ੍ਹਦਾ ਤੇ ਡੁਬਦਾ ਦੇਖਦੇ ਸਨ। ਇਹ ਅੱਠ ਦਿਨਾਂ ਦਾ ਮਿਸ਼ਨ ਸੀ ਪਰ ਸ਼ਟਲ ਦੇ ਪੰਜ ਥਰਸਟਰਸ ਫੇਲ੍ਹ ਹੋਣ ਅਤੇ ਹੀਲੀਅਮ ਗੈਸ ਲੀਕ ਹੋ ਜਾਣ ਕਾਰਣ ਪਈ ਤਕਨੀਕੀ ਅੜਚਣ ਕਾਰਣ ਇਹ ਯਾਤਰੀ ਮਿਥੇ ਸਮੇਂ ਤੇ ਵਾਪਸ ਨਹੀਂ ਆ ਸਕੇ। ਸਾਰੀ ਦੁਨੀਆਂ ਪੁਲਾੜ ਵਿੱਚ ਫਸੇ ਇਹਨਾਂ ਯਾਤਰੀਆਂ ਦੀ ਪ੍ਰਿਥਵੀ ਉਪਰ ਸਲਾਮਤ ਵਾਪਸੀ ਲਈ ਚਿੰਤਤ ਹੋ ਉਠੀ। ਆਖਰ ਪ੍ਰਿਥਵੀ ਤੋਂ ਭੇਜੇ ਗਏ ਸਪੇਸ-ਐਕਸ ਡਰੈਗਨ ਨਾਂ ਦੇ ਸਪੇਸ ਸ਼ਟਲ ਰਾਹੀਂ ਸੁਨੀਤਾ ਤੇ ਵਿਲਮੋਰ 18 ਮਾਰਚ 2025 ਨੂੰ ਧਰਤੀ ਤੇ ਪਰਤ ਸਕੇ। ਇਸ ਸਮੇਂ ਤੱਕ ਸੁਨੀਤਾ ਵਿਲੀਅਮਜ਼ ਦਾ ਪੁਲਾੜ ਵਿੱਚ ਰਹਿਣ ਦਾ ਕੁਲ ਸਮਾਂ 608 ਦਿਨ ਬਣਦਾ ਹੈ ਜੋ ਪੈਗੀ ਵਿਸਟਨ ਦੇ 675 ਦਿਨਾਂ ਦੇ ਰਿਕਾਰਡ ਤੋਂ ਬਾਅਦ ਸਭ ਤੋਂ ਵੱਧ ਹੈ। ਬਿਨਾਂ ਸ਼ੱਕ ਸੁਨੀਤਾ ਦੀਆਂ ਪ੍ਰਾਪਤੀਆਂ ਦਾ ਅੰਬਾਰ ਵਿਸ਼ੇਸ਼ ਤੌਰ ਤੇ ਮਹਿਲਾਵਾਂ ਲਈ ਮਾਣ ਵਾਲੀ ਗੱਲ ਹੈ ਤੇ ਉਹ ਪੁਲਾੜ ਵਿੱਚ ਦਿਲਚਸਪੀ ਰੱਖਣ ਵਾਲਿਆਂ ਲਈ ਪ੍ਰੇਰਣਾ ਸਰੋਤ ਮਾਡਲ ਹੈ।

ਫੋਨ-98556 56156

ਕਾਵਿ ਵਿਅੰਗ

ਵਿੱਚ ਮਨੀ ਪਲਾਂਟ ਲਗਾਇਆ,
ਕੋਠੀ ਪਾਈ ਬਾਗ ਵੱਢ ਕੇ।
ਰਾਖੀ ਵਾਸਤੇ ਲਿਆਂਦਾ ਪਿੱਟ-ਬੁੱਲ ਜੀ,
ਕੱਟੀ ਸਣੇ ਮੱਝ ਵੇਚ ਕੇ।
ਸੁੱਖ 'ਤਾਰ ਦਿੱਤੀ ਮਾਤਾ ਨਾਲੇ ਪੀਰ ਦੀ,
ਪਾਰਟੀ ਅਖੰਡ ਪਾਠ ਨੂੰ।
ਭੋਗ ਪੈਣ ਸਾਰ ਡੀ.ਜੇ. ਕੱਢੂ ਧੁੱਕੀਆਂ,
ਲੈੱਗ ਨਾਲ ਪੈੱਗ ਵੀ ਚੱਲੂ।
ਗੱਲਾਂ ਗੱਲਾਂ ਵਿੱਚ ਸੱਤ ਲੱਖ ਲੱਗ ਗਏ,
ਲੋਕੀਂ ਕਹਿੰਦੇ ਗੱਲ ਨ੍ਹੀ ਬਣੀ।

ਰੋਮੀ ਘੜਾਮੇਂ ਵਾਲਾ (77173-80107)

ਵਿਵਸਥਾ ਤੇ ਸੱਟ ਮਾਰਦੀ ਫਿਲਮ "ਫੂਲੇ"

ਗੁਰਮੀਤ ਕੜਿਆਲਵੀ

ਬੀਤੇ ਦਿਨ ਜਗਰਾਓਂ ਦੇ ਇੱਕ ਪੈਲੇਸ ਵਿੱਚ ਦੇਸ਼ ਦੀ ਪਹਿਲੀ ਔਰਤ ਅਧਿਆਪਕਾ ਸਵਿਤਰੀ ਬਾਈ ਫੂਲੇ ਤੇ ਉਸਦੇ ਜੀਵਨ ਸਾਥੀ ਜੋਤਿਬਾ ਫੂਲੇ ਦੀ ਜਿੰਦਗੀ, ਸੰਘਰਸ਼ ਅਤੇ ਕ੍ਰਾਂਤੀਕਾਰੀ ਵਿਚਾਰਧਾਰਾ ਤੇ ਅਧਾਰਿਤ ਫਿਲਮ 'ਫੂਲੇ' ਵੇਖਣ ਦਾ ਸਬੱਬ ਬਣਿਆਂ। ਜਗਰਾਉਂ ਵਿੱਚ ਇਹ ਫਿਲਮ ਮਹਾਤਮਾ ਜੋਤਿਬਾ ਫੂਲੇ, ਡਾਕਟਰ ਭੀਮ ਰਾਓ ਅੰਬੇਦਕਰ ਤੇ ਹੋਰ ਅਜਿਹੇ ਮਹਾਨ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਨੌਜਵਾਨਾਂ ਰਣਜੀਤ ਹਠੂਰ, ਗੋਲਡੀ ਮਲਿਕ ਆਦਿ ਦੇ ਯਤਨਾਂ ਨਾਲ ਚਲਾਈ ਗਈ ਹੈ।

ਫਿਲਮ ਨੂੰ ਰਿਲੀਜ਼ ਹੋਣ ਤੋਂ ਰੋਕਣ ਲਈ ਵਾਰ-ਵਾਰ ਅੜਚਣਾਂ ਕਿਉਂ ਡਾਹੀਆਂ ਗਈਆਂ, ਸੈਂਸਰ ਬੋਰਡ ਦੀ ਤਿੱਖੀ ਕੈਂਚੀ ਇਸਦੇ ਮਹੱਤਵਪੂਰਨ ਦ੍ਰਿਸ਼ਾਂ ਤੇ ਕਿਉਂ ਚੱਲੀ ਅਤੇ ਦੇਸ਼ ਦੇ ਕੱਟੜ ਪ੍ਰੰਪਰਾਵਾਦੀ ਤੇ ਜਾਤੀਵਾਦੀ ਸੰਗਠਨਾਂ ਵੱਲੋਂ ਫਿਲਮ ਖਿਲਾਫ਼ ਬੇਲੋੜਾ ਵਾਵੇਲਾ ਕਿਉਂ ਮਚਾਇਆ ਗਿਆਫਿਲਮ ਵੇਖਦਿਆਂ ਇਹਨਾਂ ਪਿਛਲੇ ਸਾਰੇ ਕਾਰਨਾਂ ਦਾ ਸਾਫ਼ ਪਤਾ ਚੱਲ ਜਾਂਦਾ ਹੈ। ਫਿਲਮ ਦੇਸ਼ ਦੀਆਂ ਅਖੌਤੀ ਸਨਾਤਨੀ ਪ੍ਰਥਾਵਾਂ ਤੇ ਕਰੜੇ ਵਾਰ ਕਰਦੀ ਹੈ। ਫਿਲਮ ਨੇ ਜਾਤੀਵਾਦੀ ਪ੍ਰਥਾ, ਦਲਿਤ ਤੇ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਪੜ੍ਹਨ ਤੋਂ ਰੋਕਣ, ਕੁੜੀਆਂ ਦੀ ਪੜ੍ਹਾਈ ਨੂੰ ਧਰਮ ਵਿਰੋਧੀ ਆਖ ਕੇ ਉਹਨਾਂ ਦੀ ਸਿਖਿਆ ਪ੍ਰਾਪਤੀ ਦੇ ਰਾਹਾਂ ਚ ਕੰਡੇ ਵਿਛਾਉਣ, ਅੜਿੱਕੇ ਡਾਹੁਣ, ਵਿਧਵਾਵਾਂ ਦੇ ਪੁਨਰ ਵਿਆਹ ਦਾ ਵਿਰੋਧ ਕਰਨ, ਅਖੌਤੀ ਨੀਵੀਆਂ ਜਾਤੀਆਂ ਦੇ ਲੋਕਾਂ ਤੋਂ ਭਿੱਟ ਮੰਨਣ, ਉਨ੍ਹਾਂ ਨੂੰ ਸ਼ੂਦਰ ਆਖ ਕੇ ਸਾਂਝੇ ਥਾਵਾਂ ਚ ਦਾਖਲ ਹੋਣ ਤੋਂ ਰੋਕਣ, ਪਾਣੀ ਭਰਨ ਤੋਂ ਵਰਜਣ ਤੇ ਹੋਰ ਅਜਿਹੀਆਂ ਭੈੜੀਆਂ ਪ੍ਰਥਾਵਾਂ ਉੱਪਰ ਬੜੇ ਹੀ ਤਰਕਮਈ ਢੰਗ ਨਾਲ ਵਾਰ ਕੀਤੇ ਹਨ।ਅਜਿਹੇ ਤਰਕਸੰਗਤ ਵਾਰ ਸ਼ਾਇਦ ਹੀ ਕਿਸੇ ਹੋਰ ਫਿਲਮ ਨੇ ਕੀਤੇ ਹੋਣ।

ਸੀਆ ਜੀ ਮਹਾਰਾਜ ਵੱਲੋਂ ਜੋਤਿਬਾ ਫੂਲੇ ਦੇ ਪਿਤਾ ਗੋਬਿੰਦ ਫੂਲੇ ਨੂੰ ਦਿੱਤੀ ਜ਼ਮੀਨ ਦੀ ਬਦੌਲਤ ਫੂਲੇ ਪਰਿਵਾਰ ਆਰਥਿਕ ਤੌਰ ਤੇ ਇਕ ਖੁਸ਼ਹਾਲ ਪਰਿਵਾਰ ਸੀ ਜਿਸ ਕਰਕੇ ਜੋਤਿਬਾ ਫੂਲੇ ਵਧੀਆ ਸਕੂਲਾਂ ਚ ਪੜ੍ਹਾਈ ਹਾਸਿਲ ਕਰ ਸਕੇ। ਅੰਗਰੇਜ਼ੀ ਢੰਗ ਦੀ ਸਿੱਖਿਆ ਪ੍ਰਾਪਤ ਕਰਕੇ ਅਧਿਕਾਰਾਂ ਬਾਰੇ ਜਾਗਰੂਕ ਹੋ ਗਏ। ਜੋਤਿਬਾ ਫੂਲੇ ਨੂੰ ਫਰਾਂਸ ਦੀ ਕ੍ਰਾਂਤੀ ਬਾਰੇ ਥੌਮਸ ਪੈਨ ਦੀ ਕਿਤਾਬ 'ਮਨੁੱਖ ਦੇ ਅਧਿਕਾਰ' ਨੇ ਖਾਸ ਤੌਰ ਤੇ ਪ੍ਰਭਾਵਿਤ ਕੀਤਾ। ਜੋਤਿਬਾ ਫੂਲੇ ਘਰ ਚ ਹੀ ਆਪਣੀ ਪਤਨੀ ਸਵਿੱਤਰੀ ਬਾਈ ਫੂਲੇ ਨੂੰ ਪੜ੍ਹਾਉਂਦਾ ਹੈ। ਫਿਰ ਇਹ ਦੰਪਤੀ ਪਿੰਡ ਦੀਆਂ ਲੜਕੀਆਂ ਨੂੰ ਪੜ੍ਹਾਉਣ ਲਈ ਸਕੂਲ ਖੋਲ੍ਹਦੀ ਹੈ। ਉਹਨਾਂ ਦੇ ਇਸ ਕਦਮ ਨਾਲ ਸਨਾਤਨੀ ਵਿਵਸਥਾ ਨੂੰ ਤਰੇਲੀਆਂ ਆ ਜਾਂਦੀਆਂ ਹਨ। ਅਖੌਤੀ ਉੱਚ ਜਾਤੀਆਂ ਖਾਸ ਕਰ ਪੁਰੋਹਿਤ ਵਰਗ ਵਲੋਂ ਇਸਦਾ ਡਟਵਾਂ ਵਿਰੋਧ ਹੁੰਦਾ ਹੈ। ਫੂਲੇ ਪਰਿਵਾਰ ਦਾ ਹੁੱਕਾ ਪਾਣੀ ਛੇਕ ਦਿੱਤਾ ਜਾਂਦਾ ਹੈ। ਫੂਲੇ ਦੰਪਤੀ ਦਾ ਬਣਾਇਆ ਸਕੂਲ ਤੋੜ ਦਿੱਤਾ ਜਾਂਦਾ ਹੈ। ਜੋਤਿਬਾ ਫੂਲੇ ਨੂੰ ਮਾਰਨ ਦੀਆਂ ਕੋਸ਼ਿਸ਼ਾਂ ਹੁੰਦੀਆਂ ਹਨ। ਪਰਿਵਾਰ ਨੂੰ ਘਰ ਛੱਡਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਉਹ ਪਿੰਡ ਛੱਡ ਕੇ ਆਪਣੇ ਦੋਸਤ ਉਸਮਾਨ ਸ਼ੇਖ ਕੋਲ ਸ਼ਰਨ ਲੈਂਦੇ ਹਨ ਤੇ ਸ਼ੇਖ ਦੀ ਭੈਣ ਫਾਤਿਮਾ ਸ਼ੇਖ ਦੀ ਸਹਾਇਤਾ ਨਾਲ ਉਥੇ ਹੀ ਸਕੂਲ ਖੋਲ੍ਹ ਲੈਂਦੇ ਹਨ। ਹੌਲੀ ਹੌਲੀ ਸਕੂਲਾਂ ਦੀ ਗਿਣਤੀ 20 ਤੱਕ ਜਾ ਪੁੱਜਦੀ ਹੈ। ਦੋਵੇਂ ਜੀਅ ਵਿਧਵਾ ਔਰਤਾਂ ਨੂੰ ਸ਼ਰਨ ਦੇਣ ਲਈ ਆਸ਼ਰਮ ਚਲਾ ਲੈਂਦੇ ਹਨ। ਦੰਪਤੀ ਹਰ ਤਰ੍ਹਾਂ ਦੇ ਪਾਖੰਡ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਦੀ ਹੈ। ਦੋਵੇਂ ਜੀਅ ਸਾਥੀਆਂ ਦੀ ਸਹਾਇਤਾ ਨਾਲ "ਸੱਤਿਆ ਸੋਧਕ ਸਮਾਜ" ਨਾਂ ਦੀ ਜਥੇਬੰਦੀ ਬਣਾ ਕੇ ਦਲਿਤ ਲੋਕਾਂ ਦੇ ਜੀਵਨ ਉਧਾਰਨ ਲਈ ਇਨਕਲਾਬੀ ਕਾਰਜ ਕਰਦੇ ਹਨ।

ਫਿਲਮ 'ਫੂਲੇ' ਵਿੱਚ ਵੱਡੇ ਸਵਾਲ ਖੜੇ ਕੀਤੇ ਗਏ ਹਨ। ਚੌਵੀ ਘੰਟੇ ਹਿੰਦੂ ਮੁਸਲਿਮ ਦਾ ਰਾਗ ਅਲਾਪਣ ਵਾਲਿਆਂ ਨੂੰ ਵੀ ਕਟਹਿਰੇ ਚ ਖੜਾ ਕਰ ਦਿੱਤਾ ਹੈ। ਜੋਤਿਬਾ ਫੂਲੇ ਜਦੋਂ ਪਿੰਡ ਛੱਡਣ ਲਈ ਮਜ਼ਬੂਰ ਹੁੰਦੇ ਹਨ ਉਸਦਾ ਮੁਸਲਿਮ ਦੋਸਤ ਉਸਮਾਨ ਸ਼ੇਖ ਨਾ ਸਿਰਫ਼ ਆਪਣੇ ਘਰ ਚ ਪਨਾਹ ਦਿੰਦਾ ਹੈ ਬਲਕਿ ਆਪਣੀ ਪੜ੍ਹੀ ਲਿਖੀ ਭੈਣ ਫਾਤਿਮਾ ਸ਼ੇਖ ਨੂੰ ਸਵਿਤਰੀ ਬਾਈ ਫੂਲੇ ਦਾ ਸਾਥ ਦੇ ਕੇ ਸਕੂਲ ਚਲਾਉਣ ਲਈ ਪ੍ਰੇਰਦਾ ਹੈ। ਇਉਂ ਫਾਤਿਮਾ ਸ਼ੇਖ ਦੇਸ਼ ਦੀ ਪਹਿਲੀ ਮੁਸਲਿਮ ਅਧਿਆਪਕਾ ਬਣਦੀ ਹੈ।

ਜਿੱਥੇ ਪੁਰੋਹਿਤ ਵਰਗ ਸਵਿਤਰੀ ਬਾਈ ਵੱਲੋਂ ਹਿੰਦੂ ਲੜਕੀਆਂ ਨੂੰ ਪੜ੍ਹਾਉਣ ਦਾ ਵਿਰੋਧੀ ਹੈ, ਉਥੇ ਕੱਟੜਵਾਦੀ ਮੁਲਾਣਿਆਂ ਵੱਲੋਂ ਵੀ ਉਸਮਾਨ ਸ਼ੇਖ ਅਤੇ ਉਸਦੀ ਭੈਣ ਫਾਤਿਮਾ ਸ਼ੇਖ ਦੀ ਅੰਨ੍ਹੀ ਵਿਰੋਧਤਾ ਹੁੰਦੀ ਹੈ। ਫਿਲਮ ਹਰ ਤਰ੍ਹਾਂ ਦੇ ਧਾਰਮਿਕ ਕੱਟੜਪੁਣੇ ਦੇ ਵਿਰੁੱਧ ਭੁਗਤਦੀ ਹੋਈ ਸਾਨੂੰ ਇਸ ਕੱਟੜਪੁਣੇ ਵਿਰੁਧ ਜਾਗਰੂਕ ਕਰਦੀ ਹੈ। ਫਿਲਮ ਨੇ ਜਾਤੀਵਾਦੀ ਵਿਵਸਥਾ, ਜਿਹੜੀ ਕਿ ਸਦੀਆਂ ਤੋਂ ਸ਼ੂਦਰਾਂ ਨੂੰ ਗੁਲਾਮ ਬਣਾ ਕੇ ਰੱਖਣ

ਲਈ ਸ਼ਸਤਰਾਂ ਅਤੇ ਸ਼ਾਸਤਰਾਂ ਦਾ ਸਹਾਰਾ ਲੈਂਦੀ ਰਹੀ ਹੈ, ਨੂੰ ਕਟਹਿਰੇ 'ਚ ਲਿਆ ਖੜ੍ਹਾ ਕਰਦੀ ਹੈ। ਫਿਲਮ ਚ ਥਾਂ ਪਰ ਥਾਂ ਅਜਿਹੀਆਂ ਘਟਨਾਵਾਂ ਤੇ ਸੰਵਾਦ ਹਨ ਜੋ ਅਜਿਹੀ ਅਣਮਨੁੱਖੀ ਵਿਵਸਥਾ ਦੀਆਂ ਧੱਜੀਆਂ ਉਡਾਉਂਦੇ ਹਨ। ਇੱਕ ਜਗ੍ਹਾ ਤੇ ਪੁਰੋਹਿਤ ਵਰਗ ਦੇ ਮੁਹਰੈਲ ਬ੍ਰਾਹਮਣ, ਅੰਗਰੇਜ਼ੀ ਢੰਗ ਦੀ ਵਿਦਿਆ ਨੂੰ ਅੰਗਰੇਜ਼ ਸਰਕਾਰ ਦੀ ਸਾਜਿਸ਼ ਆਖਦਿਆਂ ਲੜਕੀਆਂ ਨੂੰ ਇਹ ਵਿਦਿਆ ਦੇਣ ਤੋਂ ਰੋਕਣ ਲਈ ਆਖਦੇ ਹਨ। ਉਹ ਆਖਦਾ ਹੈ ਕਿ ਤੂੰ ਤਾਂ ਹਿੰਦੂ ਹੈਂ ਤਾਂ ਜੋਤਿਬਾ ਫੂਲੇ ਦਾ ਸੰਵਾਦ ਉਸ ਪ੍ਰੋਹਿਤ ਦੇ ਸਿਰ ਚ ਵਦਾਨ ਵਾਂਗ ਵੱਜਦਾ ਹੈ, "ਕਮਾਲ ਹੈ ਹਿੰਦੂ ਵੀ ਕਹਿੰਦੇ ਹੋ ਤੇ ਸ਼ੂਦਰ ਵੀ ਸਮਝਦੇ ਹੋ।"

ਫਿਲਮ ਵੇਖਦਿਆਂ ਵਾਰ ਵਾਰ ਜ਼ਿਹਨ ਚ ਇਹ ਸਵਾਲ ਵੀ ਆਉਂਦਾ ਰਿਹਾ ਕਿ ਜੇਕਰ ਅੰਗਰੇਜ਼ ਦੇਸ਼ ਚ ਨਾ ਆਉਂਦੇ ਤਾਂ ਇੱਥੋਂ ਦੀਆਂ ਦੱਬੀਆਂ ਕੁਚਲੀਆਂ ਜਾਤੀਆਂ ਵਾਲੇ ਲੋਕਾਂ ਦਾ ਕੀ ਬਣਦਾ? ਭਾਵੇਂ ਫਿਲਮ ਨੇ ਥਾਂ ਪੁਰ ਥਾਂ ਇਹ ਸਪਸ਼ਟ ਕੀਤਾ ਹੈ ਕਿ ਅੰਗਰੇਜ਼ਾਂ ਦਾ ਮਨੋਰਥ ਇਨ੍ਹਾਂ ਜਾਤੀਆਂ ਦਾ ਉਥਾਨ ਕਰਨਾ ਨਹੀਂ ਸੀ। ਉਨ੍ਹਾਂ ਤਾਂ ਸੱਤਾ ਪੱਕੀ ਕਰਨ ਦੇ ਚੱਕਰ ਚ ਹੀ ਦਲਿਤ ਜਾਤੀਆਂ ਨੂੰ ਨੇੜੇ ਰੱਖਿਆ ਸੀ। ਇਉਂ ਉਨ੍ਹਾਂ ਦੇ ਆਪਣੇ ਸਵਾਰਥ ਸਨ ਪਰ ਇਸਦੇ ਬਾਵਜੂਦ ਕੁੱਝ ਭੈੜੀਆਂ ਪ੍ਰਥਾਵਾਂ ਉੱਪਰ ਉਹਨਾਂ ਨੇ ਅਜਿਹੀ ਸੱਟ ਮਾਰੀ ਕਿ ਜਿਸ ਨਾਲ ਗਰੀਬ ਲੋਕਾਂ ਦਾ ਆਪਣੇ ਆਪ ਭਲਾ ਹੋ ਗਿਆ। ਮਹਾਤਮਾ ਜੋਤਿਬਾ ਫੂਲੇ ਦਾ ਇਹ ਕਹਿਣਾ ਨਿਰੁੱਤਰ ਕਰ ਦਿੰਦਾ ਹੈ ਕਿ ਮੈਂ ਸਿਰਫ ਅੰਗਰੇਜ਼ਾਂ ਦੀ ਦੋ ਸੌ ਸਾਲਾਂ ਦੀ ਗੁਲਾਮੀ ਹੀ ਨਹੀਂ, ਹਜ਼ਾਰਾਂ ਸਾਲਾਂ ਤੋਂ ਗੁਲਾਮੀ ਹੰਢਾ ਰਹੇ ਲੋਕਾਂ ਨੂੰ ਗੁਲਾਮੀ 'ਚੋ ਕੱਢਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਜਿਸ ਸਵਿਤਰੀ ਬਾਈ ਫੂਲੇ ਨੂੰ ਜੋਤਿਬਾ ਫੂਲੇ ਨੇ ਪੜ੍ਹਾ ਲਿਖਾ ਕੇ ਕਾਬਲ ਬਣਾਇਆ ਸੀ ਉਹ ਸਵਿਤਰੀ ਐਨੀ ਕਾਬਲ ਹੋ ਜਾਂਦੀ ਹੈ ਕਿ ਉਮਰ ਦੇ ਆਖਰੀ ਪੜਾਅ ਤੇ ਜੋਤਿਬਾ ਫੂਲੇ ਨੂੰ ਆਪਣੇ ਸੰਘਰਸ਼ ਨੂੰ ਕਲਮਬੱਧ ਕਰਨ ਲਈ ਪ੍ਰੇਰਿਤ ਕਰਦੀ ਹੈ ਜਿਸ ਦੇ ਸਿੱਟੇ ਵਜੋਂ ਕਿਤਾਬ **'ਗੁਲਾਮਗਿਰੀ'** ਦਾ ਜਨਮ ਹੁੰਦਾ ਹੈ। ਫਿਲਮ ਵੇਖਦਿਆਂ ਅਖੌਤੀ ਸਵਰਨਾਂ ਵੱਲੋਂ ਸ਼ੂਦਰਾਂ ਉੱਪਰ ਹੁੰਦੇ ਜਬਰ ਨੂੰ ਤੱਕਦਿਆਂ ਰੌਂਗਟੇ ਖੜੇ ਹੁੰਦੇ ਹਨ ਤੇ ਵਾਰ ਵਾਰ ਇਹ ਸੋਚ ਵੀ ਆਉਂਦੀ ਹੈ ਕਿ ਇੱਕੀਵੀਂ-ਬਾਈਵੀਂ ਸਦੀ ਚ ਜਾ ਵੜੇ ਭਾਰਤੀ ਸਮਾਜ ਨੇ ਭਲਾ ਕਿੰਨਾਂ ਕੁ ਵਿਕਾਸ ਕੀਤਾ ਹੈ ? ਅੱਜ ਵੀ ਦਲਿਤ ਲਾੜਿਆਂ ਨੂੰ ਘੋੜੀ ਚੜ੍ਹਨ ਤੋਂ ਰੋਕਣ ਦੀ ਖ਼ਬਰਾਂ ਆਉਂਦੀਆਂ ਹਨ। ਦਲਿਤ ਲੜਕੀਆਂ ਦਾ ਸਮੂਹਿਕ ਸ਼ੋਸ਼ਣ ਹੋ ਰਿਹਾ। ਰੋਹਿਤ ਵੈਮੁਲਾ ਜਿਹੇ ਰੌਸ਼ਨ ਦਿਮਾਗ ਵਿਦਿਆਰਥੀਆਂ ਨੂੰ ਆਤਮਹੱਤਿਆ ਲਈ ਮਜ਼ਬੂਰ ਕੀਤਾ ਜਾਂਦਾ ਹੈ। ਦਲਿਤਾਂ ਦੇ ਵਿਕਾਸ ਨੂੰ ਰੋਕਣ ਲਈ ਹਰ ਤਰ੍ਹਾਂ ਦੇ ਅੜਿੱਕੇ ਡਾਹੁਣ ਦੀਆਂ ਘਟਨਾਵਾਂ ਸਾਡੇ ਅਖੌਤੀ ਸੱਭਿਆ ਸਮਾਜ ਦੇ ਮੂੰਹ ਤੇ ਚਪੇੜ ਵਰਗੀਆਂ ਹਨ। ਇਹ ਫਿਲਮ ਦਲਿਤ ਵਰਗ ਲਈ ਨਹੀਂ ਹੈ। ਇਹ ਸਾਰੇ ਸਮਾਜ ਦੇ ਲਈ ਹੈ। ਸਾਰਿਆਂ ਨੂੰ ਵੇਖਣੀ ਬਣਦੀ ਹੈ। ਖਾਸ ਕਰ ਦੇਸ਼ ਦੀਆਂ ਕੁੜੀਆਂ/ਔਰਤ ਵਰਗ ਨੂੰ ਜਿਨ੍ਹਾਂ ਨੂੰ ਪੜ੍ਹਾਈ ਦਾ ਹੱਕ ਲੈ ਕੇ ਦੇਣ ਲਈ ਮਹਾਤਮਾ ਜੋਤਿਬਾ ਫੂਲੇ, ਸਵਿਤਰੀ ਬਾਈ ਫੂਲੇ, ਫਾਤਿਮਾ ਸ਼ੇਖ, ਪੈਰੀਅਰ ਰਾਮਾ ਸਵਾਮੀ ਨਾਇਕਰ, ਨਰਾਇਣ ਗੁਰੂ, ਡਾਕਟਰ ਅੰਬੇਦਕਰ ਤੇ ਹੋਰ ਅਜਿਹੇ ਅਨੇਕਾਂ ਮਹਾਂਪੁਰਸ਼ਾਂ ਦੇ ਅਥਾਹ ਯਤਨਾਂ ਤੇ ਕੁਰਬਾਨੀਆਂ ਨੂੰ ਇਤਿਹਾਸ ਨੇ ਅਣਗੌਲਿਆ ਕਰ ਛੱਡਿਆ ਹੈ।

ਲੇਖਕ ਨਿਰਦੇਸ਼ਕ ਆਨੰਦ ਮਹਾਂਦੇਵਨ ਦੀ ਇਹ ਬੜੀ ਜਾਨਦਾਰ, ਇਤਿਹਾਸਕ ਤੇ ਬਹੁਤ ਮਹਾਨ ਫਿਲਮ ਹੈ। ਫਿਲਮ ਵੇਖਦਿਆਂ ਮੈਂ ਸੋਚਦਾ ਰਿਹਾ ਕਿ ਮੰਜਿਆਂ ਬਿਸਤਰਿਆਂ ਤੇ ਵਿਆਹਾਂ ਮੰਗਣਿਆਂ ਚ ਉਲਝੀ ਸਾਡੀ ਪੰਜਾਬੀ ਫਿਲਮ ਇੰਡਸਟਰੀ ਵੀ ਕਦੇ ਅਜਿਹੀ ਫਿਲਮ ਬਣਾ ਸਕਦੀ ਹੈ ਜਾਂ ਬਣਾਉਣ ਦੇ ਯੋਗ ਹੋਵੇਗੀ ਜਾਂ ਬਣਾਉਣ ਦਾ ਹੀਆ ਕਰ ਸਕੇਗੀ।

ਪ੍ਰਤੀਕ ਗਾਂਧੀ ਨੇ ਫਿਲਮ 'ਫੂਲੇ' ਵਿੱਚ ਮਹਾਤਮਾ ਜੋਤਿਬਾ ਫੂਲੇ ਦਾ ਕਿਰਦਾਰ ਨਿਭਾਇਆ ਹੈ। ਗਾਂਧੀ ਗੁਜਰਾਤੀ ਫਿਲਮਾਂ ਦਾ ਚਰਚਿਤ ਅਦਾਕਾਰ ਹੈ। ਸਵਿਤਰੀ ਬਾਈ ਫੂਲੇ ਦਾ ਕਿਰਦਾਰ ਕਰਦਿਆਂ ਪਿਤਰਲੇਖਾ ਵੀ ਕਿਰਦਾਰ ਨਾਲ ਇੱਕਸੁਰ ਹੋਈ ਨਜ਼ਰ ਆਉਂਦੀ ਹੈ। ਗੋਬਿੰਦ ਫੂਲੇ ਵਜੋਂ ਵਿਨੇ ਪਾਠਕ, ਫਾਤਿਮਾ ਸ਼ੇਖ ਵਜੋਂ ਅਕਸ਼ਿਆ ਗੌਰਵ ਤੇ ਤਾਤੀਆ ਸਾਹਿਬ ਭਿੰਡੇ ਦੇ ਰੋਲ ਵਿੱਚ ਵਿਸ਼ਾਲ ਤਿਵਾੜੀ ਨੇ ਵੀ ਆਪਣੇ ਕਿਰਦਾਰਾਂ ਨਾਲ ਇਨਸਾਫ ਕੀਤਾ ਹੈ। ਫਿਲਮ ਦੇ ਸਾਰੇ ਅਦਾਕਾਰ ਆਪਣੇ ਕਿਰਦਾਰ ਦੇ ਵਿੱਚ ਪੂਰੀ ਤਰਾਂ ਖੁੱਭੇ ਹੋਏ ਹਨ। ਗੀਤ ਸੰਵਾਦ ਫਿਲਮ ਦੀ ਜਾਨ ਹਨ ਜੋ ਸਥਾਨਿਕਤਾ ਦੇ ਰੰਗ ਚ ਰੰਗੇ ਨੇ। ਇਕ ਪੀਰੀਅਡ ਫਿਲਮ ਅਤੇ ਬਾਇਓਪਿਕ ਹੋਣ ਦੇ ਬਾਵਜੂਦ "ਫੂਲੇ" ਅੱਜ ਦੀ ਫਿਲਮ ਹੈ। ਫਿਲਮ ਨੂੰ ਥਾਂ ਥਾਂ ਤੇ ਵਿਖਾਉਣ ਲਈ ਜਥੇਬੰਦੀਆਂ ਵੱਲੋਂ ਯਤਨ ਕੀਤਾ ਜਾ ਰਿਹਾ ਹੈ ਜੋ ਕਿ ਸ਼ਲਾਘਾਯੋਗ ਹੈ। ਚਾਹੀਦਾ ਤਾਂ ਇਹ ਸੀ ਕਿ ਦਲਿਤ ਦਲਿਤ ਦਾ ਰਾਗ ਅਲਾਪਣ ਵਾਲੀਆਂ ਸਰਕਾਰਾਂ ਇਸ ਫਿਲਮ ਦਾ ਪੂਰਾ ਟੈਕਸ ਮਾਫ ਕਰਦੀਆਂ ਪਰ...।

"ਫੂਲੇ" ਪ੍ਰਾਚੀਨ, ਮੱਧਕਾਲ ਤੇ ਅਜੋਕੇ ਭਾਰਤ ਦੀ ਕੌੜੀ ਸੱਚਾਈ ਹੈ। ਅਜਿਹੀ ਸਚਾਈ ਹਜ਼ਮ ਕਰਨੀ ਬੜੀ ਔਖੀ ਹੁੰਦੀ ਹੈ। ਅਜਿਹੀਆਂ ਫਿਲਮਾਂ ਵਿਵਸਥਾ ਦੇ ਕਸੂਤੇ ਥਾਵੇਂ ਸੱਟ ਮਾਰਦੀਆਂ ਹਨ।

ਮੋ. 81461 00994

ਕੀ ਹਵਾ ਵਿਚੋਂ ਪੈਦਾ ਹੋਈ ਫਾਤਿਮਾ ਸ਼ੇਖ ?

- ਜਸਵੰਤ ਮੋਹਾਲੀ

ਪਿਛਲੇ ਅੰਕ ਵਿੱਚ ਅਸੀਂ ਲਿਖਿਆ ਸੀ ਕਿ ਸੋਸ਼ਲ ਮੀਡੀਆ ਉੱਤੇ ਜੋ ਝੂਠ ਪ੍ਰਚਾਰਿਆ ਜਾਂਦਾ ਹੈ, ਤਰਕਸ਼ੀਲ ਵੱਲੋਂ ਉਸ ਝੂਠੇ ਪ੍ਰਚਾਰ ਦਾ ਨੋਟਿਸ ਲੈ ਕੇ ਉਸ ਮਸਲੇ ਸਬੰਧੀ ਸਚਾਈ ਨੂੰ ਸਾਹਮਣੇ ਲਿਆਂਦਾ ਜਾਵੇਗਾ। ਇਸੇ ਲੜੀ ਵਿੱਚ ਅਸੀਂ ਪਿਛਲੇ ਸਮੇਂ ਵਿੱਚ ਦਲੀਪ ਮੰਡਲ ਨਾਂ ਦੇ ਵਿਅਕਤੀ ਵੱਲੋਂ ਸਵਿਤਰੀ ਬਾਈ ਫੂਲੇ ਦੀ ਸਾਥਣ ਰਹੀ ਫਾਤਿਮਾ ਸ਼ੇਖ ਬਾਰੇ ਪ੍ਰਚਾਰੇ ਗਏ ਝੂਠ ਦਾ ਪਰਦਾਫਾਸ਼ ਕਰਨ ਵਾਲੀ ਇੱਕ ਖੋਜ ਰਿਪੋਰਟ ਛਾਪ ਰਹੇ ਹਾਂ। ਪੰਜਾਬ ਵਿੱਚ ਚਾਹੇ ਦਲੀਪ ਮੰਡਲ ਅਤੇ ਉਸਦੇ ਦਾਅਵੇ ਬਾਰੇ ਥੋੜ੍ਹੇ ਲੋਕ ਹੀ ਜਾਣਦੇ ਹੋਣ, ਪਰ ਪੰਜਾਬ ਤੋਂ ਬਾਹਰ ਉਹ ਜਾਣੀ ਪਹਿਚਾਣੀ ਸ਼ਖਸੀਅਤ ਹੈ। ਇਸਦਾ ਕਾਰਣ ਇਹ ਹੈ ਕਿ ਉਹ ਪ੍ਰਸਿੱਧ ਮੈਗਜ਼ੀਨ ਇੰਡੀਆ ਟੂਡੇ ਦੇ ਹਿੰਦੀ ਐਡੀਸ਼ਨ ਦਾ ਪ੍ਰਬੰਧਕੀ ਸੰਪਾਦਕ ਰਿਹਾ ਹੈ ਅਤੇ ਸੋਸ਼ਲ ਮੀਡੀਆ ਉੱਤੇ ਉਸਦੇ ਤਿੰਨ ਲੱਖ ਫਾਲੋਅਰ ਹਨ। ਵੱਡੀ ਗੱਲ ਕਿ ਉਹ ਦੋ ਸਾਲ ਪਹਿਲਾਂ ਤੱਕ ਹਿੰਦੂਤਵ ਦਾ ਪੂਰਾ ਵਿਰੋਧੀ ਅਤੇ ਦਲਿਤ ਅਤੇ ਪਛੜੀਆਂ ਸ਼੍ਰੇਣੀਆਂ ਦੇ ਹੱਕਾਂ ਲਈ ਬੋਲਣ ਵਾਲਾ ਰਿਹਾ ਹੈ ਜਿਸ ਕਰਕੇ ਉਸਦਾ ਇਨ੍ਹਾਂ ਵਰਗਾਂ ਵਿੱਚ ਬਹੁਤ ਪ੍ਰਭਾਵ ਅਤੇ ਮਾਣ ਸਤਿਕਾਰ ਬਣਿਆ ਹੋਇਆ ਸੀ। ਪਰ ਸੱਤਾ ਵੱਲੋਂ ਸੁੱਟੀ ਬੁਰਕੀ ਕੁਝ ਲੋਕਾਂ ਨੂੰ ਕਿਵੇਂ ਮੁੱਢੋਂ ਸੁੱਢੋਂ ਬਦਲ ਦਿੰਦੀ ਹੈ, ਦਲੀਪ ਮੰਡਲ ਇਸਦੀ ਬੜੀ ਉਘੜਵੀਂ ਉਦਾਹਰਣ ਹੈ। ਜਦ ਉਸਨੂੰ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਵਿੱਚ ਮੀਡੀਆ ਐਡਵਾਈਜ਼ਰ ਦੀ ਕੁਰਸੀ ਦੇ ਦਿੱਤੀ ਗਈ ਤਾਂ ਉਹ ਵੀ ਸਰਕਾਰ ਦੇ ਸੋਹਿਲੇ ਗਾਉਣ ਲੱਗ ਪਿਆ ਅਤੇ ਸੱਤਾ 'ਤੇ ਕਾਬਜ ਧਿਰ ਦੀ ਨੀਤੀ ਅਨੁਸਾਰ ਘੱਟਗਿਣਤੀਆਂ ਵਿਸ਼ੇਸ਼ ਕਰ ਮੁਸਲਮਾਨਾਂ ਖਿਲਾਫ਼ ਭੰਡੀ ਪ੍ਰਚਾਰ ਵਿੱਚ ਸ਼ਾਮਲ ਹੋ ਗਿਆ। ਹਿੰਦੂਤਵਵਾਦੀਆਂ ਦੀ ਸਮਝ ਅਨੁਸਾਰ ਮੁਸਲਿਮ ਧਰਮ ਨਾਲ ਸਬੰਧਿਤ ਕੋਈ ਵੀ ਵਿਅਕਤੀ ਕਦੇ ਚੰਗਾ ਕੰਮ ਨਹੀਂ ਕਰ ਸਕਦਾ। ਇਸ ਲਈ ਉਹ ਮੁਸਲਮਾਨ ਭਾਈਚਾਰੇ ਨਾਲ ਸਬੰਧਿਤ ਵਿਅਕਤੀਆਂ ਵੱਲੋਂ ਕੀਤੇ ਚੰਗੇ ਕੰਮਾਂ ਨੂੰ ਇਤਿਹਾਸ ਵਿਚੋਂ ਗਾਇਬ ਕਰ ਰਹੇ ਹਨ। ਪਰ ਇਹ ਦਲੀਪ ਮੰਡਲ ਤਾਂ ਉਸ ਤੋਂ ਵੀ ਅੱਗੇ ਵਧ ਕੇ ਇੱਕ ਇਤਿਹਾਸਕ ਸ਼ਖ਼ਸੀਅਤ ਨੂੰ ਹੀ ਗਾਇਬ ਕਰਨ ਦੀ ਕੋਝੀ ਕੋਸ਼ਿਸ਼ ਕਰਨ ਲੱਗ ਪਿਆ। ਦਲੀਪ ਮੰਡਲ ਵਾਲੇ ਇਸ ਵਰਤਾਰੇ ਤੋਂ ਇਹ ਵੀ ਪਤਾ ਚਲਦਾ ਹੈ ਕਿ ਹਰ ਗੱਲ ਨੂੰ ਫਿਰਕੂ ਐਨਕਾਂ ਰਾਹੀਂ ਦੇਖਣ ਵਾਲੇ ਲੋਕ ਝੂਠਾ ਪ੍ਰਚਾਰ ਕਰਨ ਵਿੱਚ ਕਿਸ ਹੱਦ ਤੱਕ ਜਾ ਸਕਦੇ ਹਨ।

ਕੀ ਤੁਸੀਂ ਫਾਤਿਮਾ ਸ਼ੇਖ ਬਾਰੇ ਜਾਣਦੇ ਹੋ ? ਫਾਤਿਮਾ ਸ਼ੇਖ ਭਾਰਤ ਦੀ ਪਹਿਲੀ ਮੁਸਲਿਮ ਅਧਿਆਪਕਾ ਮੰਨੀ ਜਾਂਦੀ ਹੈ। ਜੋਤਿਬਾ ਫੂਲੇ ਤੇ ਉਸਦੀ ਪਤਨੀ ਸਵਿੱਤਰੀ ਬਾਈ ਫੂਲੇ ਨੇ ਕੁੜੀਆਂ ਨੂੰ ਪੜ੍ਹਾਉਣਾ ਸ਼ੁਰੂ ਕੀਤਾ ਤਾਂ ਅੱਜ ਸਧਾਰਨ ਜਾਪਦਾ ਇਹ ਕੰਮ ਉਸ ਸਮੇਂ ਜੋਤਿਬਾ ਫੂਲੇ ਤੇ ਉਸਦੇ ਪਿਤਾ ਵਿਚ ਕਲੇਸ਼ ਦਾ ਕਾਰਣ ਬਣ ਗਿਆ। ਸਿੱਟੇ ਵਜੋਂ ਫੂਲੇ ਜੋੜੀ ਨੂੰ ਘਰ ਛੱਡਣਾ ਪਿਆ ਤਾਂ ਜੋਤੀਬਾ ਫੂਲੇ ਦੇ ਦੋਸਤ ਉਸਮਾਨ ਸ਼ੇਖ ਤੇ ਉਸਦੀ ਭੈਣ ਫਾਤਿਮਾ ਸ਼ੇਖ ਨੇ ਉਨ੍ਹਾਂ ਨੂੰ ਸਹਾਰਾ ਦਿੱਤਾ। ਚਾਰਾਂ ਜਣਿਆਂ ਨੇ ਆਪਣੇ ਕੁੱਝ ਹੋਰ ਦੋਸਤਾਂ ਨਾਲ ਮਿਲ ਕੇ ਕੁੜੀਆਂ ਨੂੰ, ਖਾਸ ਕਰਕੇ ਨੀਵੀਂ ਜਾਤੀ ਵਿਚ ਗਿਣੀਆਂ ਜਾਂਦੀਆਂ ਕੁੜੀਆਂ ਨੂੰ, ਸਿੱਖਿਆ ਦੇਣ ਦਾ ਕੰਮ ਤੇਜ਼ ਕਰ ਦਿੱਤਾ। ਹੁਣੇ ਜਿਹੇ ਆਈ ਫਿਲਮ ਫੂਲੇ ਵਿਚ ਵੀ ਸਵਿੱਤਰੀਬਾਈ ਫੂਲੇ ਤੇ ਫਾਤਿਮਾ ਸ਼ੇਖ ਪੱਕੀਆਂ ਸਹੇਲੀਆਂ ਹਨ, ਜੋ ਵਿਧਵਾ ਵਿਆਹ ਆਦਿ ਸਮਾਜਿਕ ਕੰਮਾਂ ਕਰਕੇ ਪੈਣ ਵਾਲੇ ਸਮਾਜ ਦੇ ਦਬਾਅ ਸਮੇਂ ਇੱਕ ਦੂਜੇ ਦਾ ਪੂਰਾ ਸਾਥ ਦਿੰਦੀਆਂ ਹਨ। ਫਾਤਿਮਾ ਸ਼ੇਖ ਦਾ ਜਨਮ 9 ਜਨਵਰੀ 1831 ਨੂੰ ਹੋਇਆ। 2022 ਦੀ 9 ਜਨਵਰੀ ਨੂੰ ਗੂਗਲ ਨੇ ਆਪਣਾ ਲੋਗੋ, ਜਿਸਨੂੰ ਗੂਗਲ ਡੂਡਲ ਕਹਿੰਦੇ ਹਨ, ਫਾਤਿਮਾ ਦੇ 191ਵੇਂ ਜਨਮ ਦਿਨ ਨੂੰ ਸਮਰਪਿਤ ਕੀਤਾ।

ਪਰ ਤੁਸੀਂ ਇਹ ਸੁਣ ਕੇ ਚੌਂਕ ਜਾਓਗੇ ਕਿ "ਫਾਤਿਮਾ ਸ਼ੇਖ ਕਦੇ ਇਤਿਹਾਸ ਵਿਚ ਹੋਈ ਹੀ ਨਹੀਂ"। ਇਹ ਮੈਂ ਨਹੀਂ ਦਿਲੀਪ ਮੰਡਲ ਕਹਿੰਦਾ ਹੈ। ਕੀ ਤੁਸੀਂ ਜਾਣਦੇ ਹੋ ਦਿਲੀਪ ਮੰਡਲ ਕੌਣ ਹੈ? ਪਰ ਪਹਿਲਾਂ ਉਸਦਾ ਉਹ ਬਿਆਨ ਪੜ੍ਹੋ ਜੋ ਦਿਲੀਪ ਮੰਡਲ ਨੇ 9 ਅਤੇ 11 ਜਨਵਰੀ 2025 ਨੂੰ ਫਾਤਿਮਾ ਦੇ ਜਨਮ ਦਿਨ ਮੌਕੇ ਆਪਣੇ ਯੂ-ਟਿਊਬ ਅਕਾਊਂਟ 'ਤੇ ਦਿੱਤਾ-

ਮੈਂ ਇੱਕ ਕਿਰਦਾਰ ਘੜ ਲਿਆ ਤੇ ਉਸਦਾ ਨਾਂ ਫਾਤਿਮਾ ਸ਼ੇਖ ਰੱਖ ਦਿੱਤਾ। ਕਿਰਪਾ ਕਰਕੇ ਮੈਨੂੰ ਮਾਫ ਕਰ ਦਿਓ। ਸੱਚਾਈ ਇਹ ਹੈ ਕਿ ਫਾਤਿਮਾ ਸ਼ੇਖ ਕਦੇ ਹੋਈ ਹੀ ਨਹੀਂ। ਉਹ ਕੋਈ ਇਤਿਹਾਸਕ ਪਾਤਰ ਨਹੀਂ ਹੈ।

ਇਹ ਮੇਰੀ ਗਲਤੀ ਹੈ ਕਿ ਇਕ ਖਾਸ ਸਮੇਂ ਮੈਂ ਉਸ ਨੂੰ ਹਵਾ ਵਿੱਚੋਂ ਹੀ ਪੈਦਾ ਕਰ ਲਿਆ ਅਤੇ ਮੈਂ ਇਹ ਸੋਚ ਸਮਝ ਕੇ ਕੀਤਾ। ਤੁਹਾਨੂੰ ਗੂਗਲ ਸਰਚ ਕਰਨ 'ਤੇ ਉਸ ਬਾਰੇ ਕੋਈ ਪੁਰਾਣੀ ਜਾਣਕਾਰੀ ਨਹੀਂ ਮਿਲੇਗੀ। ਨਾ ਲੇਖ, ਨਾ ਕਿਤਾਬ, ਨਾ ਉਸ ਦਾ ਕੋਈ ਜ਼ਿਕਰ। ਕੁੱਝ ਵੀ ਨਹੀਂ। ਜਦੋਂ ਮੈਂ ਫਾਤਿਮਾ ਸ਼ੇਖ ਦੀ

ਕਹਾਣੀ ਨੂੰ ਛੱਡ ਦਿੱਤਾ ਤਾਂ 2022 ਤੋਂ ਬਾਅਦ ਉਸ ਵਿੱਚ ਦਿਲਚਸਪੀ ਵੀ ਖਤਮ ਹੋ ਗਈ। ਬੱਸ ਉਹ ਸੋਸ਼ਲ ਮੀਡੀਆ ਵਿੱਚ ਹੀ ਪੈਦਾ ਹੋਈ ਅਤੇ ਖਤਮ ਹੋ ਗਈ। ਮੈਨੂੰ ਇਹ ਨਾ ਪੁੱਛੋ ਮੈਂ ਇਹ ਸਭ ਕਿਉਂ ਕੀਤਾ। ਇਹ ਬੱਸ ਸਮੇਂ ਅਤੇ ਹਾਲਤਾਂ ਦੀ ਗੱਲ ਹੈ। ਇੱਕ ਫਿਗਰ ਕਿਸੇ ਉਦੇਸ਼ ਲਈ ਘੜਨ ਦੀ ਜਰੂਰਤ ਸੀ ਅਤੇ ਮੈਂ ਘੜ ਲਈ। ਬਹੁਤੇ ਲੋਕਾਂ ਨੇ ਉਸਦਾ ਨਾਂ ਪਹਿਲੀ ਵਾਰ ਮੇਰੇ ਕੋਲੋਂ ਹੀ ਸੁਣਿਆਂ। ਮੈਂ ਇੱਕ ਢਾਂਚਾ ਖੜਾ ਕਰਕੇ ਉਸ ਦੇ ਦੁਆਲੇ ਇੱਕ (ਕਲਪਿਤ) ਬਿਰਤਾਂਤ ਸਿਰਜ ਸਕਦਾ ਹਾਂ। ਇਸ ਵਿੱਚ ਮੈਂ ਪੂਰਾ ਮਾਹਿਰ ਹਾਂ। ਇੱਕ ਕਲਪਿਤ ਸਕੈੱਚ ਬਣਾਇਆ ਗਿਆ ਕਿਉਂਕਿ ਫਾਤਿਮਾ ਦੀ ਕੋਈ ਪੁਰਾਣੀ ਤਸਵੀਰ ਨਹੀਂ ਸੀ। ਮੈਂ ਉਸਦੇ ਦੁਆਲੇ ਕਈ ਕਹਾਣੀਆਂ ਬੁਣ ਲਈਆਂ ਅਤੇ ਇਸ ਤਰ੍ਹਾਂ ਫਾਤਿਮਾ ਸ਼ੇਖ ਹੋਂਦ ਵਿੱਚ ਆ ਗਈ। ਇਹ ਕਹਾਣੀ ਫੈਲ ਗਈ। ਜਿਨ੍ਹਾਂ ਨੂੰ ਰਾਜਨੀਤਿਕ ਤੇ ਵਿਚਾਰਧਾਰਕ ਉਦੇਸ਼ਾਂ ਲਈ ਅਜੇਹੇ ਬਿਰਤਾਂਤ ਦੀ ਜਰੂਰਤ ਸੀ ਉਨ੍ਹਾਂ ਨੇ ਉਸਨੂੰ ਹੋਰ ਵਧਾ ਚੜ੍ਹਾ ਲਿਆ। ਜੋਤਿਬਾ ਫੂਲੇ ਅਤੇ ਸਵਿਤਰੀਬਾਈ ਫੂਲੇ ਦੀਆਂ ਸਮੁੱਚੀਆਂ ਲਿਖਤਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਪਰ ਕਿਤੇ ਵੀ ਫਾਤਿਮਾ ਸ਼ੇਖ ਦਾ ਜਿਕਰ ਨਹੀਂ ਮਿਲਦਾ। ਇਥੋਂ ਤੱਕ ਕਿ ਬਾਬਾ ਸਾਹਿਬ ਅੰਬੇਦਕਰ ਨੇ ਵੀ ਅਜਿਹੇ ਕਿਸੇ ਨਾਮ ਦਾ ਹਵਾਲਾ ਨਹੀਂ ਦਿੱਤਾ। ਮਹਾਤਮਾ ਫੂਲੇ, ਸਵਿਤਰੀ ਬਾਈ ਫੂਲੇ ਦੀਆਂ ਜੀਵਣੀਆਂ ਲਿਖਣ ਵਾਲਿਆਂ ਨੇ ਵੀ ਫਾਤਿਮਾ ਸ਼ੇਖ ਦਾ ਕਿਤੇ ਨਾਂ ਨਹੀਂ ਲਿਖਿਆ। ਸਬੂਤ ਦੇ ਤੌਰ ਤੇ ਕਿਰਪਾ ਕਰਕੇ ਮੇਰੇ ਪੁਰਾਣੇ ਟਵੀਟਸ ਨੂੰ ਨਾ ਪੁੱਟੋ ਤੇ ਨਾ ਹੀ ਮੇਰੀਆਂ ਫੇਸਬੁੱਕ ਪੋਸਟਾਂ, ਲੇਖ ਜਾਂ ਮੇਰੀਆਂ ਵੀਡੀਓ ਨੂੰ।

ਇਸ ਇਕਬਾਲੀਆ ਬਿਆਨ ਨੇ ਭਾਰਤੀ ਸਾਹਿਤਕ, ਅਕਾਦਮਿਕ ਤੇ ਏਥੋਂ ਤੱਕ ਕਿ ਰਾਜਨੀਤਕ ਹਲਕਿਆਂ ਵਿੱਚ ਵੀ ਵਿਵਾਦ ਛੇੜ ਦਿੱਤਾ। ਫਾਤਿਮਾ ਸ਼ੇਖ ਬਾਰੇ ਉਸਦੇ ਦਾਅਵੇ ਦਾ ਸੱਚ ਕੀ ਹੈ? ਇਹ ਜਾਨਣ ਲਈ ਫਾਤਿਮਾ ਸ਼ੇਖ ਬਾਰੇ ਇਤਿਹਾਸਕ ਸੱਚ ਲੱਭਣ ਦੀ ਖੋਜ ਸ਼ੁਰੂ ਹੋ ਗਈ।

ਦਿਲੀਪ ਮੰਡਲ ਦਾ ਮੁੱਖ ਦਾਅਵਾ ਇਹ ਹੈ ਕਿ ਉਸਨੇ ਹੀ ਫਾਤਿਮਾ ਸ਼ੇਖ ਨਾਮ ਦਾ ਪਾਤਰ ਘੜਿਆ। ਇਸਦਾ ਮਤਲਬ ਇਸਤੋਂ ਪਹਿਲਾਂ ਫਾਤਿਮਾ ਸ਼ੇਖ ਦਾ ਹਵਾਲਾ ਕਿਸੇ ਲਿਖਤ ਜਾਂ ਦਸਤਾਵੇਜ਼ ਵਿੱਚ ਨਹੀਂ ਮਿਲੇਗਾ। ਜੇ ਮਿਲ ਜਾਂਦਾ ਹੈ ਤਾਂ ਦਿਲੀਪ ਮੰਡਲ ਦਾ ਦਾਅਵਾ ਝੂਠਾ ਮੰਨਿਆਂ ਜਾਵੇਗਾ। ਕੀ ਸ਼ੇਖ ਬਾਰੇ 2010 ਤੋਂ ਪਹਿਲਾਂ ਕੋਈ ਹਵਾਲਾ ਨਹੀਂ ਮਿਲਦਾ ਜਿਵੇਂ ਕਿ ਦਿਲੀਪ ਮੰਡਲ ਦਾ ਮੰਨਣਾ ਹੈ। ਇਸ ਸਬੰਧ ਵਿੱਚ Alt news ਨੇ ਸੱਚਾਈ ਜਾਨਣ ਦੀ ਜੋ ਕੋਸ਼ਿਸ਼ ਕੀਤੀ ਉਹ ਇਸ ਤਰ੍ਹਾਂ ਹੈ –

ਫਾਤਿਮਾ ਸ਼ੇਖ ਬਾਰੇ ਜੋ ਸਭ ਤੋਂ ਪਹਿਲਾ ਅਤੇ ਸੌਖਾ ਅਕਾਦਮਿਕ ਹਵਾਲਾ ਲੱਭਦਾ ਹੈ ਉਹ ਹੈ ਭਾਰਤੀ ਔਰਤਾਂ ਬਾਰੇ 1991 ਵਿੱਚ ਛਪੀ ਇੱਕ ਕਿਤਾਬ Women writing in India : 600 B.C. to the Present ਜਿਸ ਦੀ ਸੰਪਾਦਨਾ ਸੂਸੀ ਥਾਰੂ ਅਤੇ ਕੇ. ਲਲਿਤਾ ਨੇ ਕੀਤੀ। ਉਨ੍ਹਾਂ ਦੀ ਇਸ ਕਿਤਾਬ ਵਿੱਚ ਫੂਲੇ ਜੀ ਬਾਰੇ ਵੀ ਇੱਕ ਲੇਖ ਹੈ ਜਿਸ ਵਿੱਚ ਫਾਤਿਮਾ ਸ਼ੇਖ ਬਾਰੇ ਸਪਸ਼ਟ ਜ਼ਿਕਰ ਮਿਲਦਾ ਹੈ। ਇਸ ਲੇਖ ਵਿੱਚ ਸਫਾ 211 'ਤੇ ਲਿਖਿਆ ਹੈ, '1848 ਵਿੱਚ ਜਦੋਂ ਸਵਿੱਤਰੀ ਬਾਈ ਸਿਰਫ 17 ਸਾਲਾਂ ਦੀ ਸੀ ਉਨ੍ਹਾਂ ਨੇ ਪੂਨੇ ਅਤੇ ਉਸਦੇ ਆਸ ਪਾਸ ਪੰਜ ਸਕੂਲ ਖੋਲ੍ਹੇ ਅਤੇ 1851 ਵਿੱਚ ਮਾਂਗ ਅਤੇ ਮਹਾਰ ਜਾਤੀਆਂ ਦੀਆਂ ਕੁੜੀਆਂ ਨਾਲ ਸੰਬੰਧਿਤ ਖਾਸ ਤੌਰ ਤੇ ਇੱਕ ਸਕੂਲ ਖੋਲ੍ਹਿਆ ਗਿਆ। ਸਵਿੱਤਰੀ ਬਾਈ ਅਤੇ ਜੋਤਿਬਾ ਆਪਣੀ ਇੱਕ ਹੋਰ ਸਹਿਯੋਗੀ ਫਾਤਿਮਾ ਸ਼ੇਖ ਨਾਲ ਰਲ ਕੇ ਇਨ੍ਹਾਂ ਸਕੂਲਾਂ ਵਿੱਚ ਪੜ੍ਹਾਉਂਦੇ ਸਨ। 1856 ਵਿੱਚ ਸਵਿਤਰੀ ਬਾਈ ਫੂਲੇ ਬਿਮਾਰ ਹੋ ਗਈ ਤਾਂ ਉਹ ਆਪਣੇ ਪੇਕਿਆਂ ਦੇ ਘਰ ਨਏਗਾਓਂ (ਜਿਲ੍ਹਾ ਸਤਾਰਾ) ਵੱਡੇ ਭਰਾ ਕੋਲ ਚਲੀ ਗਈ। ਇਸ ਕਿਤਾਬ ਵਿੱਚ ਸਵਿਤਰੀ ਬਾਈ ਦਾ ਇੱਕ ਖ਼ਤ ਵੀ ਹੈ ਜੋ ਉਸ ਨੇ 10 ਅਕਤੂਬਰ 1856 ਨੂੰ ਆਪਣੇ ਪਤੀ ਨੂੰ ਲਿਖਿਆ ਜਦੋਂ ਉਹ ਬਿਮਾਰੀ ਤੋਂ ਠੀਕ ਹੋ ਰਹੀ ਸੀ। ਇਸ ਖ਼ਤ ਵਿੱਚ ਸਵਿੱਤਰੀ ਬਾਈ ਲਿਖਦੀ ਹੈ, . ਮੈਂ ਜਦੋਂ ਠੀਕ ਹੋ ਗਈ ਪੂਨੇ ਆ ਜਾਵਾਂਗੀ। ਮੇਰੀ ਚਿੰਤਾ ਨਾ ਕਰਨਾ। ਇਸ ਨਾਲ ਫਾਤਿਮਾ ਨੂੰ ਜਰੂਰ ਮੁਸ਼ਕਿਲ ਹੋ ਰਹੀ ਹੋਵੇਗੀ। ਪਰ ਮੈਨੂੰ ਯਕੀਨ ਹੈ ਕਿ ਉਹ ਗੱਲ ਨੂੰ ਸਮਝਦੀ ਹੈ ਅਤੇ ਸ਼ਿਕਾਇਤ ਨਹੀਂ ਕਰੇਗੀ"।

ਫੂਲੇ ਤੇ ਫਾਤਿਮਾ ਸ਼ੇਖ ਦਾ ਇਕੱਠਾ ਦੂਜਾ ਹਵਾਲਾ ਐਮ. ਜੀ. ਮਾਲੀ ਦੀ ਮਰਾਠੀ ਵਿੱਚ ਲਿਖੀ ਸਵਿੱਤਰੀਬਾਈ ਫੂਲੇ ਦੀ ਜੀਵਨੀ 'ਕ੍ਰਾਂਤੀ ਜਯੋਤੀ ਸਵਿੱਤਰੀਬਾਈ ਫੂਲੇ' ਵਿੱਚ ਮਿਲਦਾ ਹੈ। 1980 ਵਿੱਚ ਛਪੀ ਇਸ ਜੀਵਨੀ ਵਿੱਚ ਮਾਲੀ ਨੇ ਫਾਤਿਮਾ ਸ਼ੇਖ ਦੇ ਨਾਲ ਉਨ੍ਹਾਂ ਦਾ ਵੀ ਜ਼ਿਕਰ ਕੀਤਾ ਹੈ ਜਿਨ੍ਹਾਂ ਨੇ ਸਵਿਤਰੀਬਾਈ ਫੂਲੇ ਦੇ ਯਤਨਾਂ ਵਿੱਚ ਮਹੱਤਵਪੂਰਨ ਸਹਿਯੋਗ ਕੀਤਾ:


ਮਹਾਤਮਾ ਫੂਲੇ ਦੇ ਸਮਾਜਿਕ ਕੰਮਾਂ ਵਿੱਚ ਸਵਿੱਤਰੀਬਾਈ ਫੂਲੇ ਵਾਂਗ ਹੀ ਕਈ ਹੋਰ ਚਿੰਤਕਾਂ ਦਾ ਵੀ ਯੋਗਦਾਨ ਰਿਹਾ ਹੈ ਜਿਵੇਂ ਸਾਗੁਨਾ ਬਾਈ, ਕਸ਼ੀਰ ਸਾਗਰ, ਵਿਸ਼ਨੂਪੰਤ ਥਾਟੇ, ਵਾਮਨ ਰਾਓ ਖਰਾਟਕਰ ਅਤੇ ਫਾਤਿਮਾ ਸ਼ੇਖ। ਫਾਤਿਮਾ ਸ਼ੇਖ ਜੋ ਫੂਲੇ ਜੋੜੀ ਦੇ ਖੋਲ੍ਹੇ ਸਧਾਰਨ ਸਕੂਲ ਵਿੱਚ ਪੜ੍ਹੀ ਸੀ, ਉਨ੍ਹਾਂ ਦੀ ਪਹਿਲੀ ਵਿਦਿਆਰਥੀ ਅਤੇ ਉਸੇ ਸਕੂਲ

ਦੀ ਪਹਿਲੀ ਭਾਰਤੀ ਮੁਸਲਿਮ ਔਰਤ ਅਧਿਆਪਕ ਬਣੀ। ਸਵਿੱਤਰੀ ਬਾਈ ਅਤੇ ਫਾਤਿਮਾ ਸ਼ੇਖ ਨੇ ਨੀਵੇਂ ਤੇ ਅਛੂਤ ਸਮਝੇ ਜਾਂਦੇ ਸਮਾਜ ਦੀਆਂ ਕੁੜੀਆਂ ਨੂੰ ਪੜ੍ਹਾਇਆ ਜਦ ਕਿ ਦੂਜੇ ਅਧਿਆਪਕ ਬ੍ਰਾਹਮਣਾਂ ਅਤੇ ਖਾਂਦੇ ਪੀਂਦੇ ਘਰਾਂ ਦੀਆਂ ਕੁੜੀਆਂ ਨੂੰ ਪੜ੍ਹਾਉਂਦੇ ਸਨ। ਸਵਿੱਤਰੀਬਾਈ ਅਤੇ ਫਾਤਿਮਾ ਦੋਵੇਂ ਬਹੁਤ ਕਾਬਲ ਅਧਿਆਪਕਾਵਾਂ ਸਨ।

ਸਵਿੱਤਰੀ ਬਾਈ ਫੂਲੇ ਨਾਲ ਫੋਟੋ

ਫਾਤਿਮਾ ਸ਼ੇਖ ਦੀ ਸਵਿਤਰੀ ਬਾਈ ਨਾਲ ਇੱਕ ਸਦੀ ਪਹਿਲਾਂ ਦੀ ਇੱਕ ਫੋਟੋ ਫਾਤਿਮਾ ਸ਼ੇਖ ਦੇ ਇਤਿਹਾਸਕ ਹੋਣ ਨੂੰ ਪੱਕੇ ਪੈਰੀਂ ਕਰ ਦਿੰਦੀ ਹੈ। ਇਹ ਫੋਟੋ 1988 ਵਿੱਚ ਪਹਿਲੀ ਵਾਰ ਛਪੀ ਐਮ. ਜੀ. ਮਾਲੀ ਦੀ ਇੱਕ ਹੋਰ ਕਿਤਾਬ 'ਸਵਿਤਰੀ ਬਾਈ ਫੂਲੇ – ਸਮੱਗਰਾ ਵਾਂਗਮਿਆ' (ਸਵਿਤਰੀ ਬਾਈ ਫੂਲੇ – ਸਮੁੱਚੀਆਂ ਲਿਖਤਾਂ) ਵਿੱਚੋਂ ਹੈ। ਇਸ ਕਿਤਾਬ ਦੇ ਬਾਅਦ ਵਾਲੇ ਐਡੀਸ਼ਨ ਮਹਾਂਰਾਸ਼ਟਰ ਸਰਕਾਰ ਦੇ ਸਾਹਿਤ ਅਤੇ ਸੱਭਿਆਚਾਰ ਬੋਰਡ ਵੱਲੋਂ ਛਪਵਾਏ ਗਏ। ਇਸ ਕਿਤਾਬ ਦੇ ਸਫਾ 54 ਉੱਤੇ ਤਿੰਨ ਔਰਤਾਂ ਦੀ ਤਸਵੀਰ ਹੈ ਜਿਨ੍ਹਾਂ ਵਿੱਚੋਂ ਦੋ ਬੈਠੀਆਂ ਹੋਈਆਂ ਹਨ ਅਤੇ ਇੱਕ ਉਨ੍ਹਾਂ ਦੇ ਪਿੱਛੇ ਖੜ੍ਹੀ ਹੈ ਅਤੇ ਦੋ ਹੋਰ ਕੁੜੀਆਂ ਉਨ੍ਹਾਂ ਦੇ ਅੱਗੇ ਬੈਠੀਆਂ ਹਨ।

ਫੋਟੋ ਥੱਲੇ ਲਿਖਿਆ ਹੈ :



ਸਵਿਤਰੀ ਬਾਈ ਫੂਲੇ ਅਤੇ ਫਾਤਿਮਾ ਸ਼ੇਖ ਆਪਣੇ ਸਕੂਲ ਦੀਆਂ ਦੋ ਵਿਦਿਆਰਥਣਾਂ ਨਾਲ।

(ਕੋਈ 100 ਸਾਲ ਪਹਿਲਾਂ ਨੈਗੇਟਿਵ ਤੋਂ ਤਿਆਰ ਕੀਤੀ ਇਕ ਦੁਰਲੱਭ ਫੋਟੋ।)

ਉਪਰੋਕਤ ਮਿਸਾਲਾਂ ਤੋਂ ਦਲੀਪ ਮੰਡਲ ਦਾ ਇਹ ਦਾਅਵਾ ਕਿ ਉਸ ਦੇ ਫਾਤਿਮਾ ਸ਼ੇਖ ਬਾਰੇ ਲਿਖਣ ਤੋਂ ਪਹਿਲਾਂ ਉਸ ਬਾਰੇ ਕੋਈ ਇਤਿਹਾਸਕ ਰਿਕਾਰਡ, ਕਿਤਾਬਾਂ ਜਾਂ ਚਿੱਠੀਆਂ ਵਿੱਚ ਜਿਕਰ ਨਹੀਂ ਮਿਲਦਾ ਖੋਖਲਾ ਸਿੱਧ ਹੋ ਜਾਂਦਾ ਹੈ। 1991 ਵਿੱਚ ਥਾਰੂ ਅਤੇ ਲਲਿਤਾ ਦੀ ਸੰਪਾਦਨਾ ਵਿੱਚ ਲਿਖੀ ਕਿਤਾਬ ਵਿਚਲੇ ਲੇਖ ਅਤੇ ਇਸੇ ਤਰ੍ਹਾਂ 1980 ਵਿੱਚ ਮਾਲੀ ਦੁਆਰਾ ਲਿਖੀ ਸਵਿੱਤਰੀਬਾਈ ਫੂਲੇ ਦੀ ਜੀਵਨੀ ਵਿੱਚ ਫਾਤਿਮਾ ਦੇ ਜ਼ਿਕਰ ਤੋਂ ਇਹ ਸਾਬਤ ਹੋ ਜਾਂਦਾ ਹੈ।

ਇਹ ਠੀਕ ਹੈ ਕਿ ਸਿਰਫ ਫਾਤਿਮਾ ਹੀ ਨਹੀਂ ਖਾਸ ਕਰਕੇ ਔਰਤਾਂ ਬਾਰੇ ਇਤਿਹਾਸਕ ਹਵਾਲੇ ਜਾਂ ਲਿਖਤ ਦਸਤਾਵੇਜ਼ ਬਹੁਤ ਘੱਟ ਮਿਲਦੇ ਹਨ। ਜੋ ਹਵਾਲੇ ਮਿਲੇ ਵੀ ਹਨ ਉਹ ਜ਼ਿਆਦਾਤਰ ਮਰਾਠੀ ਇਤਿਹਾਸਕਾਰਾਂ ਦਾ ਕੰਮ ਹੈ ਜਾਂ ਕੁੱਝ ਕੁ ਮਰਾਠੀ ਕਿਤਾਬਾਂ ਵਿੱਚੋਂ ਮਿਲਦਾ ਹੈ ਅਤੇ ਉਹ ਵੀ ਸੌਖਿਆਂ ਨਹੀਂ ਲੱਭਦੀਆਂ। ਅਸਲ ਵਿੱਚ ਤਾਂ ਇਹ ਇਤਿਹਾਸਕ ਹਵਾਲਿਆਂ ਦੀ ਘਾਟ ਹੀ ਹੈ ਜਿਸਦਾ ਫਾਇਦਾ ਦਿਲੀਪ ਮੰਡਲ ਨੇ ਚੁਕਿਆ ਅਤੇ ਫਾਤਿਮਾ ਸ਼ੇਖ ਬਾਰੇ ਕੱਚਾ-ਪੱਕਾ ਦਾਅਵਾ ਪੇਸ਼ ਕਰ ਦਿੱਤਾ। ਪਰ ਫਿਰ ਵੀ ਦਲੀਪ ਮੰਡਲ ਦੇ ਲੇਖਾਂ ਤੋਂ ਪਹਿਲਾਂ ਕਾਫੀ ਰਿਕਾਰਡ ਮੌਜੂਦ ਹੈ ਜੋ ਸਾਬਤ ਕਰ ਸਕੇ ਕਿ ਸਵਿੱਤਰੀਬਾਈ ਫੂਲੇ ਦੀ ਨੇੜਲੀ ਸਹਿਯੋਗੀ ਫਾਤਿਮਾ ਸ਼ੇਖ ਇਤਿਹਾਸ ਵਿੱਚ ਹੋਈ ਹੈ।

ਹੁਣ ਸੰਖੇਪ ਵਿੱਚ ਦਲੀਪ ਮੰਡਲ ਬਾਰੇ ਵੀ ਜਾਣ ਲਵੋ। ਦਿਲੀਪ ਮੰਡਲ ਹਿੰਦੀ ਇੰਡੀਆ ਟੂਡੇ ਦਾ ਪ੍ਰਬੰਧਕੀ ਸੰਪਾਦਕ ਰਿਹਾ ਹੈ। ਹੁਣ ਕਾਫੀ ਸਮੇਂ ਤੋਂ ਉਸਦਾ ਆਸਰਾ ਸੋਸ਼ਲ ਮੀਡਿਆ ਹੈ। ਫੇਸਬੁੱਕ ਤੇ ਉਸਦੇ 3 ਲੱਖ ਫਾਲੋਅਰਜ਼ ਹਨ। ਜੇਕਰ ਤੁਸੀਂ ਦਿਲੀਪ ਮੰਡਲ ਦੀਆਂ ਫੇਸਬੁਕ ਪੋਸਟਾਂ ਦੇਖੋਗੇ ਤੁਹਾਨੂੰ ਲੱਗੇਗਾ ਜਿਵੇਂ ਸਰਕਾਰੀ ਇਸ਼ਤਿਹਾਰ ਦੇਖ ਰਹੇ ਹੋਵੋ। ਓਹੀ ਘਿਸੀ ਪਿਟੀ ਰੀਲ- ਸਵੱਛਤਾ, ਸ਼ੌਚਾਲਯਾ ਵਗੈਰਾ। ਹਰ ਦੂਜੀ ਤੀਜੀ ਪੋਸਟ ਨਰਿੰਦਰ ਮੋਦੀ ਦੀ ਫੋਟੋ ਨਾਲ ਸ਼ਿੰਗਾਰੀ ਮਿਲੇਗੀ। ਤੁਸੀਂ ਚਾਹੇ ਮੋਦੀ, ਸ਼ਾਹ ਦਾ ਭਾਸ਼ਣ ਸੁਣ ਲਵੋ ਜਾਂ ਦਿਲੀਪ ਮੰਡਲ ਦੀਆਂ ਪੋਸਟਾਂ ਪੜ੍ਹ ਲਵੋ ਓਹੀ ਤਵਾ ਚੱਲ ਰਿਹਾ ਹੋਵੇਗਾ – ਅਰਬਨ ਨਕਸਲ, ਸੈਕੂਲਰਿਜ਼ਮ, ਰਾਹੁਲ, ਅਰਵਿੰਦ। ਇੱਕ ਵੀ ਪੋਸਟ ਸੱਤਾ ਨੂੰ ਸੁਆਲ ਨਹੀਂ ਕਰਦੀ। ਪਹਿਲੇ ਸਮੇਂ ਵਿੱਚ ਦਿਲੀਪ ਮੰਡਲ ਹਿੰਦੂਤਵੀ ਸਿਆਸਤ ਦਾ ਤਿੱਖਾ ਅਲੋਚਕ ਰਿਹਾ ਹੈ। ਪਰ ਅਗਸਤ 2024 ਵਿੱਚ ਉਸਨੂੰ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਵੱਲੋਂ ਮੀਡੀਆ ਐਡਵਾਈਜ਼ਰ ਨਿਯੁਕਤ ਕੀਤਾ ਗਿਆ। ਓਦੋਂ ਤੋਂ ਉਸਨੇ ਆਪਣਾ ਟਰੈਕ ਬਦਲ ਲਿਆ ਹੈ।

ਉਹ 2019 ਵਿੱਚ 'ਦਾ ਪ੍ਰਿੰਟ' ਰਸਾਲੇ ਲਈ ਲਿਖਦਾ ਹੈ "ਫਾਤਿਮਾ ਸ਼ੇਖ ਨੂੰ ਇਤਿਹਾਸ ਨੇ ਭੁਲਾ ਕਿਉਂ ਦਿੱਤਾ" ਤੇ ਫਿਰ ਪਲਟੀ ਮਾਰਦਾ ਹੈ "ਕੁੱਝ ਖਾਸ ਹਾਲਤਾਂ ਵਿੱਚ ਮੈਂ ਫਾਤਿਮਾ ਸ਼ੇਖ ਦਾ ਪਾਤਰ ਘੜ ਲਿਆ ਸੀ, ਇਤਿਹਾਸ ਵਿੱਚ ਉਹ ਹੋਈ ਹੀ ਨਹੀਂ।" ਅਜਿਹੀ ਢੀਠਤਾ ਸੱਤਾ ਵੱਲੋਂ ਸਿੱਟੀ ਕੁਰਸੀ ਦੀ ਬੁਰਕੀ ਦਾ ਹੀ ਕਮਾਲ ਹੈ।

ਤਰਕਸ਼ੀਲ ਮੇਲੇ 'ਤੇ ਦਿੱਤੇ ਹੋਕੇ ਦਾ ਅਸਰ

1984 ਵਿੱਚ ਬਣੀ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਲੋਕਾਂ ਨੂੰ ਸਾਧਾਂ-ਸਿਆਣਿਆਂ, ਵਹਿਮਾਂ-ਭਰਮਾਂ, ਟੂਣੇ-ਟਾਮਣਾਂ ਤੇ ਭੂਤਾਂ-ਪ੍ਰੇਤਾਂ ਦੇ ਚੱਕਰਾਂ ਵਿੱਚੋਂ ਕੱਢਣ ਲਈ ਸੈਮੀਨਾਰਾਂ, ਲੈਕਚਰਾਂ, ਜਾਦੂ ਟ੍ਰਿਕਾਂ ਦੇ ਪ੍ਰੋਗਰਾਮਾਂ ਅਤੇ ਤਰਕਸ਼ੀਲ ਮੇਲਿਆਂ ਰਾਹੀਂ ਲਗਾਤਾਰ ਜਾਗਰੂਕ ਕੀਤਾ ਜਾਂਦਾ ਰਿਹਾ ਹੈ। ਜਿਲ੍ਹਾ ਮਾਨਸਾ ਦੇ ਇੱਕ ਪਿੰਡ ਤਾਮਕੋਟ ਵਿਖੇ ਦਸੰਬਰ 1995 ਦੌਰਾਨ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਇਨਕਲਾਬੀ ਤਰਕਸ਼ੀਲ ਮੇਲਾ ਕਰਵਾਇਆ ਗਿਆ। ਉਨ੍ਹਾਂ ਸਮਿਆਂ ਵਿੱਚ ਪਿੰਡਾਂ ਵਿੱਚ ਮਨ-ਪਰਚਾਵੇ ਦਾ ਸਾਧਨ ਟੈਲੀਵਿਜ਼ਨ ਵਗੈਰਾ ਨਹੀਂ ਹੁੰਦੇ ਸਨ ਅਤੇ ਨਾ ਹੀ ਮੋਬਾਈਲ ਨਾਲ ਚਿੰਬੜੇ ਰਹਿਣ ਦਾ ਰਿਵਾਜ ਪਿਆ ਸੀ। ਇਸ ਲਈ ਲੋਕ ਗਾਇਕਾਂ ਦੇ ਅਖਾੜਿਆਂ ਜਾਂ ਤਰਕਸ਼ੀਲ ਨਾਟਕ ਮੇਲਿਆਂ ਵਿੱਚ ਵੱਡੀ ਗਿਣਤੀ ਵਿੱਚ ਪਹੁੰਚਦੇ ਸਨ। ਪਿੰਡ ਤਾਮਕੋਟ ਵਿਖੇ ਤਰਕਸ਼ੀਲ ਮੇਲਾ ਵੇਖਣ ਲਈ ਨੂਠਿਆਂਵਾਲੀ, ਖਿਆਲਾ ਮਲਕਪੁਰ, ਖਿਆਲਾ ਕਲਾਂ, ਖਿਆਲਾ ਖੁਰਦ ਤੇ ਭੂਪਾਲ ਆਦਿ ਪਿੰਡਾਂ ਦੇ ਲੋਕਾਂ ਦਾ ਬਹੁਤ ਭਾਰੀ ਇਕੱਠ ਸੀ। ਮੇਲੇ ਦੌਰਾਨ ਦੱਬੇ-ਕੁਚਲੇ ਅਤੇ ਕਿਰਤ ਕਰਨ ਵਾਲੇ ਲੋਕਾਂ ਦੀ ਦੁੱਖਾਂ ਭਰੀ ਜ਼ਿੰਦਗੀ 'ਤੇ ਅਧਾਰਿਤ ਇਨਕਲਾਬੀ ਨਾਟਕ ਖੇਡੇ ਜਾ ਰਹੇ ਸਨ। ਤਰਕਸ਼ੀਲ ਮੇਲੇ ਦੇ ਅਖੀਰ ਵਿੱਚ ਇੱਕ ਮਾਸੂਮ ਜਿਹੀ ਕਲਾਕਾਰ ਬੱਚੀ ਵੱਲੋਂ ਭਰੂਣ ਹੱਤਿਆ ਦੇ ਖਿਲਾਫ ਇੱਕ ਕੋਰੀਓਗ੍ਰਾਫੀ 'ਮੈਨੂੰ ਕੁੱਖ ਵਿੱਚ ਨਾ ਕਤਲ ਕਰਵਾ, ਨੀ ਮਾਏ ਮੇਰੀਏ। ਮੈਨੂੰ ਜੱਗ ਵੇਖਣ ਦਾ ਬੜਾ ਚਾਅ, ਨੀ ਮਾਏ ਮੇਰੀਏ,' ਪੇਸ਼ ਕੀਤੀ। ਇਸ ਬੱਚੀ ਨੇ ਕੋਰੀਓਗ੍ਰਾਫੀ ਦੌਰਾਨ ਪ੍ਰਭਾਵਸ਼ਾਲੀ ਐਕਟਿੰਗ ਕਰਦਿਆਂ, ਅੱਖੀਓਂ ਹੰਝੂ ਕੇਰਦਿਆਂ, ਹਾਉਂਕੇ ਭਰਦਿਆਂ ਪੰਡਾਲ ਵਿੱਚ ਬੈਠੇ ਦਰਸ਼ਕਾਂ ਨੂੰ ਵੀ ਬਹੁਤ ਜਜ਼ਬਾਤੀ ਕਰ ਦਿੱਤਾ। ਕੋਰੀਓਗ੍ਰਾਫੀ ਵੇਖਦਿਆਂ ਦਰਸ਼ਕਾਂ ਦੀਆਂ ਅੱਖਾਂ ਵਿੱਚੋਂ ਵੀ ਹੰਝੂ ਡਿੱਗਣ ਲੱਗ ਪਏ ਸਨ। ਖਿਆਲਾਂ ਮਲਕਪੁਰ ਦੇ ਭਗਵੰਤ ਸਿੰਘ ਪਟਵਾਰੀ ਨੇ ਨਾਟਕ ਮੇਲੇ ਦੌਰਾਨ ਕੀਤੀ ਗਈ ਕੋਰੀਓਗ੍ਰਾਫੀ ਤੋਂ ਭਾਵੁਕ ਹੋ ਕੇ ਆਪਣੇ ਮਨ ਦੇ ਵਿੱਚ ਨਿਸ਼ਚਾ ਕਰ ਲਿਆ ਕਿ ਉਹ ਆਪਣੀ ਪਤਨੀ ਦੇ ਗਰਭ ਵਾਲਾ ਬੱਚਾ ਭਾਵੇਂ ਪੁੱਤਰੀ ਹੀ ਹੋਵੇ, ਉਸ ਦਾ ਟੈਸਟ ਅਤੇ ਭਰੂਣ-ਹੱਤਿਆ ਨਹੀਂ ਕਰਵਾਏਗਾ।

ਪਟਵਾਰੀ ਭਗਵੰਤ ਸਿੰਘ ਦੀ ਪਤਨੀ ਬਲਜੀਤ ਕੌਰ ਦੇ ਭਰਾ ਤੇ ਉਨ੍ਹਾਂ ਦੇ ਪਿਤਾ ਜੀ ਦਾ ਉਸਦੇ ਛੋਟੇ ਹੁੰਦਿਆਂ ਹੀ ਦਿਹਾਂਤ ਹੋ ਗਿਆ ਸੀ। ਪੇਕੇ ਪਰਿਵਾਰ ਵਿੱਚ ਮਰਦ ਮੈਂਬਰਾਂ ਦੀ ਘਾਟ ਹੋਣ ਕਰਕੇ ਬਲਜੀਤ ਕੌਰ ਦੇ ਮਨ ਦੀਆਂ ਇੱਛਾਵਾਂ ਸਨ ਕਿ ਉਨ੍ਹਾਂ ਦੀ ਕੁੱਖੋਂ ਹੋਣ ਵਾਲਾ ਬੱਚਾ ਪੁੱਤਰ ਹੀ ਪੈਦਾ ਹੋਵੇ। ਇਸ ਤੋਂ ਇਲਾਵਾ ਉਨ੍ਹਾਂ ਦਾ ਪਹਿਲਾ ਬੱਚਾ ਵੀ ਲੜਕੀ ਸੀ, ਸੋ ਭਗਵੰਤ ਸਿੰਘ ਦੀ ਪਤਨੀ, ਉਨ੍ਹਾਂ ਦੀਆਂ ਭਰਜਾਈਆਂ ਤੇ ਆਂਡ-ਗੁਆਂਢ ਦੀਆਂ ਔਰਤਾਂ ਵੱਲੋਂ ਪਟਵਾਰੀ ਉੱਤੇ ਬਹੁਤ ਦਬਾਅ ਪਾਇਆ ਗਿਆ ਕਿ ਉਹ ਅਲਟਰਾਸਾਊਂਡ ਟੈਸਟ ਕਰਵਾ ਲੈਣ ਅਤੇ ਗਰਭ ਵਿੱਚ ਜੇ ਲੜਕੀ ਹੋਈ ਤਾਂ ਗਰਭਪਾਤ ਕਰਵਾਉਣ। ਪਰ ਤਰਕਸ਼ੀਲ ਮੇਲੇ 'ਤੇ ਇੱਕ ਨੰਨ੍ਹੀ ਜਿਹੀ ਬੱਚੀ ਦੀ ਕੋਰੀਓਗ੍ਰਾਫੀ ਭਗਵੰਤ ਸਿੰਘ ਪਟਵਾਰੀ ਦੇ ਦਿਲ ਤੇ ਦਿਮਾਗ ਵਿੱਚ ਵਾਰ ਵਾਰ ਘੁੰਮ ਰਹੀ ਸੀ। ਸੋ ਭਗਵੰਤ ਸਿੰਘ ਨੇ ਟੈਸਟ ਲਈ ਕੋਰੀ ਨਾਂਹ ਕਰ ਦਿੱਤੀ। ਆਖਰ ਇੱਕ ਫਰਵਰੀ 1996 ਨੂੰ ਮਾਤਾ ਬਲਜੀਤ ਕੌਰ ਦੀ ਕੁੱਖੋਂ ਤਰਕਸ਼ੀਲ ਮੇਲੇ ਦੌਰਾਨ ਦਿੱਤੇ ਹੋਕੇ 'ਤੇ ਅਮਲ ਹੋਣ ਦੀ ਬਦੌਲਤ, ਪੁੱਤਰੀ ਕੁਲਵਿੰਦਰ ਕੌਰ ਨੇ ਜਨਮ ਲਿਆ। ਪੁੱਤਰੀ ਦੇ ਪੈਦਾ ਹੋਣ 'ਤੇ ਉਨ੍ਹਾਂ ਦੇ ਸਕੇ-ਸਬੰਧੀ ਤੇ ਆਂਡ-ਗੁਆਂਢ ਦੀਆਂ ਔਰਤਾਂ ਤਾਂ "ਲੈ ਇੱਕ ਪੱਥਰ ਹੋਰ ਆ ਗਿਆ, ਜੇ ਕਿਤੇ ਪ੍ਰਮਾਤਮਾ ਪੁੱਤ ਦੇ ਦਿੰਦਾ।" ਇਹ ਬੋਲ ਰਹੀਆਂ ਸਨ। ਸਾਰੀਆਂ ਦੇ ਚਿਹਰਿਆਂ ਉੱਤੇ ਉਦਾਸੀ ਤੇ ਖਾਮੋਸ਼ੀ ਛਾਈ ਹੋਈ ਸੀ। ਪਰ ਭਗਵੰਤ ਸਿੰਘ ਤਰਕਸ਼ੀਲ ਲਹਿਰ ਵੱਲੋਂ ਸਮਾਜਿਕ ਕੁਰੀਤੀਆਂ ਸਬੰਧੀ ਦਿੱਤੇ ਗਏ ਹੋਕੇ ਉੱਤੇ ਦ੍ਰਿੜਤਾ ਅਤੇ ਦਲੇਰੀ ਨਾਲ ਅਮਲ ਕਰਨ ਦਾ ਫ਼ਖ਼ਰ ਮਹਿਸੂਸ ਕਰ ਰਿਹਾ ਸੀ।

ਜਸਵੰਤ ਚਾਹਲ ਮੱਤੀ *(99885-00460)*

We live in a world where the funeral matters more than the dead, the wedding more than love and the physical rather than the intellect. We live the container culture, which despises the content.

EDUARDO GALEANO

ਅਸੀਂ ਉਸ ਦੁਨੀਆ ਵਿੱਚ ਰਹਿੰਦੇ ਹਾਂ, ਜਿੱਥੇ ਮਰਨ ਵਾਲੇ ਨਾਲੋਂ ਉਸ ਦਾ ਸਸਕਾਰ, ਪ੍ਰੇਮ ਨਾਲੋਂ ਵਿਆਹ ਦੀਆਂ ਰਸਮਾਂ, ਬੁੱਧੀ ਨਾਲੋਂ ਬਲ ਦੀ ਬਹੁਤੀ ਮਹਿਮਾ ਹੈ। ਅਸੀਂ ਡੱਬਾ-ਸੰਸਕ੍ਰਿਤੀ ਵਿੱਚ ਰਹਿੰਦੇ ਹਾਂ ਜਿੱਥੇ ਉਸ ਵਿਚਲੀ ਸਮੱਗਰੀ ਨੂੰ ਤ੍ਰਿਸਕਾਰਿਆ ਜਾਂਦਾ ਹੈ।

-ਐਡੂਆਰਡੋ ਗੈਲੀਨੋ

ਨਵੇਂ ਅਵਤਾਰ

ਅਜਮੇਰ ਸਿੱਧੂ

"ਸ਼ਿਵਾਲਕ ਟਾਈਮਜ਼ ਨਿਊਜ਼ ਗਰੁੱਪ ਦੀਆਂ ਅਖ਼ਬਾਰਾਂ ਹੋਈਆਂ ਏ ਆਈ ਰੋਬੋਟਾਂ ਦੇ ਹਵਾਲੇ।"

'ਏ ਆਈ ਰੋਬੋਟਾਂ ਦੇ ਵਿਰੋਧ ਵਿਚ ਚੀਫ ਐਡੀਟਰ ਵਰਿੰਦਰ ਭਾਟੀਆ ਵਲੋਂ ਅਸਤੀਫ਼ਾ।'

ਅੱਜ ਮੀਡੀਏ ਵਿਚ ਇਹ ਦੋ ਖਬਰਾਂ ਮੁੱਖ ਸੁਰਖੀ ਬਣੀਆਂ ਹੋਈਆਂ ਹਨ। ਸਾਰੇ ਹੀ ਪ੍ਰਿੰਟ, ਇਲੈਕਟ੍ਰੋਨਿਕ ਤੇ ਸੋਸ਼ਲ ਮੀਡੀਏ ਉੱਤੇ ਇਨ੍ਹਾਂ ਦੀ ਹੀ ਚਰਚਾ ਹੋ ਰਹੀ ਹੈ। ਮੈਂ 'ਇੰਡੀਅਨ ਐਕਸਪ੍ਰੈੱਸ' ਅਤੇ 'ਦੀ ਟ੍ਰਿਬਿਊਨ' 'ਤੇ ਨਿ ਗ੍ਹਾ ਮਾਰਦਾ ਹਾਂ।

'ਸ਼ਿਵਾਲਕ ਟਾਈਮਜ਼ ਨਿਊਜ਼ ਗਰੁੱਪ ਦੀਆਂ ਅਖਬਾਰਾਂ ਹੋਈਆਂ ਡਿਜੀਟਲ। ਪ੍ਰਬੰਧਕਾਂ ਨੇ ਅਖ਼ਬਾਰਾਂ ਦੇ ਸਮੁੱਚੇ ਸਿਸਟਮ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਐਡਵਾਂਸ ਕੰਪਿਊਟਰ ਪ੍ਰੋਗਰਾਮ ਨਾਲ ਜੋੜਿਆ। ਇਹ ਏ.ਆਈ. ਇਕ ਅਜਿਹੀ ਟੈਕਨਾਲੋਜੀ ਹੈ ਜੋ ਕੰਪਿਊਟਰ ਨੂੰ ਵਧੇਰੇ ਮਨੁੱਖੀ ਤਰੀਕੇ ਨਾਲ ਸੋਚਣ ਜਾਂ ਕੰਮ ਕਰਨ ਦੇ ਯੋਗ ਬਣਾਉਂਦੀ ਹੈ। ਇਹ ਪ੍ਰੋਗਰਾਮ ਮਨੁੱਖ ਦੀ ਤਰ੍ਹਾਂ ਕੰਮ ਕਰ ਸਕਣ ਵਾਲਾ, ਸੋਚਣ ਵਾਲਾ ਤੇ ਸਮਝਣ ਵਾਲਾ ਸਿਸਟਮ ਹੈ ਜੋ ਕੋਡਿੰਗ ਪ੍ਰੋਗਰਾਮ ਰਾਹੀਂ ਡਿਜ਼ਾਇਨ ਕੀਤਾ ਗਿਆ ਹੁੰਦਾ ਹੈ।'

'ਹੁਣ ਇਸ ਅਦਾਰੇ ਵਿਚ ਮਨੁੱਖੀ ਸਿਰ ਟਾਵੇਂ-ਟਾਵੇਂ ਹੀ ਦਿਖਾਈ ਦੇਣਗੇ। ਸਾਰਾ ਕੰਮ ਕਾਜ ਸੰਭਾਲਣਗੇ ਏ ਆਈ ਰੋਬੋਟ। ਇਥੇ ਉਹ ਰੋਬੋਟ ਸਥਾਪਿਤ ਕੀਤੇ ਗਏ ਹਨ, ਜਿਨ੍ਹਾਂ ਦੀ ਵਿਗਿਆਨੀਆਂ ਨੇ ਕ੍ਰੀਏਸ਼ਨ ਇਸ ਤਰ੍ਹਾਂ ਕੀਤੀ ਹੈ ਕਿ ਉਹ ਮਨੁੱਖਾਂ ਵਾਂਗ ਫ਼ੈਸਲੇ ਕਰ ਸਕਣ। ਇਨ੍ਹਾਂ ਵਿਚ 'ਮਸ਼ੀਨ ਲਰਨਿੰਗ' ਪ੍ਰੋਗਰਾਮ ਵਿਕਸਤ ਕੀਤਾ ਗਿਆ ਹੈ। ਜਿਸ ਵਿਚ ਰੋਬੋਟ ਸਿਰਫ ਨਕਲ ਹੀ ਨਾ ਮਾਰਨ ਸਗੋਂ ਆਪਣੇ ਆਪ ਸਿੱਖ ਕੇ ਮਾਨਵ ਸੰਪਾਦਕਾਂ ਵਾਂਗ ਕੰਮ ਕਰਨਗੇ।'

'ਇਨ੍ਹਾਂ ਮਸ਼ੀਨਾਂ ਅਤੇ ਰੋਬੋਟਾਂ ਵਿਚ ਵਿਸ਼ੇਸ਼ ਸੈਂਸਰ ਲੱਗੇ ਹੋਏ ਹਨ ਜੋ ਉਨ੍ਹਾਂ ਨੂੰ ਮਨੁੱਖਾਂ ਵਾਂਗ ਚੀਜਾਂ ਨੂੰ ਦੇਖਣ, ਸੁਣਨ, ਮਹਿਸੂਸ ਕਰਨ, ਸੁਆਦ ਲੈਣ, ਮਦਦ ਕਰਨ ਅਤੇ ਆਪਣੇ ਸਿੱਖੇ ਅਨੁਸਾਰ ਆਪਣੇ ਆਪ ਨੂੰ ਐਡਜਸਟ ਕਰ ਸਕਣ। ਇਹ ਨਵੀਂ ਤੇ ਉੱਚ ਵਿਕਸਤ ਤਕਨਾਲੋਜੀ ਨਾਲ ਰੋਬੋਟਾਂ ਦੀ ਸਿਰਜਣਾ ਕੀਤੀ ਗਈ ਹੈ। ਜਿਹੜੇ ਸਥਿਤੀਆਂ ਨੂੰ ਝੱਟ ਸਮਝ ਕੇ ਫੈਸਲੇ ਲੈ ਲੈਂਦੇ ਹਨ। ਏ ਆਈ ਚੈਟ ਜੀ ਪੀ ਟੀ ਆਪਣੀ ਬੁੱਧੀਮਾਨੀ ਰਾਹੀਂ ਸੰਪਾਦਕੀ ਪੰਨੇ ਮਿੰਟਾਂ ਵਿਚ ਹੀ ਲਿਖ ਕੇ ਭਰ ਦਿੰਦੀ ਹੈ। ਕਸਬਿਆਂ ਅਤੇ ਸ਼ਹਿਰਾਂ ਤੋਂ ਪੱਤਰ ਪ੍ਰੇਰਕਾਂ ਦੀਆਂ ਆਈਆਂ ਖਬਰਾਂ ਨੂੰ ਐਡਿਟ ਕਰ ਦਿੰਦੀ ਹੈ। ਉਨ੍ਹਾਂ ਨੂੰ ਮਸਾਲਾ ਲਾ ਕੇ ਰੌਚਕ ਬਣਾ ਦਿੰਦੀ ਹੈ।'

ਮੈਂ ਵੱਖ-ਵੱਖ ਚੈਨਲ ਲਾ ਕੇ ਦੇਖਣ ਲੱਗ ਪਿਆ ਹਾਂ। ਇਨ੍ਹਾਂ 'ਤੇ ਵੀ ਇਹੀ ਖਬਰ ਪ੍ਰਸਾਰਿਤ ਹੋ ਰਹੀ ਹੈ।

'ਜਦੋਂ ਕੋਈ ਮਾਨਵ ਟਾਈਪਿਸਟ ਖ਼ਬਰਾਂ ਜਾਂ ਲੇਖ ਟਾਈਪ ਕਰੇਗਾ। ਇਹ ਨਾਲੋ-ਨਾਲ ਗਲਤੀਆਂ ਨੂੰ ਅੰਡਰ ਲਾਈਨ ਕਰ ਦੇਵੇਗਾ। ਇਹਦੇ ਵਿਚ ਆਟੋਮੇਸ਼ਨ ਸਿਸਟਮ ਹੁੰਦਾ ਹੈ। ਇਹ ਠੀਕ ਸ਼ਬਦਾਂ ਦੀ ਚੋਣ ਕਰ ਲਵੇਗਾ। ਜੇ ਕੰਪਿਊਟਰ ਕੋਲ ਸ਼ਬਦ ਨਹੀਂ ਹਨ। ਇਹ ਟਾਈਪਿਸਟ ਤੋਂ ਨਵੇਂ ਸ਼ਬਦ ਲੈ ਕੇ ਆਪਣੀ ਮੈਮਰੀ ਵਿਚ ਐਡ ਕਰ ਲਏਗਾ। ਇਹ ਗਰਾਮਰ ਦੇ ਫੀਡ ਰੂਲਜ਼ ਮੁਤਾਬਿਕ ਸ਼ਬਦ ਚੈੱਕ ਕਰੇਗਾ। ਇਕ ਵਾਰ ਕਮਾਂਡ ਦੇਣ 'ਤੇ ਸਾਰੀਆਂ ਗਲਤੀਆਂ ਲੱਗ ਜਾਣਗੀਆਂ। ਫਾਈਨਲ ਚੈੱਕ ਟਾਈਪਿਸਟ ਨੂੰ ਕਰਨਾ ਪਵੇਗਾ।'

'ਇਥੇ ਹਾਈ ਪਾਵਰ ਦੇ ਕੰਪਿਊਟਰ ਸਥਾਪਤ ਕੀਤੇ ਗਏ ਹਨ। ਇਨ੍ਹਾਂ ਸ਼ਕਤੀਸ਼ਾਲੀ ਕੰਪਿਊਟਰਾਂ ਦੇ ਆਉਣ ਨਾਲ ਪ੍ਰਿੰਟ ਮੀਡੀਏ ਵਿਚ ਇਕ ਤਰ੍ਹਾਂ ਦਾ ਇਨਕਲਾਬ ਆ ਜਾਵੇਗਾ। ਇਸ ਨਾਲ ਪੁਰਾਣਾ ਅਖ਼ਬਾਰੀ ਢਾਂਚਾ ਢਹਿ ਢੇਰੀ ਹੋ ਜਾਵੇਗਾ। ਨਵੀਂ ਤਕਨਾਲੋਜੀ ਨਾਲ ਲੈਸ ਰੋਬੋਟ ਨਵੀਆਂ ਪੈੜਾਂ ਪਾਉਣਗੇ। ਵਿਗਿਆਨੀਆਂ ਨੇ ਇਹ 'ਨਵੇਂ ਅਵਤਾਰ' ਕ੍ਰੀਏਟ ਕਰ ਕੇ ਬਾਜ਼ਾਰ ਵਿਚ ਉਤਾਰੇ ਹਨ। ਇਨ੍ਹਾਂ ਨੇ ਹੈਰਾਨੀਜਨਕ ਚਮਤਕਾਰ ਕਰ ਕੇ ਵਿਖਾ ਦੇਣੇ ਹਨ। ਭਵਿੱਖ ਵਿਚ ਲੋਕ ਇਨ੍ਹਾਂ 'ਅਵਤਾਰਾਂ' ਦੀ ਹੀ ਪੂਜਾ ਕਰਿਆ ਕਰਨਗੇ।' ਮੈਨੂੰ ਬੀਟਾ ਚੈਨਲ ਦੀ ਇਹ ਖਬਰ ਠੀਕ ਲੱਗ ਰਹੀ ਹੈ। ਭਵਿੱਖ ਵਿਚ ਲੋਕ ਵਿਗਿਆਨਕ ਯੰਤਰਾਂ ਨੂੰ ਹੀ ਪੂਜਣਗੇ।

'ਏ ਆਈ ਫੋਟੋਸ਼ਾਪ ਵਿਚ ਵੀ ਕਮਾਲ ਦਿਖਾਏਗਾ। ਇਹ ਨਵੀਆਂ ਨਵੀਆਂ ਫੋਟੋਆਂ ਬਣਾਉਣ, ਸ਼ਿੰਗਾਰਨ, ਲਾਉਣ, ਡਿਜ਼ਾਇਨ ਅਤੇ ਆਉਟਲੁੱਕ ਕਰਨ ਵਿਚ ਮਾਹਿਰ ਹੋਏਗਾ। ਬੁੱਢਿਆਂ ਨੂੰ ਜਵਾਨ ਕਰ ਦਏਗਾ, ਜਵਾਨਾਂ ਤੇ ਮੁਟਿਆਰਾਂ ਨੂੰ ਬੁਢਾਪੇ ਦੇ ਦਰਸ਼ਨ ਵੀ ਕਰਾ ਦਏਗਾ। ਕਿਸੇ ਬਹੁਤ ਹੀ ਸੁੰਦਰ ਤੇ ਜਵਾਨ ਫਿਲਮੀ ਹੀਰੋ-ਹੀਰੋਇਨ ਦੇ ਅਕਸ ਵਿਚੋਂ ਤੁਹਾਡਾ ਬਿੰਬ ਉਭਾਰ ਦਏਗਾ। ਕਿਸੇ ਧਰਨੇ ਮੁਜ਼ਾਹਰੇ ਵਿਚ ਤੁਹਾਡੀ ਫੋਟੋ ਰੋਂਦਿਆਂ ਦੀ ਜਾਂ ਗੁੱਸੇ ਵਾਲੀ ਹੋਏਗੀ, ਇਹ ਤੁਹਾਨੂੰ ਲਾਫ਼ ਬੁਆਏ ਜਾਂ ਗਰਲ ਵਿਚ ਬਦਲ ਦਏਗਾ।' ਮੈਨੂੰ ਭਲਵਾਨ ਕੁੜੀਆਂ ਦਾ ਰੋਸ ਪ੍ਰਦਰਸ਼ਨ ਚੇਤੇ ਆਇਆ ਹੈ, ਉਹ ਰੋ ਰਹੀਆਂ ਸਨ, ਗੁੱਸੇ ਵੀ ਸਨ ਪਰ ਅਖਬਾਰਾਂ ਵਿਚ ਉਨ੍ਹਾਂ ਦੀ ਹੱਸਦਿਆਂ ਦੀ ਫੋਟੋ ਲੱਗੀ।

'ਮੈਨੂਅਲ ਲੇਬਰ ਘਟ ਜਾਵੇਗੀ। ਜਿਹੜਾ ਸੰਪਾਦਕੀ ਅਮਲਾ ਅਤੇ ਕਾਮੇ ਨਵੀਂ ਤਕਨੀਕ ਸਿੱਖ ਜਾਣਗੇ, ਉਹ ਅਖ਼ਬਾਰਾਂ ਵਿਚ ਟਿਕੇ ਰਹਿਣਗੇ। ਵਰਨਾ ਜਿਹੜੇ ਸਮੇਂ ਦੇ ਹਾਣੀ ਨਾ ਹੋ ਸਕੇ, ਉਨ੍ਹਾਂ ਨੂੰ ਅਖ਼ਬਾਰੀ ਸਿਸਟਮ ਤੋਂ ਬਾਹਰ ਕਰ ਦਿੱਤਾ ਜਾਵੇਗਾ।'

.....ਮੈਨੂੰ ਲੱਗਦੈ ਹਰ ਅਖ਼ਬਾਰ, ਹਰ ਦਫ਼ਤਰ, ਹਰ ਘਰ ਤੇ ਹਰ ਚੈਨਲ ਉੱਤੇ ਇਸ ਵਿਸ਼ੇ 'ਤੇ ਹੀ ਚਰਚਾ ਹੋ ਰਹੀ ਹੈ। ਕੋਈ ਇਸ ਨੂੰ ਵਡਿਆ ਰਿਹਾ ਹੈ। ਕੋਈ ਨਿੰਦ ਰਿਹਾ ਹੈ। ਨਿੰਦਣ ਦੀ ਸ਼ੁਰੂਆਤ ਤਾਂ ਸਾਡੇ ਚੀਫ ਐਡੀਟਰ ਵਲੋਂ ਹੋਈ ਹੈ। ਉਨ੍ਹਾਂ ਬੜੇ ਅਦਬ ਨਾਲ ਸੇਠ ਜੀ ਦਾ ਸਵਾਗਤ ਕੀਤਾ ਸੀ। ਸੇਠ ਜੀ ਨੇ ਵੀ ਤਿੰਨਾਂ ਅਖਬਾਰਾਂ ਦੀ ਕਮਾਂਡ ਉਨ੍ਹਾਂ ਦੇ ਹੱਥ ਦਿੱਤੀ ਹੋਈ ਹੈ। ਸਾਡੇ ਲਈ ਤਾਂ ਸੇਠ ਜੀ...।

ਮੈਂ ਗੱਲ ਕਰ ਰਿਹਾਂ 'ਸ਼ਿਵਾਲਕ ਟਾਈਮਜ਼ ਨਿਊਜ਼ ਹਾਊਸ' ਦੇ ਮਾਲਕ ਸੇਠ ਮੁਕੇਸ਼ ਅਗਰਵਾਲ ਦੀ। ਇਹ ਗਰੁੱਪ ਪੰਜਾਬੀ, ਹਿੰਦੀ, ਅੰਗਰੇਜੀ ਤੇ ਦੇਸ਼ ਦੀਆਂ ਹੋਰ ਭਾਸ਼ਾਵਾਂ ਵਿਚ ਅਖਬਾਰਾਂ ਛਾਪਦਾ ਹੈ। ਸੇਠ ਜੀ ਜਿਆਦਾਤਰ ਦਿੱਲੀ ਤੋਂ ਹੀ ਆਪਣੇ ਕਾਰੋਬਾਰ ਦੀ ਨਿਗਰਾਨੀ ਕਰਦੇ ਹਨ। ਪੰਜਾਬ ਵਿਚ ਤਾਂ ਕਦੇ ਕਦਾਈਂ ਗੇੜਾ ਮਾਰਦੇ ਹਨ। ਉਂਝ ਫੋਨ ਦੀ ਘੰਟੀ ਪਤਾ ਨਹੀਂ ਕਿਹੜੇ ਵੇਲੇ ਖੜਕਾ ਦੇਣ, ਕੋਈ ਪਤਾ ਨਹੀਂ। ਜਨਰਲ ਮੈਨੇਜਰ ਵਿਜੈ ਸ਼ੇਖ਼ਰ ਮਿਸ਼ਰਾ ਤੋਂ ਪਲ-ਪਲ ਦੀ ਰਿਪੋਰਟ ਲਈ ਜਾਣਗੇ। ਮੈਂ ਪੰਜਾਬੀ ਅਖ਼ਬਾਰ ਦਾ ਸੰਪਾਦਕ ਹਾਂ। ਮੈਨੂੰ ਫੋਨ ਆਏਗਾ-

"ਸਰਦਾਰ ਨਰਦੇਵ ਸਿੰਘ ਸੂਰੀ ਜੀ, ਕੱਲ੍ਹ ਤੱਕ ਮੈਨੂੰ ਪੰਜ ਸਟੈਪ ਦਿਓ। ਜਿਸ ਨਾਲ ਤੁਹਾਡੀ ਅਖਬਾਰ ਦੀ ਸਰਕੂਲੇਸ਼ਨ ਵੱਧ ਜਾਵੇ।"

"ਤੁਸੀਂ ਹਿੰਦੀ ਭਾਸ਼ਾ ਦੇ ਟੌਪ ਦੇ ਲੇਖਕ, ਜਰਨਲਿਸਟ ਅਤੇ ਪੱਤਰਕਾਰਾਂ ਨੂੰ ਅਖਬਾਰ ਨਾਲ ਜੋੜ ਕੇ ਮੈਨੂੰ ਲਿਸਟ ਦਿਓ।" ਹਿੰਦੀ ਅਖ਼ਬਾਰ ਦੇ ਸੰਪਾਦਕ ਵਿਵੇਕ ਜੋਸ਼ੀ ਅੱਗੇ ਉਨ੍ਹਾਂ ਦੀ ਮੰਗ ਹੁੰਦੀ ਹੈ।

"ਵਰਿੰਦਰ ਭਾਟੀਆ ਜੀ, ਲੰਬਾ ਸਮਾਂ ਹੋ ਗਿਆ ਤੁਸੀਂ ਕੋਈ ਚਰਚਿਤ ਸਟੋਰੀ ਨ੍ਹੀਂ ਛਾਪੀ, ਜਿਹਦੇ ਨਾਲ ਸਰਕਾਰ ਹਿੱਲ ਜਾਵੇ ਤੇ ਸਾਡੀ ਝੋਲੀ ਵੱਡੇ-ਵੱਡੇ ਇਸ਼ਤਿਹਾਰ ਪੈ ਜਾਣ। ਬਾਕੀ ਤੁਹਾਡੀ ਕੂਪਨ ਸਕੀਮ ਬੰਦ ਹੁੰਦਿਆਂ ਹੀ ਪਾਠਕ ਵੀ ਘਟ ਗਏ।" ਉਹ ਅੰਗਰੇਜ਼ੀ ਅਖ਼ਬਾਰ ਦੇ ਸੰਪਾਦਕ ਵਰਿੰਦਰ ਭਾਟੀਆ ਸਰ ਨੂੰ ਸਵਾਲ ਕਰੇਗਾ।

ਖਰਚਾ ਘੱਟ ਆਵੇ, ਮੁਨਾਫ਼ਾ ਵੱਧ ਹੋਵੇ। ਇਹ ਸਾਡੇ ਮਾਲਕਾਂ ਦੀ ਚਿੰਤਾ ਹੈ। ਆਨਲਾਈਨ ਐਡੀਸ਼ਨਜ਼, ਨੋਟਬੰਦੀ ਅਤੇ ਕੋਵਿਡ-19 ਤੋਂ ਬਾਅਦ ਲਗਾਤਾਰ ਅਖ਼ਬਾਰਾਂ ਦੀ ਗਿਣਤੀ ਘਟੀ ਹੈ ਤੇ ਘਾਟੇ ਵਿਚ ਜਾ ਰਹੀਆਂ ਹਨ। ਦੂਜੀਆਂ ਅਖਬਾਰਾਂ ਵਾਲਿਆਂ ਦੇ ਕਈ-ਕਈ ਯੂਨਿਟ ਬੰਦ ਹੋ ਗਏ ਹਨ। ਸਾਡੇ ਵਾਲੇ ਸੇਠ ਜੀ ਬਚਾਉਣ 'ਤੇ ਲੱਗੇ ਹੋਏ ਹਨ। ਉਹ ਯਤਨ ਵਿਚ ਹਨ, ਅਖਬਾਰਾਂ ਨੂੰ ਕਿਵੇਂ ਤਰੱਕੀ ਦੇ ਰਾਹ ਤੋਰਨਾ ਹੈ? ਸਰਕਾਰਾਂ, ਉਦਯੋਗਪਤੀਆਂ, ਸਿਆਸਤਦਾਨਾਂ, ਜੋਤਸ਼ੀਆਂ ਅਤੇ ਸਾਧਾਂ-ਸੰਤਾਂ ਤੋਂ ਇਸ਼ਤਿਹਾਰ ਕਿਵੇਂ ਲੈਣੇ ਹਨ? ਇਹ ਸਾਰੇ ਗੁਰ ਉਨ੍ਹਾਂ ਕੋਲ ਹਨ। ਹੁਣ ਸੇਠ ਜੀ ਨੇ ਵੱਡਾ ਧਮਾਕਾ ਕੀਤਾ ਹੈ। ਸਾਡੇ ਦਫਤਰ ਰੋਬੋਟਾਂ ਦਾ ਰਾਜ ਆਉਣ ਵਾਲਾ ਹੈ। ਉਹ ਹੀ ਅਖ਼ਬਾਰ ਛਾਪਣ, ਛਪਵਾਉਣ ਅਤੇ ਵੰਡਾਈ ਦਾ ਕੰਮ ਸੰਭਾਲਣਗੇ।

...ਦਫਤਰ ਵਿਚ ਲਿਸ਼ਕੋਰੇ ਮਾਰ ਰਹੀਆਂ ਮਸ਼ੀਨਾਂ ਅਤੇ ਸ਼ਕਤੀਸ਼ਾਲੀ ਆਧੁਨਿਕ ਕੰਪਿਊਟਰ ਫਟਾਫਟ ਕੰਮ ਨਿਬੇੜ ਰਹੇ ਹਨ। ਰੋਬੋਟਾਂ ਦੇ ਵੱਖ-ਵੱਖ ਮਾਡਲ ਆਪਣੀ ਡਿਊਟੀ 'ਤੇ ਡਟੇ ਹੋਏ ਹਨ। ਪਹਿਲਾਂ ਸਾਨੂੰ ਲੱਗਦਾ ਸੀ, ਕੋਈ ਵੱਡੀ ਤਬਦੀਲੀ ਨਹੀਂ ਹੋਏਗੀ। ਕੰਪਿਊਟਰਾਂ ਦੇ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ ਨਾਂਅ ਦਾ ਨਵਾਂ ਸੋਫਟਵੇਅਰ ਪਾ ਦਿੱਤਾ ਜਾਏਗਾ। ਅੱਗੇ ਵੀ ਨਵਾਂ ਵਰਜ਼ਨ ਆਉਣ 'ਤੇ ਕੰਪਿਊਟਰਾਂ ਨੂੰ ਅਪਡੇਟ ਕਰਦੇ ਹੀ ਹਾਂ। ਏ ਆਈ ਦੀ ਚਿੱਪ ਪਾਉਣ ਨਾਲ ਕੁਝ ਪ੍ਰੋਗਰਾਮਾਂ ਵਿਚ ਤਬਦੀਲੀ ਹੋ ਜਾਵੇਗੀ।

ਮੈਂ ਸੋਚਿਆ, ਨਵੀਂ ਤਕਨੀਕ ਦਾ ਸਵਾਗਤ ਕਰਨਾ ਚਾਹੀਦਾ ਹੈ। ਇਹਦੇ ਫਾਇਦੇ ਸਾਡੇ ਸਟਾਫ ਨੂੰ ਹੀ ਹੋਣੇ ਹਨ। ਅਸੀਂ ਸੌਖੇ ਹੋਵਾਂਗੇ। ਅੱਗੇ ਅੱਠ ਘੰਟੇ ਡਿਊਟੀ ਕਰਦੇ ਹਾਂ। ਹੁਣ ਚਾਰ ਘੰਟੇ ਬਾਅਦ ਵਿਹਲੇ ਹੋ ਜਾਇਆ ਕਰਾਂਗੇ। ਆਖ਼ਰ ਵਿਗਿਆਨੀ ਆਮ ਆਦਮੀ ਦਾ ਜੀਵਨ ਸੁਖਾਲਾ ਕਰਨ ਲਈ ਹੀ ਖੋਜਾਂ ਕਰਦੇ ਹਨ। ਅਸੀਂ ਤਾਂ ਉਦਘਾਟਨ ਵੇਲੇ ਬਰਾਤੀਆਂ ਵਾਂਗ ਘੁੰਮ ਰਹੇ ਸਾਂ।

...ਅਖ਼ਬਾਰ ਦੇ ਦਫਤਰ ਦੇ ਲਾਗੇ ਰਿਜ਼ੋਰਟ ਵਿਚ ਵੱਡਾ ਸਮਾਗਮ ਕੀਤਾ ਗਿਆ। ਦੇਸ਼ ਭਰ 'ਚੋਂ ਬਿਜ਼ਨੈੱਸ ਹਾਊਸਜ਼ ਦੀਆਂ ਵੱਡੀਆਂ ਹਸਤੀਆਂ ਪੁੱਜੀਆਂ ਹੋਈਆਂ ਸਨ। ਉਨ੍ਹਾਂ ਆਉਣਾ ਹੀ ਸੀ। ਸਾਡਾ ਅਦਾਰਾ ਵੀ ਬਿਜ਼ਨੈਸ ਹਾਊਸਜ਼ ਵਾਲਿਆਂ ਦਾ ਹੀ ਹੈ। ਇਹ ਧਨਾਢ ਲੋਕ ਸਾਡੀ ਅਖ਼ਬਾਰ ਨੂੰ ਨਵੀਂ ਤਕਨੀਕ ਨਾਲ ਜੋੜਨ ਲਈ ਆਏ ਸਨ। ਕਮਾਲ ਇਹ ਹੋਈ, ਸਮਾਗਮ ਸ਼ੁਰੂ ਹੋਣ 'ਤੇ ਸਵਾਗਤੀ ਸ਼ਬਦ ਵੀ ਇਕ ਰੋਬੋਟ ਬੋਲ ਰਿਹਾ ਸੀ।

"ਅੱਜ ਸ਼ਿਵਾਲਿਕ ਟਾਈਮਜ਼ ਨਿਊਜ਼ ਗਰੁੱਪ ਨਵੇਂ ਰਾਹਾਂ ਦਾ ਪਾਂਧੀ ਹੋ ਗਿਆ ਹੈ। ਹੁਣ ਇਸ ਨੇ ਕੰਪਿਊਟਰਾਂ ਅਤੇ ਰੋਬੋਟਾਂ ਦੇ ਬਲਬੂਤੇ ਪਾਠਕਾਂ ਅੱਗੇ ਅਖ਼ਬਾਰਾਂ ਮੁਹੱਈਆ ਕਰਨੀਆਂ ਹਨ। ਇਸ ਦੇ ਸੂਝਵਾਨ ਅਤੇ ਦੂਰ ਅੰਦੇਸ਼ੀ ਵਾਲੇ ਮਾਲਕਾਂ ਨੇ ਸਹੀ ਸਮੇਂ 'ਤੇ ਦਰੁਸਤ ਫੈਸਲਾ ਲਿਆ ਹੈ। ਜਲਦ ਹੀ ਅਖ਼ਬਾਰਾਂ ਦੀ ਦੁਨੀਆ ਵਿਚ ਇਸ ਗਰੁੱਪ ਦਾ ਨਾਂਅ ਸਭ ਤੋਂ ਉਪਰ ਚਮਕੇਗਾ। ਹੋਰ ਨਿਊਜ਼ ਗਰੁੱਪ ਵੀ

ਸਾਡੇ ਅਦਾਰੇ ਤੋਂ ਪ੍ਰਭਾਵਿਤ ਹੋ ਕੇ ਰੋਬੋਟ ਯੁੱਗ ਵਿਚ ਪ੍ਰਵੇਸ਼ ਕਰਨਗੇ। ਤੁਸੀਂ ਜੋ ਵੀ ਵਿਗਿਆਨ ਦੀ ਇਸ ਅਦੁੱਤੀ ਦੇਣ ਵਾਲੇ ਸਮਾਗਮ ਵਿਚ ਆਏ ਹੋ, ਮੈਂ ਅਦਾਰੇ ਵਲੋਂ ਤੁਹਾਡਾ ਸਵਾਗਤ ਕਰਦਾ ਹਾਂ। ਉਮੀਦ ਕਰਦਾ ਹਾਂ, ਇਸ਼ਤਿਹਾਰਾਂ, ਤਾਜ਼ੀਆਂ ਤੇ ਖੋਜ ਭਰਪੂਰ ਖਬਰਾਂ ਲਈ ਸਾਡੀਆਂ ਅਖ਼ਬਾਰਾਂ ਨਾਲ ਜੁੜੇ ਰਹੋਗੇ।''

ਰੋਬੋਟ ਬੜੇ ਠਰੰਮੇ ਅਤੇ ਇਕ ਅੱਛੇ ਵਕਤਾ ਵਜੋਂ ਬੋਲ ਰਿਹਾ ਸੀ। ਸੱਚ ਦੱਸਾਂ ਮੈਂ ਤਾਂ ਟਹਿਲ ਰਹੇ, ਡਿਊਟੀ ਕਰ ਰਹੇ ਅਤੇ ਬੋਲ ਰਹੇ ਰੋਬੋਟ ਪਹਿਲੀ ਵਾਰ ਦੇਖੇ ਸਨ। ਮੈਂ ਹੈਰਾਨ ਵੀ ਸੀ ਤੇ ਖੁਸ਼ ਵੀ ਮੇਰੇ ਕੋਲ ਖੜ੍ਹੇ ਚੀਫ ਐਡੀਟਰ ਭਾਟੀਆ ਸਰ ਪ੍ਰੇਸ਼ਾਨ ਸਨ। ਪਰ ਜਿੰਨੇ ਵੀ ਸੇਠ ਜੀ ਨਾਲ ਮਹਿਮਾਨ ਆਏ ਹੋਏ ਸਨ। ਉਨਾਂ ਦੇ ਚਿਹਰੇ ਮੁਸਕਰਾਹਟਾਂ ਬਿਖੇਰ ਰਹੇ ਸਨ। ਉਨ੍ਹਾਂ ਦਾ ਭਾਸ਼ਨ ਤਰੱਕੀਪਸੰਦਗੀ ਵਾਲਾ ਸੀ। ਸੇਠ ਜੀ ਨੇ ਜੋ ਭਾਸ਼ਨ ਕਰਨਾ ਸੀ, ਉਨ੍ਹਾਂ ਮੌਕੇ 'ਤੇ ਹੀ ਏ. ਆਈ. ਚੈਟ ਜੀ.ਪੀ.ਟੀ. ਨੂੰ ਸੰਦੇਸ਼ ਦਿੱਤਾ। ਏ. ਆਈ. ਚੈਟਜੀਪੀਟੀ ਨੇ ਮਿੰਟਾਂ ਵਿਚ ਹੀ ਸਕਰੀਨ 'ਤੇ ਸਤਰਾਂ ਉਕਰ ਦਿੱਤੀਆਂ।

''ਅੱਜ ਸਾਡਾ ਨਿਊਜ਼ ਗਰੁੱਪ ਆਰਟੀਫੀਸ਼ੀਅਲ ਇੰਟੈਲੀਜੈਂਸ ਪ੍ਰੋਗਰਾਮ ਨਾਲ ਜੁੜ ਗਿਆ ਹੈ। ਮਸ਼ੀਨੀ-ਬੁੱਧੀਮਾਨਤਾ ਕੰਪਿਊਟਰ ਵਰਗੀਆਂ ਮਸ਼ੀਨਾਂ ਨੂੰ ਮਨੁੱਖ ਵਾਂਗ ਬੁੱਧੀਮਾਨ ਬਣਾਉਣ ਦਾ ਇਕ ਵਿਗਿਆਨਕ ਪ੍ਰੋਗਰਾਮ ਹੈ। ਇਹ ਸੂਝਵਾਨ ਮਨੁੱਖੀ ਦਿਮਾਗ ਦੇ ਜਾਦੂਈ ਗੁਣ ਦੀ ਬਰਾਬਰੀ ਕਰਦੀ ਹੈ। ਇਹ ਕੰਪਿਊਟਰਾਂ ਅਤੇ ਰੋਬੋਟਾਂ ਨੂੰ ਮਨੁੱਖ ਵਾਂਗ ਸੋਚਣ, ਸਿੱਖਣ ਅਤੇ ਫੈਸਲੇ ਲੈਣ ਲਈ ਯੋਗਤਾ ਬਖ਼ਸ਼ਦੀ ਹੈ। ਏ ਆਈ ਗਿਆਨ ਅਤੇ ਅੰਕੜਿਆਂ ਦੀ ਜਾਣਕਾਰੀ ਰਾਹੀਂ ਮਸ਼ੀਨਾਂ ਨੂੰ ਸਿਖਲਾਈ ਅਤੇ ਐਲਗੋਰਿਥਮ ਦੀ ਵਰਤੋਂ ਕਰਦੀਆਂ ਹਨ। ਐਲਗੋਰਿਥਮ ਕੰਪਿਊਟਰ ਜਾਂ ਰੋਬੋਟ ਨੂੰ ਸਿਖਾਉਣ ਲਈ ਵਰਤੀ ਜਾਂਦੀ ਇਕ ਪ੍ਰਕਿਰਿਆ ਹੈ। ਹਿਸਾਬ, ਸਾਇੰਸ, ਕੰਪਿਊਟਰ ਅਤੇ ਹੋਰ ਵਿਧਾਵਾਂ ਵਿਚ ਐਲਗੋਰਿਥਮ ਦਾ ਮਤਲਬ ਕਿਸੇ ਸਮੱਸਿਆ ਦੇ ਹੱਲ ਲਈ ਪ੍ਰੋਗਰਾਮ ਤਿਆਰ ਕਰਨਾ ਹੁੰਦਾ ਹੈ।''

ਕਮਾਲ ਸੀ, ਏ ਆਈ ਚੈਟ ਜੀ ਪੀ ਟੀ ਦਾ ਲਿਖਿਆ ਭਾਸ਼ਨ। ਹਾਲ ਤਾੜੀਆਂ ਨਾਲ ਗੂੰਜ ਉਠਿਆ ਸੀ। ਬੁਲਾਰੇ ਸੇਠ ਜੀ ਦੀ ਪ੍ਰਸ਼ੰਸਾ ਦੇ ਪੁਲ ਬੰਨ੍ਹ ਰਹੇ ਸਨ। ਮੈਂ ਅਤੇ ਵਿਵੇਕ ਜੋਸ਼ੀ ਸਰ ਵੀ ਹੱਕ ਵਿਚ ਬੋਲੇ ਸਾਂ। ਅਸੀਂ ਅਦਾਰੇ ਦੀਆਂ ਖੁਸ਼ੀਆਂ ਵਿਚ ਸ਼ਾਮਿਲ ਸਾਂ ਪਰ ਚੀਫ ਐਡੀਟਰ ਵਰਿੰਦਰ ਭਾਟੀਆ ਸਰ ਮੱਥੇ 'ਤੇ ਤਿਊੜੀ ਪਾਈ ਖੜ੍ਹੇ ਸਨ। ਜਨਰਲ ਮੈਨੇਜਰ ਵਿਜੈ ਸ਼ੇਖਰ ਮਿਸ਼ਰਾ ਸਰ ਨੇ ਉਹਨਾਂ ਦੀ ਸਪੀਚ ਲਈ ਨਾਂਅ ਬੋਲਿਆ ਸੀ। ਭਾਟੀਆ ਸਰ ਨੇ ਬੋਲਣ ਤੋਂ ਪਹਿਲਾਂ ਆਪਣੀ ਐਨਕ ਠੀਕ ਕੀਤੀ।

''ਅਸੀਂ ਸਾਰੇ ਜਾਣੇ-ਅਣਜਾਣੇ ਵਿਚ ਇਸ ਤਕਨਾਲੋਜੀ ਦੀ ਪ੍ਰਸ਼ੰਸਾ ਦੇ ਪੁਲ ਬੰਨ੍ਹੀ ਜਾ ਰਹੇ ਹਾਂ। ਮੈਨੂੰ ਲਗਦੈ, ਇਹਦਾ ਓਨਾ ਫਾਇਦਾ ਨ੍ਹੀਂ ਹੋਣਾ ਜਿੰਨਾ ਨੁਕਸਾਨ ਹੋਏਗਾ। ਅੱਗੇ ਹੀ ਦੇਸ਼ ਦੇ ਨੌਜਵਾਨ ਬੇਰੁਜ਼ਗਾਰੀ ਦੀ ਮਾਰ ਝੱਲ ਰਹੇ ਹਨ। ਇਹ ਵੱਡੀ ਗਿਣਤੀ ਵਿਚ ਉਨ੍ਹਾਂ ਦੀਆਂ ਨੌਕਰੀਆਂ ਖਾ ਜਾਏਗਾ। ਇਹ ਵੀ ਸੰਭਵ ਹੈ, ਆਉਣ ਵਾਲੇ ਸਮੇਂ ਵਿਚ ਇਹ ਪੂਰੀ ਮਨੁੱਖਤਾ ਨੂੰ ਆਪਣੇ ਅਧੀਨ ਕਰ ਲਵੇ।''

ਉਹ ਹੋ! ਚੀਫ਼ ਐਡੀਟਰ ਸਾਹਿਬ, ਇਹ ਕੀ ਕਹਿ ਬੈਠੇ। ਇਹ ਤਾਂ ਤੁਸੀਂ ਅਦਾਰੇ ਦੇ ਚੱਲ ਰਹੇ ਜਸ਼ਨਾਂ ਵਿਚ ਖਲਲ ਪਾ ਦਿੱਤਾ। ਮਾਲਕਾਂ ਲਈ ਤਾਂ ਇਹ ਸੁਭਾਗਾ ਦਿਨ ਮਸਾਂ ਆਇਆ ਸੀ। ... ਪਤਾ ਨਹੀਂ, ਸੇਠ ਜੀ ਨੇ ਚੀਫ ਸਾਹਿਬ ਨੂੰ ਕੀ ਕਿਹਾ ਸੀ? ਉਦਘਾਟਨ ਤੋਂ ਬਾਅਦ ਉਨ੍ਹਾਂ ਨੂੰ ਆਫਿਸ ਬੁਲਾਇਆ ਸੀ। ਉਹ ਜਦੋਂ ਬਾਹਰ ਨਿਕਲੇ, ਉਨ੍ਹਾਂ ਆਪਣਾ ਅਸਤੀਫਾ ਅਨਾਊਂਸ ਕਰ ਦਿੱਤਾ ਸੀ। ਇਹ ਤਾਂ ਮੈਨੂੰ ਪਤਾ, ਉਹਨਾਂ ਅਸਤੀਫ਼ਾ ਨਹੀਂ ਦਿੱਤਾ ਹੋਣਾ। ਸੇਠ ਜੀ ਨੇ ਲਿਆ ਹੋਣਾ ਪਰ ਸਰ ਦੇ ਚਿਹਰੇ 'ਤੇ ਕੋਈ ਗਮ ਜਾ ਸ਼ਿਕਨ ਨਹੀਂ ਸੀ। ਉਹ ਬੜੇ ਆਰਾਮ ਨਾਲ ਆਫਿਸ 'ਚੋਂ ਨਿਕਲੇ। ਉਨ੍ਹਾਂ ਨੂੰ ਪੱਤਰਕਾਰਾਂ ਨੇ ਘੇਰਾ ਪਾ ਲਿਆ ਸੀ। ਉਨ੍ਹਾਂ ਦੇ ਅਨੇਕਾਂ ਸਵਾਲ ਸਨ। ਉਨ੍ਹਾਂ ਬੜੇ ਠਰੰਮੇ ਨਾਲ ਉਹੀ ਕੁਝ ਕਿਹਾ, ਜੋ ਉਦਘਾਟਨ ਵੇਲੇ ਬੋਲੇ ਸਨ।

ਮੀਡੀਏ ਨੇ ਤਾਂ ਬਾਤ ਦਾ ਬਤੰਗੜ ਬਣਾ ਲਿਆ ਏ। ਸਾਡੇ ਅਦਾਰੇ ਵਲੋਂ ਤਾਂ ਇਕ ਹੀ ਖਬਰ ਗਈ ਸੀ, ਅਖਬਾਰ ਦੇ ਸਿਸਟਮ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਪ੍ਰੋਗਰਾਮ ਨਾਲ ਜੋੜਨ ਵਾਲੀ। ਬਿਜਨੈੱਸ ਹਾਊਸ ਵਾਲਿਆਂ ਦੇ ਪੰਜਾਹ ਟੈਕਟਸ ਹੁੰਦੇ ਹਨ। ਉਨ੍ਹਾਂ ਕਿਹੜੀ ਖਬਰ ਨੂੰ ਉਭਾਰਨਾ ਤੇ ਕਿਹੜੀ ਨੂੰ ਦਬਾਉਣਾ। ਅਦਾਰੇ ਦੀ ਕੋਸ਼ਿਸ਼ ਸੀ, ਉਨ੍ਹਾਂ ਦੇ ਨਵੇਂ ਪ੍ਰੋਗਰਾਮ 'ਤੇ ਮੀਡੀਆ ਖੁੱਲ੍ਹ ਕੇ ਗੱਲ ਕਰੇ। ... ਹਾਂ, ਮੀਡੀਆ ਲੱਗਾ ਵੀ ਹੋਇਆ। ਮੀਡੀਏ ਉੱਤੇ ਏ ਆਈ ਸੁਪਰ ਕੰਪਿਊਟਰ, ਮਸ਼ੀਨਾਂ ਅਤੇ ਰੋਬੋਟ ਛਾਏ ਪਏ ਹਨ। ਵੱਖ-ਵੱਖ ਚੈਨਲ ਇਨ੍ਹਾਂ ਬਾਰੇ ਚਰਚਾ ਕਰ ਰਹੇ ਹਨ।

ਭਾਵੇਂ ਸਾਡੇ ਅਦਾਰੇ ਵਲੋਂ ਬੜੀ ਪਲੈਨਿੰਗ ਨਾਲ ਇਕ ਹੀ ਖਬਰ ਨੂੰ ਉਭਾਰਿਆ ਜਾ ਰਿਹਾ ਸੀ ਪਰ ਦੂਜੀ ਖ਼ਬਰ ਦੱਬੀ ਨਹੀਂ ਰਹੀ ਸੀ। ਪੈਨਲ ਡਿਸਕਸ਼ਨਸ ਵਿਚ ਤਾਂ ਜ਼ੋਰ ਹੀ ਚੀਫ ਸਰ ਦੇ ਬੋਲਾਂ 'ਤੇ ਦਿੱਤਾ ਜਾ ਰਿਹਾ ਸੀ।

'ਏ ਆਈ ਤਕਨਾਲੋਜੀ ਤਾਂ ਵੱਡੇ ਪੱਧਰ 'ਤੇ ਨੌਕਰੀਆਂ ਖਾ ਜਾਏਗੀ। ਦੇਸ਼ ਦਾ ਨੌਜਵਾਨ ਕਿਧਰ ਜਾਏਗਾ? ਸਰਕਾਰ ਵਿਰੁੱਧ ਬਗਾਵਤ ਹੋ ਜਾਵੇਗੀ। ਫੈਕਟਰੀਆਂ ਦੇ ਵਿਚ ਏ ਆਈ ਸਵੈ-ਚਾਲਿਤ ਮਸ਼ੀਨਾਂ ਆ ਰਹੀਆਂ ਹਨ। ਉਹ ਮਜ਼ਦੂਰਾਂ ਦੀ ਜਗ੍ਹਾ ਲੈ ਲੈਣਗੀਆਂ। ਮਜ਼ਦੂਰ ਕਿੱਥੋਂ ਰੋਟੀ ਖਾਏਗਾ? ਜੇ ਸਵੈ-

ਚਾਲਿਤ ਕਾਰਾਂ, ਗੱਡੀਆਂ ਅਤੇ ਟਰੱਕ ਸੜਕਾਂ ’ਤੇ ਆ ਗਏ। ਡਰਾਈਵਰ ਸੜਕਾਂ ’ਤੇ ਖਾਲੀ ਢਿੱਡ ਵਜਾਉਣਗੇ। ਅੱਗੇ ਨੌਜਵਾਨ ਮਹਿੰਗੀਆਂ ਪ੍ਰਾਈਵੇਟ ਪੜ੍ਹਾਈਆਂ ਕਰ ਕੇ ਵਿਹਲੇ ਫਿਰ ਰਹੇ ਹਨ। ਉਨ੍ਹਾਂ ਵਿਚੋਂ ਕੋਈ ਨਸ਼ੇ ਕਰ ਰਿਹਾ ਹੈ ਤੇ ਕੋਈ...। ਬਹੁਤੇ ਪਰਦੇਸ ਨੂੰ ਭੱਜੇ ਹੋਏ ਹਨ।’ ਵਿਦਵਾਨਾਂ ਦੀ ਬਹਿਸ ਸੁਣ ਕੇ ਮੈਂ ਵੀ ਚਿੰਤਤ ਹੋ ਗਿਆ ਹਾਂ।

‘ਇਹ ਸੱਭਿਆਚਾਰ ਨੂੰ ਗਲਤ ਜਾਂ ਅਧੂਰਾ ਪੇਸ਼ ਕਰ ਸਕਦਾ ਹੈ। ਇਹ ਸਾਡੇ ਸੱਭਿਆਚਾਰਾਂ ਦੀ ਵੰਨ-ਸੁਵੰਨਤਾ ਨੂੰ ਖਤਮ ਕਰ ਦਏਗਾ। ਇਹ ਸਰਕਾਰੀ ਬੋਲੀ ਬੋਲੇਗਾ। ਕਾਰਪੋਰੇਟ ਦੇ ਹੱਕ ਵਿਚ ਭੁਗਤੇਗਾ। ਇਹ ਪੱਖਪਾਤੀ ਵਿਚਾਰਾਂ ਨੂੰ ਉਤਸਾਹਿਤ ਕਰੇਗਾ। ਜੇ ਏ ਆਈ ਅਲਗੋਰਿਥਮ ਨਿਰਪੱਖ ਅਤੇ ਵਿਸਤਾਰਿਤ ਡੈਟਾ ਅਧਾਰਤ ਤਿਆਰ ਨਹੀਂ ਕੀਤੇ ਗਏ ਤਾਂ ਉਹ ਮੌਜੂਦਾ ਵਿਤਕਰਿਆਂ ਜਾਂ ਸਬੰਧਿਤ ਸੱਭਿਆਚਾਰਕ ਸਮੂਹਾਂ ਵਿਰੁੱਧ ਪੱਖਪਾਤੀ ਰੁਝਾਨ ਨੂੰ ਵਧੇਰੇ ਸ਼ਕਤੀਸ਼ਾਲੀ ਬਣਾ ਸਕਦੇ ਹਨ।’ ਇਹ ਪੱਖ ਤਾਂ ਮੈਨੂੰ ਹੋਰ ਵੀ ਖ਼ਤਰਨਾਕ ਲੱਗਿਆ। ਮੈਂ ਅਗਲਾ ਚੈਨਲ ਲਾਇਆ ਏ।

‘ਏ ਆਈ ਵਿਚ ਨਿਊਰਲ ਨੈਟਵਰਕ ਸਿਸਟਮ ਹੁੰਦੇ ਹਨ ਜੋ ਮਨੁੱਖੀ ਦਿਮਾਗ ਵਾਂਗ ਹੁੰਦੇ ਹਨ। ਉਹ ਏ ਆਈ ਨੂੰ ਅਨੁਭਵ ਤੋਂ ਸਿੱਖਣ ਦੇ ਯੋਗ ਬਣਾਉਂਦੇ ਹਨ। ਜੇ ਅਸੀਂ ਕੰਪਿਊਟਰਾਂ ਨੂੰ ਆਪਣੇ ਨਾਲੋ ਜਿਆਦਾ ਹੁਸ਼ਿਆਰ ਬਣਾ ਲੈਂਦੇ ਹਾਂ ਤਾਂ ਕੀ ਪਤਾ ਇਹ ਸੰਸਾਰ ਨੂੰ ਕੰਟਰੋਲ ਕਰ ਲੈਣ। ਮਾਨਵ ਜਾਤੀ ਨੂੰ ਆਪਣੇ ਅਧੀਨ ਕਰ ਲੈਣ।’

‘ਦੋਸਤੋ, ਕੁਝ ਨਹੀਂ ਹੋਏਗਾ। ਨਾ ਇਹ ਸੰਸਾਰ ਨੂੰ ਕੰਟਰੋਲ ਕਰ ਸਕੇਗਾ ਤੇ ਨਾ ਹੀ ਮਨੁੱਖ ਨੂੰ ਗੁਲਾਮ ਬਣਾ ਸਕੇਗਾ। ਇਹ ਸਾਰਾ ਰੌਲਾ ਕੁਝ ਖੱਬੇ ਪੱਖੀਆਂ ਨੇ ਪਾਇਆ ਹੋਇਆ ਹੈ। ਜਦੋਂ ਕੰਪਿਊਟਰ ਆਇਆ ਸੀ, ਉਦੋਂ ਵੀ ਇਹ ਕਹਿੰਦੇ ਸੀ ਰੁਜ਼ਗਾਰ ਖਤਮ ਹੋ ਜਾਏਗਾ। ਜੇ ਕੁਝ ਰੁਜ਼ਗਾਰ ਖਤਮ ਹੋ ਗਏ ਤਾਂ ਕੁਝ ਨਵੇਂ ਵੀ ਪੈਦਾ ਹੋਏ। ਹੁਣ ਵੀ ਇਵੇਂ ਹੋਏਗਾ। ਹਾਂ, ਕੁਝ ਰੁਜ਼ਗਾਰ ਘੱਟ ਸਕਦਾ ਹੈ। ਆਧੁਨਿਕ ਹੋਣ ਲਈ, ਤਰੱਕੀ ਕਰਨ ਲਈ, ਅੱਗੇ ਵਧਣ ਲਈ ਅਤੇ ਦੇਸ਼ ਲਈ ਕੁਝ ਖੋਚਣਾ ਵੀ ਪੈਂਦਾ ਹੈ। ਵਰਿੰਦਰ ਭਾਟੀਆ...। ਉਹਨੇ ਤਾਂ ਵਿਆਹ ਵਿਚ ਬੀਅ ਦਾ ਲੇਖਾ ਪਾਉਣਾ ਹੀ ਹੋਇਆ।’ ਪਾਇਥਾਗੋਰਸ ਚੈਨਲ ਇਸ ਵਰਤਾਰੇ ਦੇ ਪੱਖ ਵਿਚ ਬੋਲ ਰਿਹਾ ਹੈ। ਮੈਂ ਨੀਝ ਲਾ ਕੇ ਇਸ ਚੈਨਲ ਦੀ ਬਹਿਸ ਨੂੰ ਅੱਗੇ ਸੁਣਨ ਲੱਗਾ।

‘ਇਹ ਤਾਂ ਕਾਰਪੋਰੇਟਾਂ ਵਲੋਂ ਏ ਆਈ ਨੂੰ ਪਾਪੂਲਰ ਕਰਨ ਦਾ ਇਕ ਤਰੀਕਾ ਹੈ। ਜਦੋਂ ਵੀ ਕੋਈ ਨਵੀਂ ਤਕਨਾਲੋਜੀ ਆਉਣੀ ਹੁੰਦੀ ਹੈ। ਉਸ ਦਾ ਵਿਰੋਧ ਸੰਭਵ ਹੈ। ਕਿਉਂਕਿ ਉਸ ਨੇ ਪੁਰਾਣੀ ਦੀ ਜਗ੍ਹਾ ਲੈਣੀ ਹੁੰਦੀ ਹੈ। ਪੁਰਾਣੇ ਵਾਲਿਆਂ ਨੇ ਰੌਲਾ ਪਾਉਣਾ ਹੀ ਹੁੰਦਾ ਹੈ। ਮੈਂ ਵਿਗਿਆਨੀ ਹਾਂ ਤੇ ਦਾਅਵੇ ਨਾਲ ਕਹਿੰਦਾ ਹਾਂ, ਏ ਆਈ ਮਾਨਵੀ ਦਿਮਾਗ ਤੋਂ ਅੱਗੇ ਨਹੀਂ ਜਾ ਸਕਦਾ।’ ਪਾਇਥਾਗੋਰਸ ਚੈਨਲ ਦੇ ਪੈਨਲ ਦੀ ਬਹਿਸ ਸੁਣ ਕੇ ਮੇਰਾ ਸਾਹ ਵਿਚ ਸਾਹ ਆਇਆ ਹੈ।

ਅਖਬਾਰਾਂ ਅਤੇ ਚੈਨਲਾਂ ਦੀ ਇਹ ਬਹਿਸ ਕਦੇ ਨਹੀਂ ਮੁੱਕੀ। ਇਸ ਮੁੱਦੇ ’ਤੇ ਗੱਲ ਕੱਲ੍ਹ ਵੀ ਹੋ ਰਹੀ ਸੀ ਤੇ ਅੱਜ ਵੀ ਜਾਰੀ ਹੈ। ਸਾਡੀ ’ਸ਼ਿਵਾਲਕ ਟਾਈਮਜ਼’ ਦੀ ਇਮਾਰਤ ਤਿੰਨ ਮੰਜਲੀ ਹੈ। ਗਰਾਊਂਡ ਫਲੋਰ ’ਤੇ ਪ੍ਰਿੰਟਿੰਗ ਨਾਲ ਸਬੰਧਤ ਸਾਰੀ ਮਸ਼ੀਨਰੀ ਪਈ ਹੈ। ਇਥੇ ਤਿੰਨੋ ਅਖਬਾਰਾਂ ਛਪਦੀਆਂ ਹਨ। ਨਿਊਜ਼ ਲਾਈਨ, ਸਰਕੂਲੇਸ਼ਨ, ਅਕਾਊਂਟਸ ਅਤੇ ਆਈ ਟੀ ਦਾ ਸਾਰਾ ਕੰਮ ਇਥੇ ਹੁੰਦਾ ਹੈ। ਫਸਟ ਫਲੋਰ ’ਤੇ ਤਿੰਨਾਂ ਭਾਸ਼ਾਵਾਂ ਦੇ ਸਬ ਐਡੀਟਰ ਨਿਊਜ਼ ਅਤੇ ਵੱਖ-ਵੱਖ ਪੇਜ ਤਿਆਰ ਕਰਦੇ ਹਨ। ਇਥੇ ਹੀ ਨਿਊਜ਼ ਸੈਕਸ਼ਨ ਦਾ ਸਮੁੱਚਾ ਸਟਾਫ ਕਾਰਜ ਕਰਦਾ ਹੈ। ਟਾਈਪ, ਪਰੂਫ ਰੀਡਰ, ਸਕੈਨਿੰਗ, ਬਿਲਿੰਗ, ਮੈਗਜ਼ੀਨ ਸੈਕਸ਼ਨ ਅਤੇ ਬਾਕੀ ਐਡੀਟੋਰੀਅਲ ਦੇ ਸੈਕਸ਼ਨ ਇਥੇ ਹੀ ਹਨ। ਦੂਜੀ ਮੰਜਿਲ ’ਤੇ ਹਿਊਮਿਨ ਰਿਸੋਰਸਿਜ਼ ਡਿਪਾਰਮੈਂਟ ਹੈ। ਕਾਨਫਰੰਸ ਹਾਲ, ਐਡੀਟਰਜ਼ ਤੇ ਚੀਫ ਐਡੀਟਰ ਰੂਮਜ, ਜੀ ਐਮ ਆਫਿਸ ਅਤੇ ਕੰਟੀਨ ਇਥੇ ਹੀ ਹਨ।

ਦਫਤਰ ਦੀ ਐਂਟਰੀ ’ਤੇ ਕਦੇ ਇਕ ਮੁਲਾਜਮ ਪੁੱਛ-ਗਿੱਛ ਰੂਮ ਵਿਚ ਬੈਠਦਾ ਸੀ ਤੇ ਦੂਜਾ ਅਮਲੇ ਫੈਲੇ ਦੀ ਹਾਜ਼ਰੀ ਲਈ ਹਾਜ਼ਰ ਹੁੰਦਾ ਸੀ। ਇਹ ਅੱਠ-ਅੱਠ ਘੰਟੇ ਦੀ ਡਿਊਟੀ ਬਾਅਦ ਬਦਲ ਜਾਂਦੇ ਸਨ। ਹੁਣ ਇਨ੍ਹਾਂ ਛੇ ਮੁਲਾਜ਼ਮਾਂ ਦੀ ਜਗ੍ਹਾ ਪੁੱਛ-ਗਿੱਛ ਵਾਲੇ ਪਾਸੇ ਇਕ ਰੋਬੋਟ ਬੈਠਾ ਹੈ।

‘ਮੈਂ ਤੁਹਾਡਾ ਸਵਾਗਤ ਕਰਦਾ ਹਾਂ। ਮੈਂ ਤੁਹਾਡੀ ਕੀ ਮਦਦ ਕਰ ਸਕਦਾ ਹਾਂ?’ ਇਹ ਇਕ ਹੀ ਰੋਬੋਟ ਚੌਵੀ ਘੰਟੇ ਡਿਊਟੀ ਦਿੰਦਾ ਹੈ। ਨਾ ਅੱਕਦਾ ਹੈ, ਨਾ ਥੱਕਦਾ ਹੈ।

ਅਸੀਂ ਹਾਜ਼ਰੀ ਲਾਉਣ ਲਈ ਸਾਰੇ ਮੁਲਾਜ਼ਮ ਆਪਣੇ ਮੋਬਾਇਲ ’ਤੇ ਸਕੈਨ ਕੀਤਾ ਹੋਇਆ ਗੂਗਲ ਫਾਰਮ ਖੋਲ੍ਹਦੇ ਹਾਂ। ਅਸੀਂ ਕਿਊ ਆਰ ਕੋਡ ਨੂੰ ਆਪਣੇ ਮੋਬਾਈਲ ਫੋਨ ’ਤੇ ਸਕੈਨ ਕਰ ਕੇ ਦਾਖ਼ਲ ਹੁੰਦੇ ਹਾਂ। ਪਹਿਲਾਂ ਚਾਰ ਸੁਰੱਖਿਆ ਕਰਮੀ ਅੱਠ ਘੰਟੇ ਲਈ ਡਿਊਟੀ ’ਤੇ ਤਾਇਨਾਤ ਰਹਿੰਦੇ ਸਨ। ਇਹ ਬਾਰਾਂ ਮੁਲਾਜ਼ਮ ਸਨ। ਹੁਣ ਇਥੇ ਇਕ ਹੀ ਰੋਬੋਟ ਜਾਮਾ ਤਲਾਸ਼ੀ ਲੈਂਦਾ ਹੈ। ਉਹ ਹੀ ਸਾਨੂੰ ਸਕੈਨਰ ਵਿਚੋਂ ਲੰਘਾਉਂਦਾ ਹੈ। ਇਸ ਤਰ੍ਹਾਂ ਹੌਲੀ-ਹੌਲੀ ਇਥੋਂ ਮਾਨਵ ਮੁਲਾਜਮਾਂ ਦੀ ਛੁੱਟੀ ਕਰ ਦਿੱਤੀ ਗਈ ਹੈ। ਕਦੀ ਅਖਬਾਰ ਲਈ ਪੰਜ ਸੌ ਤੋਂ ਜ਼ਿਆਦਾ ਮਾਨਵ ਮੁਲਾਜ਼ਮ ਸਨ। ਹੁਣ ਸੌ ਵੀ ਘੱਟ ਹਨ। ਅੰਕੜਾ ਵਿਸ਼ਲੇਸ਼ਕਾਂ, ਕੰਪਿਊਟਰ ਪ੍ਰੋਗਰਾਮਰ, ਗ੍ਰਾਫਿਕ ਡਿਜਾਇਨਰ,

ਸਾਫਟਵੇਅਰ ਇੰਜੀਨੀਅਰ, ਕਾਨੂੰਨੀ ਸਲਾਹਕਾਰ, ਤਕਨੀਕੀ ਲੇਖਕ, ਅਨੁਵਾਦਕ, ਪਰੂਫ ਰੀਡਰ, ਟਾਈਪਿਸਟ, ਵੀਡਿਓ ਸੰਪਾਦਨ ਅਤੇ ਵਿੱਤੀ ਸਲਾਹਕਾਰ ਜਿਹੇ ਸੈਕਸ਼ਨ ਖਤਮ ਕਰ ਦਿੱਤੇ ਗਏ ਹਨ ਅਤੇ ਇਹ ਕੰਮ ਏ ਆਈ ਨੇ ਸੰਭਾਲ ਲਏ ਹਨ।

ਲੇਬਰ ਦਾ ਕੰਮ ਵੀ ਰੋਬੋਟਾਂ ਨੇ ਸੰਭਾਲ ਲਿਆ ਹੈ। ਟਰੱਕਾਂ ਦੇ ਟਰੱਕ ਭਰ ਕੇ ਪੇਪਰ ਆਉਂਦੇ ਹਨ। ਉਨ੍ਹਾਂ ਨੂੰ ਲੈ ਕੇ ਆਉਣਾ, ਸਟੋਰ ਕਰਨਾ, ਪ੍ਰਿੰਟਿੰਗ ਪਿੱਛੋਂ ਅਖਬਾਰ ਦੇ ਬੰਡਲ ਬਣਾਉਣੇ ਅਤੇ ਟੈਂਪੂਆਂ ਵਿਚ ਲੱਦਣ ਆਦਿ ਦਾ ਜ਼ਿਮਾ ਰੋਬੋਟ ਨਿਭਾ ਰਹੇ ਹਨ। ਇਕ ਮਾਨਵ ਕਾਮਾ ਬਟਨ ਦੱਬਦਾ ਹੈ। ਬਾਕੀ ਸਾਰੇ ਕੰਮ ਏ ਆਈ ਮਸ਼ੀਨਾਂ ਕਰਨ ਲੱਗ ਪੈਂਦੀਆਂ ਹਨ। ਰੋਬੋਟ ਆਟੋਮੈਟਿਕ ਮਸ਼ੀਨਾਂ ਵਿਚ ਕਾਗਜਾਂ ਦੇ ਵੱਡੇ-ਵੱਡੇ ਰੋਲ ਰੱਖਦਾ ਹੈ। ਸਿਆਹੀ ਵੀ ਉਹ ਹੀ ਪਾਉਂਦਾ ਹੈ ਸਵੈ-ਚਾਲਕ ਮਸ਼ੀਨ ਨੂੰ ਜਿਉਂ ਹੀ ਮਾਨਵ ਕਮਾਂਡ ਦਿੰਦਾ ਹੈ। ਆਪਣੇ ਆਪ ਛਾਪਾ ਲੱਗਣਾ ਸ਼ੁਰੂ ਹੋ ਜਾਂਦਾ ਹੈ। ਪੇਪਰ ਦੀ ਫਾਰਮੈਟਿੰਗ ਅਤੇ ਡਿਜਾਇਨਿੰਗ ਵੀ ਮਸ਼ੀਨਾਂ ਨਾਲੋ ਨਾਲ ਕਰੀ ਜਾਂਦੀਆਂ ਹਨ। ਮਸ਼ੀਨ ਆਪ ਹੀ ਫੋਟੋ ਦੀ ਸੈਟਿੰਗ ਕਰ ਲੈਂਦੀ ਹੈ, ਫੋਟੋ ਦਾ ਸਾਈਜ਼ ਅਤੇ ਕਲਰ ਵਿਚ ਵਾਧਾ ਘਾਟਾ ਵੀ ਆਪ ਹੀ ਕਰੀ ਜਾਂਦੀ ਹੈ। ਕਿੰਨੀ ਪਿਕਸਲ ਵਾਲੀ ਫੋਟੋ ਲਾਉਣੀ ਹੈ, ਉਹ ਆਟੋਮੈਟੀਕਲੀ ਫੈਸਲਾ ਲੈ ਲੈਂਦੀ ਹੈ।

'ਸੰਪਾਦਕ ਭਰਾਓ, ਹੁਣ ਤਾਂ ਸੰਪਾਦਕੀ ਨੀਤੀਆਂ ਵਿਚ ਤੁਹਾਡੀ ਲੋੜ ਰਹਿ ਗਈ। ਕਿਹੜੀ ਖਬਰ ਲਾਉਣੀ ਹੈ ਤੇ ਕਿਹੜੀ ਨਹੀਂ। ਕਿਹੜੀ ਰਾਜਨੀਤਕ ਵਿਚਾਰਧਾਰਾ ਨੂੰ ਫੈਲਾਉਂਣਾ। ਇਹ ਫੈਸਲਾ ਤੁਸੀਂ ਕਰਦੇ ਹੋ। ਬਾਕੀ ਕੰਮ ਤਾਂ ਮਸ਼ੀਨਾਂ ਕਰੀ ਜਾਂਦੀਆਂ। ਲਗਦੈ, ਆਉਣ ਵਾਲੇ ਸਮੇਂ ਵਿਚ ਇਹ ਕੰਮ ਵੀ ਮਸ਼ੀਨਾਂ ਨੇ ਤੁਹਾਥੋਂ ਖੋਹ ਲੈਣਾ।' ਜੀ ਐਮ ਮਿਸ਼ਰਾ ਖਸਿਆਨੀ ਹਾਸੀ ਹੱਸੇ।

'ਮਿਸ਼ਰਾ ਸਰ, ਧਨਾਢਾਂ ਦੇ ਲਾਲਚ ਵਧ ਗਏ, ਫਿਰ ਮਨੁੱਖੀ ਕਿਰਤ ਦਾ ਨੁਕਸਾਨ ਤਾਂ ਹੋਣਾ ਹੀ ਹੋਇਆ। ਲਾਲਚ ਤਕਨਾਲੋਜੀ ਤੇ ਵਿਗਿਆਨ ਨੂੰ ਬਦਨਾਮ ਕਰਦੈ।' ਮੇਰੇ ਤੋਂ ਰਿਹਾ ਨਾ ਗਿਆ। ਸਗੋਂ ਮੈਂ ਹੋਰ ਵੀ ਕੁਝ ਕਿਹਾ-

'ਚੈਟ ਜੀ ਪੀ ਟੀ ਜਿਹੇ ਏ ਆਈ ਸੰਦ ਮਨੁੱਖ ਵਲੋਂ ਵਿਕਸਤ ਕੀਤੀ ਤਕਨੀਕ ਦੇ ਇਕ ਨਵੇਂ ਦੌਰ ਦੀ ਸ਼ੁਰੂਆਤ ਦੇ ਸੂਚਕ ਤਾਂ ਕਹੇ ਜਾ ਸਕਦੇ ਹਨ ਪਰ ਇਨ੍ਹਾਂ ਤੋਂ ਮਨੁੱਖ ਦਾ ਕੰਟਰੋਲ ਜਾਂਦਾ ਲੱਗੇਗਾ ਜਾਂ ਬੰਦੇ ਨੂੰ ਅਧੀਨ ਕਰ ਲੈਣਗੇ। ਇਹ ਬਹੁਤ ਔਖਾ ਲਗਦਾ। ਇਹ ਮਨੁੱਖੀ ਕਿਰਤ ਦੀ ਲੋੜ ਨੂੰ ਖਤਮ ਕਰ ਸਕਦਾ ਹੈ ਪਰ ਇਹ ਪੈਦਾਵਾਰ ਵਿਚ ਕਿਰਤ ਦੀ ਲੋੜ ਨੂੰ ਅੱਖੋਂ ਪਰੋਖੇ ਨਹੀਂ ਕਰ ਸਕਦਾ।'

ਮੈਂ ਕਹਿ ਤਾਂ ਕਈ ਕੁਝ ਦਿੱਤਾ ਸੀ ਪਰ ਹਾਲਾਤ ਸਾਹਮਣੇ ਹੀ ਸਨ। ਸੁਪਰ ਕੰਪਿਊਟਰ ਦਾ ਪਾਰਦਰਸ਼ਤਾ ਵਾਲਾ ਕੰਮ ਵੀ ਦਿਸਦਾ ਸੀ ਤੇ ਤੇਜ਼ੀ ਵੀ। ਮਸ਼ੀਨਾਂ ਤਾਂ ਬੰਦਿਆਂ ਨੂੰ ਮਾਤ ਪਾ ਰਹੀਆਂ ਸਨ। ਰੋਬੋਟਾਂ ਤੋਂ ਜਿੰਨਾ ਮਰਜੀ ਕੰਮ ਕਰਾਈ ਜਾਵੋ। ਇਨ੍ਹਾਂ ਕਿਹੜਾ ਥੱਕਣਾ ਸੀ। ਅਪਡੇਸ਼ਨ ਮੰਗਦੇ ਤਾਂ ਕੰਪਨੀ ਦੇ ਇੰਜੀਨੀਅਰ ਝੱਟ ਕਰ ਜਾਂਦੇ। ਖਬਰ ਆਈ ਸੀ, ਹੋਰ ਨਿਊਜ਼ ਗਰੁੱਪ ਵੀ ਇਸੇ ਰਾਹ ਪੈਣ ਲਈ ਕਾਹਲੇ ਸਨ। ਇਵੇਂ ਲੱਗਣ ਲੱਗ ਪਿਆ ਸੀ ਜਿਵੇਂ ਪੂਰੇ ਮੁਲਕ ਵਿਚ ਏ ਆਈ ਦੀ ਹਨ੍ਹੇਰੀ ਆਉਣ ਵਾਲੀ ਏ।

ਹਨ੍ਹੇਰੀ ਝੱਖੜ ਤਾਂ ਪੂਰੇ ਸੂਬੇ ਵਿਚ ਝੁੱਲ ਰਿਹਾ ਹੈ। ਐਨੀ ਜ਼ੋਰ ਦੀ ਤੂਫ਼ਾਨ ਆਇਆ ਹੋਇਆ ਹੈ, ਸਭ ਕੁਝ ਉਪਰ ਥੱਲੇ ਕਰੀ ਜਾ ਰਿਹਾ। ਸੜਕਾਂ 'ਤੇ ਦਰੱਖਤ-ਖੰਬੇ ਡਿੱਗੇ ਪਏ ਹਨ। ਚਾਰੇ ਪਾਸੇ ਮਿੱਟੀ ਘੱਟਾ ਹੋਇਆ ਪਿਆ। ਕੁਝ ਦਿਖ ਨਹੀਂ ਰਿਹਾ।ਬਸ ਦੋ ਤਿੰਨ ਘੰਟੇ ਵਿਚ ਸਭ ਕੁਝ ਮਲੀਆਮੇਟ ਕਰ ਗਿਆ ਹੈ। ਫੇਰ ਇਕ ਦਮ ਕਾਲੇ-ਕਾਲੇ ਬੱਦਲ ਛਾ ਗਏ ਹਨ। ਧਰਤੀ 'ਤੇ ਘੁੱਪ ਹਨ੍ਹੇਰਾ ਛਾ ਗਿਆ ਹੈ। ਮਿੰਟਾਂ ਵਿਚ ਹੀ ਮੋਟੇ-ਮੋਟੇ ਕਿਣੇ ਡਿੱਗਣ ਲੱਗ ਪਏ ਹਨ। ਘਨਘੋਰ ਬੱਦਲ ਫਟਣ ਲੱਗੇ ਹਨ। ਜ਼ੋਰ ਦਾ ਮੀਂਹ ਆ ਗਿਆ ਹੈ।

...ਚਾਰ ਦਿਨ ਹੋ ਗਏ ਹਨ, ਲਗਾਤਾਰ ਭਰਵਾਂ ਮੀਂਹ ਪੈਂਦੇ ਨੂੰ। ਇਸ ਕਮਬਖ਼ਤ ਨੇ ਇਕ ਮਿੰਟ ਵੀ ਰੁਕਣ ਦਾ ਨਾਂਅ ਨਹੀਂ ਲਿਆ। ਰਜਵੇਂ ਮੀਂਹ ਕਾਰਨ ਸੂਬੇ ਦੇ ਬਰਸਾਤੀ ਨਾਲੇ, ਚੋਅ ਤੇ ਦਰਿਆਵਾਂ ਵਿਚ ਪਾਣੀ ਚੜ੍ਹਨ ਦੀਆਂ ਰੋਜ਼ ਖਬਰਾਂ ਛਾਪਦੇ ਹਾਂ। ਸੜਕਾਂ, ਗਲੀਆਂ, ਨਾਲੀਆਂ, ਮੁਹੱਲੇ, ਪਿੰਡ ਅਤੇ ਛੱਪੜ ਪਾਣੀ ਵਿਚ ਡੁੱਬ ਗਏ ਹਨ। ਲੋਕਾਂ ਦੀਆਂ ਦੁਕਾਨਾਂ ਅਤੇ ਘਰਾਂ ਵਿਚ ਪਾਣੀ ਦਾਖ਼ਲ ਹੋ ਗਿਆ ਹੈ। ਪਹਾੜਾਂ ਵਿਚ ਪੈ ਰਹੇ ਮੀਂਹ ਕਾਰਨ ਸਭ ਹੱਦਾਂ ਬੰਨ੍ਹੇ ਤੋੜ ਕੇ ਪਾਣੀ ਮੈਦਾਨਾਂ ਵੱਲ ਨੂੰ ਭੱਜਾ ਆ ਰਿਹਾ ਹੈ। ਇਸ ਨਾਲ ਹਾਈਵੇ ਦਾ ਵੱਡਾ ਹਿੱਸਾ ਪਾਣੀ ਵਿਚ ਰੁੜ੍ਹ ਗਿਆ ਹੈ। ਨੈਸ਼ਨਲ ਹਾਈਵੇ ਦੇ ਪਹਾੜ ਵਾਲੇ ਪਾਸੇ ਦਾ ਸਾਰਾ ਪਾਣੀ ਮਾਰੋ ਮਾਰ ਕਰਦਾ ਸ਼ਹਿਰ ਵਿਚ ਆ ਵੜਿਆ ਹੈ। ਨੈਸ਼ਨਲ ਹਾਈਵੇ 'ਤੇ ਦੋ ਸੁਰੰਗਾਂ ਨੂੰ ਜੋੜਦੀ ਸੜਕ ਢਿੱਗਾਂ ਡਿਗਣ ਕਾਰਨ ਧੱਸ ਗਈ ਹੈ। ਪ੍ਰਸ਼ਾਸਨ ਨੇ ਇਸ ਮਾਰਗ 'ਤੇ ਆਵਾਜਾਈ ਬੰਦ ਕਰ ਦਿੱਤੀ ਹੈ।

ਅਸੀਂ ਪਲ-ਪਲ ਦੀ ਖ਼ਬਰ ਵੈੱਬ ਟੀ.ਵੀ. ਰਾਹੀਂ ਵੀ ਦਰਸ਼ਕਾਂ ਤੱਕ ਪੁੱਜਦੀ ਕਰ ਰਹੇ ਹਾਂ। ਪੱਤਰ ਪ੍ਰੇਰਕਾਂ ਦੀਆਂ ਭੇਜੀਆਂ ਖਬਰਾਂ ਵਿਸਥਾਰ ਨਾਲ ਅਖ਼ਬਾਰ ਵਿਚ ਛਾਪਦੇ ਹਾਂ। ਸਾਡੇ ਅਦਾਰੇ ਦੀ ਖ਼ਬਰ ਸਭ ਤੋਂ ਪਹਿਲਾਂ ਫਲੈਸ਼ ਹੁੰਦੀ ਹੈ। ਭਾਰੀ ਮੀਂਹ ਕਾਰਨ ਸੂਬੇ ਦੇ ਕਈ ਖੇਤਰਾਂ ਦਾ ਸੰਪਰਕ ਆਪਸ ਵਿਚ ਟੁੱਟ ਗਿਆ ਹੈ। ਬਾਕੀ ਸ਼ਹਿਰਾਂ ਵਾਂਗ ਸਾਡੇ ਸ਼ਹਿਰ ਵਿਚ ਵੀ ਜਲਥਲ ਹੋ ਗਈ ਹੈ। ਪਾਣੀ ਦੀ ਨਿਕਾਸੀ ਦਾ ਢੁੱਕਵਾਂ ਪ੍ਰਬੰਧ ਨਾ ਹੋਣ ਕਰ ਕੇ ਸ਼ਹਿਰਾਂ ਦੀਆਂ ਗਲੀਆਂ ਅਤੇ ਬਾਜ਼ਾਰਾਂ ਵਿਚ

ਪਾਣੀ ਭਰ ਗਿਆ ਹੈ। ਸਾਡੀ ਪਾਰਕਿੰਗ ਅਤੇ ਗਰਾਊਂਡ ਫਲੋਰ ਇਮਾਰਤ ਦੇ ਅੰਦਰ ਪਾਣੀ ਵੜ ਗਿਆ ਹੈ।

ਨਹਿਰ ਵਿਚ ਪਾੜ ਪੈਣ ਨਾਲ ਹੋਰ ਪਾਣੀ ਖੇਤਾਂ, ਘਰਾਂ, ਦੁਕਾਨਾਂ ਅਤੇ ਦਫਤਰਾਂ ਵਿਚ ਆ ਵੜਿਆ ਹੈ। ਨਦੀਆਂ ਨਾਲੇ ਖਤਰੇ ਦੇ ਨਿਸ਼ਾਨ ਤੋਂ ਉਪਰ ਚੱਲ ਰਹੇ ਹਨ। ਪਿਛਲੇ ਅਠਤਾਲੀ ਘੰਟਿਆਂ ਤੋਂ ਤਾਂ ਪੰਜਾਬ ਸਣੇ ਉੱਤਰੀ ਭਾਰਤ 'ਚ ਪੈ ਰਹੇ ਮੋਹਲੇਧਾਰ ਮੀਂਹ ਨੇ ਭਾਰੀ ਤਬਾਹੀ ਮਚਾਈ ਹੈ। ਭਾਰੀ ਮੀਂਹਾਂ ਅਤੇ ਢਿੱਗਾਂ ਡਿੱਗਣ ਕਾਰਨ ਸੰਤਾਲੀ ਵਿਅਕਤੀਆਂ ਦੀ ਮੌਤ ਹੋ ਗਈ ਹੈ। ਕਈ ਸੈਂਕੜੇ ਪਸ਼ੂ ਮਰ ਗਏ ਹਨ। ਪੰਛੀਆਂ ਦੇ ਮਰਨ ਦੀ ਗਿਣਤੀ ਦਾ ਕੋਈ ਅੰਦਾਜ਼ਾ ਨਹੀਂ। ਪਾਣੀ ਕਮਰਿਆਂ ਅੰਦਰ ਛੇ-ਛੇ, ਸੱਤ-ਸੱਤ ਫੁੱਟ ਤੱਕ ਵੜ ਗਿਆ ਹੈ। ਜਿਲ੍ਹਾ ਪ੍ਰਸ਼ਾਸਨ ਨੇ ਲੋਕਾਂ ਦੀ ਹਿਫ਼ਾਜ਼ਤ ਲਈ ਫੌਜ ਸੱਦ ਲਈ ਹੈ।

'ਪਹਾੜੀ ਇਲਾਕੇ ਵਿਚ ਚਲਦੇ ਨਜਾਇਜ਼ ਖਣਨ ਨੇ ਖੱਡਾਂ ਅਤੇ ਚੋਆਂ ਦੇ ਕੁਦਰਤੀ ਰਸਤੇ ਬਦਲ ਦਿੱਤੇ ਹਨ। ਜਿਸ ਨਾਲ ਖੇਡਾਂ ਦੇ ਪਾਣੀਆਂ ਨੇ ਤਬਾਹੀ ਦੇ ਮੰਜਰ ਪੈਦਾ ਕਰ ਦਿੱਤੇ ਹਨ। ਜਿਉਂ ਹੀ ਅਸੀਂ ਇਹ ਖੋਜੀ ਸਟੋਰੀ ਪ੍ਰਸਾਰਤ ਕੀਤੀ ਹੈ। ਚੀਫ ਐਡੀਟਰ ਵਰਿੰਦਰ ਭਾਟੀਆ ਜੀ ਦਾ ਵਟਸਐਪ ਮੈਸਜ਼ ਫੋਨ ਦੀ ਸਕਰੀਨ 'ਤੇ ਚਮਕਣ ਲੱਗ ਪਿਆ ਹੈ। 'ਇਸ ਵੇਲੇ ਪੰਜਾਬ ਜੋ ਹੜ੍ਹਾਂ ਦੀ ਮਾਰ ਝੱਲ ਰਿਹਾ ਹੈ, ਇਹ ਕੁਦਰਤੀ ਆਫ਼ਤ ਘੱਟ, ਮਨੁੱਖ ਸਿਰਜਤ ਵੱਧ ਹੈ। ਇਹ ਖਿੱਤਾ ਕਦੇ ਤਾਕਤਵਰ ਤੇ ਸ਼ੁੱਧ ਪਾਣੀ ਨਾਲ ਲਬਾ-ਲਬ ਹੁੰਦਾ ਸੀ। ਪਰ ਹਾਕਮ ਜਮਾਤਾਂ ਦੇ ਨੁਮਾਇੰਦਿਆਂ ਅਤੇ ਧਨ ਕੁਬੇਰਾਂ ਨੇ ਕੁਦਰਤ ਦੀ ਇਸ ਦਾਤ ਨੂੰ ਟਿੱਚ ਜਾਣਿਆ ਅਤੇ ਇਸ ਦੀ ਬੇਕਿਰਕ ਲੁੱਟ ਖਸੁੱਟ ਕੀਤੀ।'

...ਹੈਂਅ! ਆਹ ਕੀ ਹੋਇਆ? ਬੱਤੀ ਵੀ ਗਈ? ਉਂਝ ਤਾਂ ਬਿਜਲੀ ਗੁੱਲ ਹੋਈ ਨੂੰ ਅਠਤਾਲੀ ਘੰਟੇ ਹੋ ਚੱਲੇ ਹਨ। ਪਾਣੀ ਲਈ ਤਰਸ ਰਹੇ ਹਾਂ। ਸਾਡੇ ਜਨਰੇਟਰ ਪਾਣੀ ਵਿਚ ਡੁੱਬੇ ਪਏ ਹਨ। ਲੱਗਦੈ ਇਨਵਰਟਰ ਵੀ ਜਵਾਬ ਦੇ ਗਏ ਹਨ। ਹੁਣ ਘੁੱਪ ਹਨ੍ਹੇਰੇ ਵਿਚ ਬੈਠਣਾ ਪੈ ਗਿਆ। ਸਟਾਫ ਦਾ ਕੀ ਕਰੀਏ? ਕੁਝ ਸੁਝ ਨਹੀਂ ਰਿਹਾ। ਆਲੇ-ਦੁਆਲਿਓਂ ਖਬਰਾਂ ਆਉਣੀਆਂ ਵੀ ਬੰਦ ਹੋ ਗਈਆਂ ਹਨ। ਅੱਜ ਤਾਂ ਅਖਬਾਰਾਂ ਵੀ ਪ੍ਰਿੰਟ ਨਹੀਂ ਹੋ ਸਕਣੀਆਂ। ਟੈਲੀਵੀਜ਼ਨ ਚੱਲ ਨਹੀਂ ਰਹੇ। ਫੋਨ ਚਾਰਜ ਕਰਨ ਜੋਗੀ ਵੀ ਬਿਜਲੀ ਨਹੀਂ ਬਚੀ। ਤੇਜ ਮੀਂਹ ਅਤੇ ਪਾਣੀ ਦਾ ਵਹਾਅ ਵਧੀ ਜਾ ਰਿਹਾ ਹੈ। ਪਾਣੀ ਮਾਰੋ ਮਾਰ ਕਰਦਾ ਸ਼ਹਿਰ ਵੱਲ ਵੱਧ ਰਿਹਾ ਹੈ। ਅਸੀਂ ਭੱਜੇ ਆਉਂਦੇ ਪਾਣੀ ਨੂੰ ਸ਼ੀਸਿਆਂ ਵਿਚ ਦੀ ਦੇਖ-ਦੇਖ ਤ੍ਰਭਕ ਰਹੇ ਹਾਂ।

'ਦਾਤਿਆ, ਹੁਣ ਤੇ ਤੂੰ ਹੀ ਬਚਾਵਣਹਾਰ ਏਂ।' ਵਿਵੇਕ ਜੋਸ਼ੀ ਜੀ ਬੁਰੀ ਤਰ੍ਹਾਂ ਸਹਿਮ ਗਏ ਹਨ।

ਸਾਰਿਆਂ ਦੀਆਂ ਕਾਰਾਂ ਪਾਣੀ ਵਿਚ ਡੁੱਬ ਗਈਆਂ ਹਨ। ਹਾਏ ਮੇਰੀ ਕਾਰ? ...ਮੇਰਾ ਹਾਉਂਕਾ ਨਿਕਲਿਆ ਹੈ। ਚਾਲੀ-ਪੰਜਾਹ ਸਟਾਫ ਮੈਂਬਰ ਅੰਦਰ ਹਨ। ਸਾਨੂੰ ਇਨ੍ਹਾਂ ਦੀ ਚਿੰਤਾ ਸਤਾਈ ਜਾ ਰਹੀ ਹੈ। ਜੇ ਜਾਹ ਜਾਂਦੀ ਹੋ ਗਈ..। ਜਨਰਲ ਮੈਨੇਜਰ ਮਿਸ਼ਰਾ ਜੀ ਫੋਨ 'ਤੇ ਪਾਠ ਲਾ ਦੇਵੀ ਦੇਵਤਿਆਂ ਦੀ ਅਰਾਧਨਾ ਕਰਨ ਲੱਗ ਪਏ ਹਨ। ਕਿਸੇ ਨੂੰ ਵੀ ਕੁਝ ਸੁੱਝ ਨਹੀਂ ਰਿਹਾ। ਅੱਜ ਦੋ ਦਿਨ ਹੋ ਗਏ, ਕਿਸੇ ਨੇ ਮੂੰਹ ਨੂੰ ਅੰਨ ਲਾ ਕੇ ਨਹੀਂ ਦੇਖਿਆ। ਹੁਣ ਤਾਂ ਪੀਣ ਲਈ ਪਾਣੀ ਦਾ ਤੁਪਕਾ ਵੀ ਨਹੀਂ ਬਚਿਆ। ਜੇ ਸਾਡਾ ਮੀਡੀਏ ਵਾਲਿਆਂ ਦਾ ਇਹ ਹਾਲ ਹੈ, ਆਮ ਲੋਕਾਈ ਦਾ ਕੀ ਹੋਏਗਾ? ਹੇਠਲੀ ਬਿਲਡਿੰਗ ਪੂਰੀ ਤਰ੍ਹਾਂ ਪਾਣੀ ਵਿਚ ਡੁੱਬ ਚੁੱਕੀ ਹੈ। ਅਸੀਂ ਕੁਝ ਬੰਦੇ ਦੂਜੀ ਮੰਜ਼ਿਲ 'ਤੇ ਹਾਂ ਤੇ ਕੁਝ ਤੀਜੀ 'ਤੇ।

ਸਾਡੇ ਨਾਲੋ ਵੀ ਮਾੜਾ ਹਾਲ ਵੱਡੇ ਮੌਲ ਦਾ ਹੋਇਆ ਹੈ। ਇਹ ਸਾਡੇ ਤੋਂ ਡੇਢ ਕੁ ਕਿਲੋਮੀਟਰ ਦੀ ਦੂਰੀ 'ਤੇ ਸ਼ਹਿਰ ਤੋਂ ਬਾਹਰ ਹੈ। ਸਾਡੇ ਪੱਤਰਕਾਰ ਨੇ ਇਸ ਨੂੰ ਦੂਜੇ ਦਿਨ ਹੀ ਡੁੱਬਦੇ ਦਿਖਾ ਦਿੱਤਾ ਸੀ। ਪਹਿਲੀ ਤੇ ਦੂਜੀ ਮੰਜਿਲ ਦਾ ਸਾਰਾ ਸਮਾਨ ਪਾਣੀ ਵਿਚ ਰੁੜ੍ਹ ਗਿਆ ਸੀ। ਮਸਾਂ ਹੀ ਫੌਜ ਨੇ ਤੀਜੀ ਮੰਜਿਲ 'ਤੇ ਫਸੇ ਮੁਲਾਜ਼ਮਾਂ ਨੂੰ ਬਾਹਰ ਕੱਢਿਆ ਸੀ। ਚੰਦ ਮਿੰਟਾਂ ਬਾਅਦ ਇਹ ਇਮਾਰਤ ਰੜ ਗਈ ਸੀ। ਦਰਅਸਲ ਇਸ ਸਮਾਰਟ ਬਾਜਾਰ ਕੋਲੋਂ ਲੰਘਦੀ ਵੇਈਂ ਤਾਂ ਸਭ ਨੂੰ ਦਿਖਦੀ ਹੈ। ਜੋ ਨਹੀਂ ਦਿਖਦਾ, ਉਹ ਇਥੇ ਚੋਅ ਹੁੰਦਾ ਸੀ। ਇਸ ਚੋਅ ਨੂੰ ਪੂਰ ਕੇ ਇਹ ਵੱਡੀਆਂ. ਵੱਡੀਆਂ ਇਮਾਰਤਾਂ ਖੜੀਆਂ ਕਰ ਲਈਆਂ ਸਨ।

'ਤੁਸੀਂ ਲੱਖ ਇਮਾਰਤਾਂ ਖੜੀਆਂ ਕਰ ਲਵੋ। ਪਾਣੀ ਆਪਣਾ ਰਾਹ ਤਲਾਸ਼ ਲੈਂਦਾ ਹੈ। ਇਸ ਖਵਾਜੇ ਤੋਂ ਕੋਈ ਨੀ ਬਚਿਆ। ਇਹਨੇ ਸਭ ਇਮਾਰਤਾਂ ਢਾਹਣੀਆਂ।' ਇਕ ਹੱਥ ਜੋੜੀ ਖੜ੍ਹਾ ਬਜ਼ੁਰਗ ਸਾਡੇ ਪੱਤਰਕਾਰ ਨੂੰ ਦੱਸ ਰਿਹਾ ਹੈ।

ਕੀ ਪਤਾ ਸੀ, ਦੋ ਦਿਨ ਬਾਅਦ ਸਮਾਰਟ ਬਾਜਾਰ ਵਾਲਾ ਹਸ਼ਰ ਸਾਡਾ ਵੀ ਹੋ ਸਕਦੈ। ਅੱਜ ਚਾਰ ਦਿਨ ਹੋ ਗਏ, ਨਾ ਕੋਈ ਮੁਲਾਜਮ ਡਿਊਟੀ ਆ ਸਕਿਆ। ਜਿਹੜੇ ਆਏ ਹੋਏ ਹਨ, ਉਹ ਘਰਾਂ ਨੂੰ ਨਹੀਂ ਜਾ ਸਕੇ। ਭੁੱਖ ਨਾਲ ਢਿੱਡ ਵਿਚ ਚੂਹੇ ਨੱਚ ਰਹੇ। ਹਨ। ਹੁਣ ਤਾਂ ਅਸੀਂ ਪ੍ਰਾਹੁਣੇ ਈ ਆਂ। ਪਤਾ ਨਹੀਂ ਕਦੋਂ ਬਿਲਡਿੰਗ ਡਿੱਗ ਪਵੇ ਤੇ ਅਸੀਂ ਮਲਬੇ ਹੇਠ ਦੱਬੇ ਜਾਈਏ। ਪਾਣੀ ਦੀ ਕੰਧ ਦੀ ਕੰਧ ਤਾਂ ਆਉਂਦੀ ਆ। ਇਹਦੇ ਮੋਹਰੇ ਕਿੰਨਾ ਚਿਰ ਇਮਾਰਤ ਟਿਕੀ ਰਹਿ ਜਾਊ।

ਬਹੁਤ ਜੋਰ ਦੀ ਬੱਦਲ ਗਰਜੇ ਹਨ। ...ਲੈ ਬਈ, ਆਹ ਤਾਂ ਧਮਾਕਾ ਸਾਡੀ ਬਿਲਡਿੰਗ ਕੋਲ ਹੋਇਆ ਲਗਦਾ। ਮੈਂ ਕਾਲਜਾ ਫੜ ਕੇ ਬੈਠ ਗਿਆ ਹਾਂ। ਮਿਸ਼ਰਾ ਜੀ ਤੇ ਜੋਸ਼ੀ ਜੀ ਕੰਬਦੇ ਕੰਬਦੇ ਉਪਰਲੀ ਮੰਜਿਲ ਲਈ ਪੌੜੀ ਚੜ੍ਹਨ ਲੱਗੇ ਹਨ। ਇਨ੍ਹਾਂ ਨਾਲੋਂ ਤਾਂ ਆਹ ਸੰਗੀਤਾ ਹੁਰੀਂ ਬਹਾਦਰ ਹਨ। ਇਹ ਸੱਤ-ਅੱਠ ਕੁੜੀਆਂ ਹੌਂਸਲੇ ਵਿਚ ਦਿਖਾਈ ਦੇ ਰਹੀਆਂ।

'ਸਰ, ਕੁਝ ਨ੍ਹੀਂ ਹੁੰਦਾ। ਇਹ ਕੁਦਰਤੀ ਆਫਤ ਆਈ ਆ। ਇਹਨੇ ਟਲ ਜਾਣਾ।'

'ਸਰ ਜੀ, ਮੇਰਾ ਦਾਦਾ ਦਸਦਾ ਸੀ। ਉਨੀ ਸੌ ਪਚਵੰਜਾ, ਛਪੰਜਾ, ਸਤਵੰਜਾ ਤੇ ਅਠਵੰਜਾ ਵਿਚ ਲਗਾਤਾਰ ਚਾਰ ਸਾਲ ਬਾਰਸ਼ਾਂ ਹੋਈਆਂ ਸਨ। ਉਦੋਂ ਵੀ ਲੋਕ ਬਚੇ ਸਨ। ਆਪਾਂ ਵੀ ਬਚ ਜਾਣਾ ਆ।' ਸਾਡਾ ਚਪੜਾਸੀ ਗਿਆਨ ਬੋਲਿਆ ਏ।

ਇਹ ਹਮੇਸ਼ਾ ਚੜ੍ਹਦੀ ਕਲਾ ਵਿਚ ਹੀ ਰਹਿੰਦਾ ਆ। ਇਹ ਦੋ ਦਿਨ ਪਾਣੀ ਵਿਚੋਂ ਲੰਘ ਕੇ ਢਾਬੇ ਤੋਂ ਸਾਡੇ ਲਈ ਖਾਣਾ ਲਿਆਉਂਦਾ ਰਿਹਾ। ਪਹਿਲੇ ਦਿਨ ਤਾਂ ਪਾਣੀ ਇਹਦੇ ਲੱਕ ਤੱਕ ਸੀ। ਦੂਜੇ ਦਿਨ ਗਰਦਨ ਤੱਕ ਸੀ। ਮੈਂ ਇਹਨੂੰ ਭੇਜ ਕੇ ਰਾਜੀ ਨਹੀਂ ਸੀ ਪਰ ਇਹ ਮੰਨਣ ਵਾਲੀ ਜਿਣਸ ਆ? ਇਹ ਤਾਂ ਹੁਣ ਵੀ ਜਾਣ ਨੂੰ ਤਿਆਰ ਬੈਠਾ।

'ਸਰ ਜੀ, ਮੈਂ ਤਰ ਕੇ ਚਲਾ ਜਾਣਾ। ਤੁਹਾਡੇ ਲਈ ਗੁਰਦੁਆਰਾ ਸਾਹਬ ਤੋਂ ਲੰਗਰ ਲੈ ਆਉਨਾ। ਅਸੀਂ ਲੋਕ ਤਾਂ ਭੁੱਖ ਕੱਟ ਲੈਨੇ ਆਂ। ਤੁਹਾਡੇ ਮੂੰਹਾਂ ਵੱਲ ਦੇਖਿਆ ਨ੍ਹੀਂ ਜਾਂਦਾ।'

'ਗਿਆਨ, ਬੰਦਾ ਬਣ। ਜੇ ਮਰ ਗਿਆ। ਤੇਰਾ ਕਤਲ ਸਾਡੇ ਸਿਰ ਪੈ ਜਾਣਾ। ਸਾਰੀ ਉਮਰ ਤੇਰੇ ਟੱਬਰ ਨੂੰ ਰੋਟੀ ਮਾਲਕਾਂ ਨੂੰ ਦੇਣੀ ਪੈ ਜਾਣੀ ਆ।' ਇਹ ਤੁਰਨ ਲੱਗਾ ਤਾਂ ਮੈਨੇਜਰ ਸਾਹਿਬ ਇਹਨੂੰ ਪੈ ਨਿਕਲੇ। ਗਿਆਨ ਨੂੰ ਸਾਰਿਆਂ ਦਾ ਫਿਕਰ ਆ। ਇਹ ਸਾਰਿਆਂ ਦੇ ਛੋਟੇ ਮੋਟੇ ਕੰਮ ਵੀ ਕਰੀ ਜਾ ਰਿਹਾ। ਥੋੜ੍ਹੇ-ਥੋੜ੍ਹੇ ਚਿਰ ਬਾਅਦ ਪੌੜੀਆਂ ਵੱਲ ਜਾਂਦਾ ਹੈ ਤੇ ਮੂੰਹ ਬਾਹਰ ਕੱਢ ਕੇ ਪਾਣੀ ਦਾ ਪੱਧਰ ਦੇਖ ਕੇ ਆਉਂਦਾ ਹੈ। ਮਿੰਟ-ਮਿੰਟ ਦੀ ਖਬਰ ਦੇਈ ਜਾਂਦਾ। ਅੱਜ ਸਾਡੇ ਲਈ ਇਹ ਅਖ਼ਬਾਰ ਆ। ਇਹਦੇ ਉਲਟ ਸੇਠ ਜੀ ਸਾਡੀ ਖਬਰ ਹੀ ਨਹੀਂ ਲੈ ਰਹੇ। ਅੱਜ ਉਨਾਂ ਦਾ ਫੋਨ ਨਹੀਂ ਆਇਆ। ਦਰਅਸਲ ਜਦੋ ਮੈਨੇਜਰ ਸਾਹਿਬ ਨੇ ਉਨਾਂ ਨੂੰ ਇਹ ਖ਼ਬਰ ਸੁਣਾਈ। 'ਸਰ, ਸਾਰੀ ਮਸ਼ੀਨਰੀ ਪਾਣੀ ਵਿਚ ਡੁੱਬ ਗਈ ਹੈ।'

ਉਦੋਂ ਹੀ ਉਨ੍ਹਾਂ ਦੀ ਆਵਾਜ ਡੁੱਬ ਗਈ ਸੀ। ਪਤਾ ਨਹੀਂ, ਕਿਹੜੇ ਹਾਲ ਵਿਚ ਹੋਣ ਵਿਚਾਰੇ। ਇਨ੍ਹਾਂ ਧਨਾਢ ਲੋਕਾਂ ਕੋਲ ਜਦ ਧਨ ਦੇ ਅੰਬਾਰ ਲਗਦੈ ਆ ਤਾਂ ਇਹ ਬਹੁਤ ਫ਼ੈਲਦੇ ਆ। ਜਦੋ ਇਨ੍ਹਾਂ ਦੇ ਘਰੋ ਧਨ ਜਾਂਦੈ, ਇਹ ਢਹਿੰਦੇ ਵੀ ਬਹੁਤ ਜਲਦੀ ਆ। ਇਹਨਾਂ ਨਾਲੋ ਤਾਂ ਗਿਆਨ ਵਰਗੇ ਗਰੀਬ ਬੰਦੇ ਹੌਸਲੇ ਵਿਚ ਹਨ। ਇਹ ਹੁਣੇ ਸਾਨੂੰ ਹਸਾ ਕੇ ਹਟਿਆ।

'ਸਰ ਜੀ ਘਬਰਾਓ ਨਾ। ਸਾਡੇ ਕੋਲ ਸੁਪਰ ਕੰਪਿਊਟਰ ਤੇ ਏ ਆਈ ਨਾਲ ਚੱਲਣ ਵਾਲੇ ਰੋਬੋਟ ਹਨ। ਇਹ ਕੰਪਿਊਟਰ ਤਾਂ ਦਾਲ ਰੋਟੀ ਵੀ ਬਣਾ ਸਕਦੇ ਆ। ਸਾਨੂੰ ਕਿਸੇ ਨੂੰ ਕਮਾਂਡ ਨੀ ਦੇਣੀ ਆਉਂਦੀ। ...ਹਾਂ ਸੱਚ, ਮੈਨੇਜਰ ਸਾਹਿਬ ਨੇ ਰੋਬੋਟਾਂ ਨੂੰ ਕਮਾਂਡ ਦਿੱਤੀ ਆ। ਉਹ ਬਾਹਰ ਗਏ ਆ, ਖਾਣਾ ਲੈਣ।'

ਸਾਡੇ ਸਾਰਿਆਂ ਦੇ ਕੰਨ ਬਾਹਰ ਵੱਲ ਨੂੰ ਹੋ ਗਏ ਹਨ। ਸਾਨੂੰ ਲੱਗਾ ਸੱਚੀਂ ਗਏ ਹੋਣਗੇ। ਉਂਝ ਵੀ ਸਾਰੇ ਕੰਮ ਤਾਂ ਏਹੀ ਕਰਦੇ ਹਨ। ਹੁਣ ਰੋਟੀ ਲਿਆਉਣਾ ਇਨ੍ਹਾਂ ਲਈ ਕਿੱਡਾ ਕੁ ਕੰਮ ਆ?

'ਸਰ, ਇਹ ਮਰ ਜਾਣਾ ਗਿਆਨ ਟਿੱਚਰਾਂ ਕਰਦੈ।' ਸੰਗੀਤਾ ਦੀ ਗੱਲ ਸੁਣ ਕੇ ਸਾਰੇ ਹੱਸ ਪਏ ਹਨ।

'ਜੀ, ਮੈਂ ਕਾਹਨੂੰ ਟਿੱਚਰਾਂ ਕਰਦਾਂ। ਮੈਨੂੰ ਸਹੁੰ ਲੱਗੇ ਸੁਪਰ ਕੰਪਿਊਟਰ ਦੇ ਭਾਪੇ ਦੀ। ਮੈਂ ਆਪ ਛੜੱਪ-ਛੜੱਪ ਕਰ ਕੇ ਜਾਂਦੇ ਦੇਖੇ ਆ। ਉਹ ਦੇਖੋ ਤਾਂ ਭਾਂਡੇ ਖੜਕਾਉਂਦੇ ਆ ਰਹੇ ਆ।' ਗਿਆਨ ਦੀ ਗੱਲ ਸੁਣ ਕੇ ਅਸੀਂ ਸਾਰੇ ਹੱਸ ਪਏ ਹਾਂ।

'ਜਿਹੜੀ ਪਾਰਟੀ ਮੋਨੀਟਰ ਕਰਦੀ ਹੈ। ਉਹ ਹੜ੍ਹ ਵਿਚ ਫਸੇ ਲੋਕਾਂ ਲਈ ਦਵਾਈਆਂ, ਖਾਣਾ ਤੇ ਕੱਪੜੇ ਡਰੋਨ ਰਾਹੀਂ ਪਹੁੰਚਾਉਂਦੀ ਹੈ। ਪਰ ਡਰੋਨ ਹਵਾ ਵਿਚ ਉੱਡਦੇ ਹਨ, ਮੀਂਹ ਵਿਚ ਨਹੀਂ। ਮੀਂਹ ਵਿਚ ਇਨ੍ਹਾਂ ਦਾ ਸਰਕਟ ਸ਼ਾਟ ਹੋ ਜਾਂਦਾ ਹੈ। ਜਾਂ ਫੇਰ ਹੈਲੀਕਾਪਟਰ ਵਸਤਾਂ ਪਹੁੰਚਾ ਸਕਦਾ ਹੈ। ਸਮੁੰਦਰ ਵਿਚ ਸੋਨਾਰ ਜਾਂਦੇ ਹਨ।' ਸਾਡਾ ਕੰਪਿਊਟਰ ਇੰਜੀਨੀਅਰ ਸੀਰੀਅਸ ਗੱਲਾਂ ਕਰਨ ਲੱਗ ਪਿਆ ਹੈ।

'ਤੇ ਜਿਹੜੇ ਸਾਡੇ ਆਹ ਰੋਬੋਟ ਮਹਾਰਾਜ ਆ? ਜਿਨ੍ਹਾਂ ਦੀ ਸਾਡੇ ਵੱਡੇ-ਵੱਡੇ ਰੱਜੇ ਰੱਜੇ ਲੋਕ ਪੂਜਾ ਕਰਦੇ ਹਨ।' ਗਿਆਨ ਦੀ ਗੱਲ ਸੁਣ ਕੇ ਫੇਰ ਹਾਸਾ ਮੱਚ ਗਿਆ ਹੈ।

'ਅਜੇ ਵਿਗਿਆਨੀ ਪਾਣੀ ਵਿਚ ਚਲਣ ਵਾਲੇ ਰੋਬੋਟ ਨਹੀਂ ਬਣਾ ਸਕੇ। ਉਂਝ ਉਹ ਲੱਗੇ ਹੋਏ ਆ। ਬਹੁਤ ਸਾਲ ਲੱਗ ਜਾਣਗੇ। ਜੇ ਤੁਸੀਂ ਆਪਣੇ ਵਾਲੇ ਰੋਬੋਟਾਂ ਨੂੰ ਬਾਹਰ ਭੇਜ ਦਿੱਤਾ। ਇਨ੍ਹਾਂ ਦੇ ਸਰਕਟ ਸ਼ਾਟ ਹੋ ਜਾਣਗੇ ਤੇ ਇਹ ਲਾਸ਼ਾਂ ਬਣ ਜਾਣਗੇ। ਇਹ ਲੱਖਾਂ ਦੇ ਰੋਬੋਟ ਕੱਖਾਂ ਜੋਗੇ ਵੀ ਨ੍ਹੀਂ ਰਹਿਣਗੇ।'

ਕੰਪਿਊਟਰ ਇੰਜੀਨੀਅਰ ਦੀ ਗੱਲ ਸੁਣ ਕੇ ਮੈਂ ਕਹਿਣਾ ਚਾਹਿਆ, ਇਹ ਲਾਸ਼ਾਂ ਬਣਨ ਜਾਂ ਨਾ। ਅਸੀਂ ਜਲਦੀ ਹੀ ਬਣ ਜਾਵਾਂਗੇ ਪਰ ਮੈਂ ਕਿਹਾ ਨਹੀਂ। ਅੱਜ ਤਾਂ ਪਤਨੀ, ਬੇਟੀ ਤੇ ਬੇਟੇ ਦਾ ਵੀ ਫੋਨ ਨਹੀਂ ਆਇਆ। ਉਹ ਵੀ ਸਾਡੇ ਵਾਂਗ। ਲਗਦੈ, ਉਨ੍ਹਾਂ ਦੀ ਵੀ ਬਿਜਲੀ, ਪਾਣੀ ਤੇ ਫੋਨ ਬੰਦ ਹੋ ਗਏ ਹੋਣਗੇ। ਉਂਝ ਵੀ ਮੈਂ ਸਵੇਰੇ ਫੇਸਬੁੱਕ 'ਤੇ ਪੋਸਟ ਪਾਈ ਸੀ।

"ਦੋਸਤੋ, ਹੜ੍ਹ ਵਿਚ ਬੁਰੀ ਤਰ੍ਹਾਂ ਘਿਰ ਗਏ ਹਾਂ। ਨਾ ਬਿਜਲੀ ਹੈ ਨਾ ਪਾਣੀ। ਕੋਈ ਫੋਨ ਨਾ ਕਰਿਓ ਫੋਨ ਚਾਰਜ ਨ੍ਹੀਂ ਹੋਣਾ। ਐਮਰਜੈਂਸੀ ਲਈ ਦੋ ਚਾਰ ਡੰਡੇ ਰਹਿ ਗਏ ਹਨ। ਜੇ ਜਿਉਂਦੇ ਰਹੇ ਤਾਂ ਮਿਲਾਂਗੇ।"

...ਅਸੀਂ ਔਖੇ ਸੌਖੇ ਰਾਤ ਕੱਟ ਲਈ ਹੈ ਪਰ ਪਤੰਦਰ ਮੀਂਹ ਨੇ ਇਕ ਮਿੰਟ ਸਾਹ ਨਹੀਂ ਲਿਆ। ਬੱਸ ਡਿਗੀ ਜਾ ਰਿਹਾ। ਪਿਛਲੇ ਦੋ ਸਾਲਾਂ ਵਿਚ ਪੰਜਾਬ ਦੀ ਧਰਤੀ 'ਤੇ ਮੀਂਹ ਦੀ

ਇਕ ਬੂੰਦ ਵੀ ਨਹੀਂ ਪਈ। ਅਸੀਂ ਧੁੱਪਾਂ ਤੇ ਲੂਆਂ ਵਿਚ ਸੜ ਭੁੱਜ ਗਏ। ਖੇਤਾਂ ਵਿਚ ਸੋਕਾ ਪੈ ਗਿਆ ਸੀ। ਹਾਲ ਤਾਂ ਹੁਣ ਵੀ ਦੋ ਮਹੀਨੇ ਤੋਂ ਏਹੀ ਸੀ। ਪਰ ਕੀ ਪਤਾ ਸੀ, ਇਹ ਕਹਿਰ ਸਾਡੇ 'ਤੇ ਟੁੱਟ ਪੈਣਾ ਸੀ। ਦੇਖ ਲਓ, ਅੱਜ ਪੰਜਵਾਂ ਦਿਨ ਚੱਲ ਪਿਆ। ਉਂਞ ਹੁਣ ਸਵੇਰ ਦਾ ਭਾਰਾ ਮੀਂਹ ਨਹੀਂ ਪੈ ਰਿਹਾ। ਥੋੜ੍ਹਾ ਘੱਟ ਗਿਆ ਹੈ। ਜਿਹੜੀ ਪਾਣੀ ਦੀ ਕੰਧ ਦੀ ਕੰਧ ਛੱਲ ਆਉਂਦੀ ਸੀ, ਉਹ ਵੀ ਹਟ ਗਈ ਹੈ ਸਗੋਂ ਭਾਰਾ ਮੀਂਹ ਕਿਣ ਮਿਣ ਵਿਚ ਬਦਲ ਗਿਆ ਹੈ। ਦੁਪਹਿਰ ਦੇ ਬਾਰਾਂ ਵੱਜ ਗਏ ਹਨ। ਰਾਤ ਪਾਣੀ ਗਰਾਉਂਡ ਫਲੋਰ ਦੀ ਛੱਤ ਤੋਂ ਥੋੜ੍ਹਾ ਥੱਲੇ ਸੀ। ਹੁਣ ਲੱਗਦੈ, ਘੱਟ ਕੇ ਸੱਤ-ਅੱਠ ਫੁੱਟ ਰਹਿ ਗਿਆ ਹੋਵੇ। ਮੈਨੇਜਰ ਸਾਹਿਬ ਤੇ ਜੋਸ਼ੀ ਸਰ ਵੀ ਉਪਰਲੀ ਮੰਜ਼ਿਲ ਤੋਂ ਸਾਡੇ ਕੋਲ ਆ ਗਏ ਹਨ। ਉਨ੍ਹਾਂ ਨੂੰ ਵੀ ਥੋੜ੍ਹਾ ਸੁੱਖ ਦਾ ਸਾਹ ਆਇਆ ਲਗਦਾ। ਕੁੜੀਆਂ ਦੇ ਚਿਹਰਿਆਂ ਦਾ ਤਣਾਅ ਵੀ ਘਟਿਆ ਹੈ।

"...ਹਾਂ ਬਈ ਸ਼ਹਿਰੀਓ, ਡਰਿਓ ਨਾ। ਅਸੀਂ ਆ ਗਏ ਪਿੰਡਾਂ ਵਾਲੇ। ਨਾਲੇ ਪਾਣੀ ਤੇਜ਼ੀ ਨਾਲ ਘੱਟ ਰਿਹਾ ਹੈ। ਸ਼ਹਿਰ ਦੇ ਬਾਹਰ ਦੀਆਂ ਸੜਕਾਂ ਤਾਂ ਸਾਫ ਹੋ ਗਈਆਂ। ਉਧਰ ਦੁਕਾਨਾਂ ਵੀ ਖੁੱਲ੍ਹ ਗਈਆਂ ਹਨ। ਤੁਹਾਡੇ ਵੱਲ ਵੀ ਘੱਟ ਜਾਣਾ ਇਕ ਦੋ ਦਿਨਾਂ 'ਚ ਪਾਣੀ। ਤੁਹਾਡੇ ਵਾਲੀ ਮਾਰਕੀਟ ਵੀ ਖੁੱਲ੍ਹ ਜਾਣੀ ਆ। ਜਲਦੀ ਹੀ ਬਿਜਲੀ ਪਾਣੀ ਵੀ ਆ ਜਾਣਾ।" ਸਪੀਕਰ 'ਚੋਂ ਕਿਸੇ ਦੀ ਅਵਾਜ ਆਈ ਹੈ। ਬੰਦੇ ਬਦਲ ਬਦਲ ਕੇ ਬੋਲ ਰਹੇ ਹਨ।

"ਇਹ ਸਾਲੇ ਕਿਹੜੇ ਭੂਤੇ ਆ ਗਏ।"ਮੇਰੇ ਮੂੰਹੋਂ ਹੋਰ ਗਾਲ੍ਹ ਨਿਕਲਣ ਲੱਗੀ ਸੀ।

ਕਿਣ ਮਿਣ ਵੀ ਹਟ ਗਈ ਹੈ। ਅਸੀਂ ਕਮਰਿਆਂ 'ਚੋਂ ਨਿਕਲ ਕੇ ਬਾਹਰ ਜੰਗਲੇ ਕੋਲ ਆ ਖੜ੍ਹੇ ਹੋਏ ਹਾਂ। ਲੋਕ ਚੁਬਾਰਿਆਂ, ਮੰਮਟੀਆਂ ਅਤੇ ਛੱਤਾਂ 'ਤੇ ਖੜ੍ਹੇ ਹਨ। ਹੌਸਲੇ ਭਰੀਆਂ ਸਪੀਕਰ ਦੀਆਂ ਆਵਾਜ਼ਾਂ ਨੇੜੇ ਤੋਂ ਆਉਣ ਲੱਗ ਪਈਆਂ ਹਨ। ਇਨ੍ਹਾਂ ਬੋਲਾਂ ਨਾਲ ਸਾਡੇ ਲੋਕਾਂ ਵਿਚ ਜਾਨ ਪੈ ਗਈ ਹੈ। ਅਜੇ ਵੀ ਲੋਕਾਂ ਦੇ ਚਿਹਰਿਆਂ ਤੋਂ ਡਰ ਅਤੇ ਸਹਿਮ ਪੜ੍ਹਿਆ ਜਾ ਸਕਦਾ ਹੈ। ਕੋਈ ਪਹਿਲੀ ਮੰਜ਼ਿਲ 'ਤੇ ਖੜ੍ਹਾ ਤੇ ਕੋਈ ਦੂਜੀ 'ਤੇ। ਮੋਹਰੇ-ਮੋਹਰੇ ਜੇ ਸੀ ਬੀ ਮਸ਼ੀਨ ਤੁਰੀਂ ਹੋਈ ਹੈ। ਡਰਾਈਵਰ ਨਾਲ ਚੀਫ ਐਡੀਟਰ ਵਰਿੰਦਰ ਭਾਟੀਆ ਬੈਠੇ ਹੋਏ ਹਨ। ਪਿੱਛੇ ਟਰੈਕਟਰ ਟਰਾਲੀਆਂ 'ਤੇ ਪਿੰਡਾਂ ਦੇ ਲੋਕ ਲੰਗਰ ਲਈ ਆ ਰਹੇ ਹਨ। ਇਹ ਨੌਜਵਾਨ ਗੱਭਰੂ ਪਾਣੀ ਦੀ ਪ੍ਰਵਾਹ ਨਹੀਂ ਕਰ ਰਹੇ। ਉਹ ਲੋਕਾਂ ਨੂੰ ਲੰਗਰ ਵਰਤਾਅ ਰਹੇ ਹਨ। ਪਾਣੀ ਦੀਆਂ ਬੋਤਲਾਂ ਦੇ ਰਹੇ ਹਨ।

ਸਾਡੇ ਵਾਲੇ ਪਾਸੇ ਪਾਣੀ ਜ਼ਿਆਦਾ ਹੈ। ਭਾਟੀਆ ਸਰ ਨੇ ਇਕ ਲੜਕੇ ਨੂੰ ਲੰਗਰ ਦੇ ਕੇ ਜੇ ਸੀ ਬੀ ਦੇ ਮੂੰਹ 'ਤੇ ਬਿਠਾਇਆ। ਡਰਾਈਵਰ ਮੂੰਹ ਨੂੰ ਉਪਰ ਤੱਕ ਲੈ ਆਇਆ ਹੈ। ਮੈਨੂੰ ਡਰ ਲੱਗ ਰਿਹਾ ਪਰ ਨੌਜਵਾਨ ਮਾੜਾ ਵੀ ਘਾਬਰਿਆ ਨਹੀਂ। ਉਪਰ ਬੰਦੇ ਜ਼ਿਆਦਾ ਹਨ। ਨੌਜਵਾਨਾਂ ਨੇ ਬਾਲਟੀਆਂ ਵਿਚ ਸਬਜ਼ੀਆਂ, ਪਾਣੀ ਅਤੇ ਰੋਟੀਆਂ ਰੱਖ ਲਈਆਂ ਹਨ। ਆਪਣੀਆਂ ਪੱਗਾਂ ਨਾਲ ਬਾਲਟੀਆਂ ਬੰਨ੍ਹ ਦਿੱਤੀਆਂ ਹਨ। ਪੱਗਾਂ ਦਾ ਦੂਜਾ ਪਾਸਾ ਸਾਡੇ ਵੱਲ ਵਗਾਹ ਮਾਰਿਆ ਹੈ। ਕੁਝ ਮਿੰਟਾਂ ਵਿਚ ਹੀ ਅਸੀਂ ਬਾਲਟੀਆਂ ਉਪਰ ਨੂੰ ਖਿੱਚ ਲਈਆਂ ਹਨ। ਜੇ ਸੀ ਬੀ ਦੇ ਮੂੰਹ ਦੀ ਮਦਦ ਨਾਲ ਵਰਿੰਦਰ ਸਰ ਅਤੇ ਕੁਝ ਨੌਜਵਾਨ ਵੀ ਉਪਰ ਆ ਗਏ ਹਨ। ਉਹ ਖਾਣਾ ਵਰਤਾਉਣ ਲੱਗ ਪਏ ਹਨ।

ਮੈਂ ਪਾਣੀ ਦੀਆਂ ਤਿੰਨ-ਚਾਰ ਬੋਤਲਾਂ ਡੀਕ ਗਿਆ ਹਾਂ। ਜਿਵੇਂ ਸਦੀਆਂ ਤੋਂ ਪਿਆਸਾ ਹੋਵਾਂ। ਏਹੀ ਹਾਲ ਬਾਕੀਆਂ ਦਾ ਆ। ਇਨ੍ਹਾਂ ਸਾਡੇ ਹੱਥਾਂ ਉੱਤੇ ਫੁਲਕੇ ਰੱਖੇ ਹਨ ਤੇ ਫੁਲਕਿਆਂ ਉੱਤੇ ਸਬਜ਼ੀ। ਅਸੀਂ ਸੁਆਦ-ਸੁਆਦ ਵਿਚ ਕਈ-ਕਈ ਫੁਲਕੇ ਛੱਕ ਗਏ ਹਾਂ।

"ਯਾਰ, ਐਨਾ ਸੁਆਦੀ ਖਾਣਾ! ਐਨਾ ਸੁਆਦੀ ਖਾਣਾ ਤਾਂ ਮੇਰੀ ਮਾਂ ਬਣਾਉਂਦੀ ਹੁੰਦੀ ਸੀ। ਅੱਜ ਤੁਸੀਂ ਉਹਦੇ ਵਰਗਾ ਖਾਣਾ..।" ਅਚਾਨਕ ਮੇਰੇ ਮੂੰਹੋਂ ਇਹ ਸ਼ਬਦ ਨਿਕਲੇ ਹਨ।

ਸਭਨਾਂ ਦੀਆਂ ਅੱਖਾਂ ਵਿਚ ਅੱਥਰੂ ਆ ਗਏ ਹਨ। ਮੋਈਆਂ ਮਾਵਾਂ ਯਾਦ ਆ ਗਈਆਂ ਹਨ। ਮੈਂ ਅੱਥਰੂ ਪੂੰਝੇ ਨਹੀਂ, ਵਗਣ ਦੇ ਰਿਹਾਂ। ਮੈਂ ਕਦੇ ਵਰਿੰਦਰ ਸਰ ਵੱਲ, ਕਦੇ ਨੌਜਵਾਨਾਂ ਵੱਲ ਦੇਖ ਰਿਹਾਂ ਤੇ ਕਦੇ ਏ ਆਈ ਮਸ਼ੀਨਾਂ ਵੱਲ। ਮੇਰੀ ਨਿਗ੍ਹਾ ਟਿਕ ਨਹੀਂ ਰਹੀ। ਵਰਿੰਦਰ ਸਰ ਨੇ ਮੇਰੇ ਮੋਢੇ 'ਤੇ ਹੱਥ ਰੱਖਿਆ ਹੈ। ਪਰਨੇ ਨਾਲ ਮੇਰੀਆਂ ਅੱਖਾਂ ਪੂੰਝੀਆਂ ਹਨ। ਇਹ ਬੜੇ ਠਰੰਮੇ ਨਾਲ ਬੋਲੇ ਹਨ।

"ਸੂਰੀ ਸਾਹਿਬ, ਕੁਦਰਤੀ ਆਫ਼ਤਾਂ ਸਾਨੂੰ ਵਾਰ-ਵਾਰ ਖਬਰਦਾਰ ਕਰ ਰਹੀਆਂ ਹਨ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਤੇ ਸੁਪਰ ਕੰਪਿਊਟਰਜ ਵਰਗੀਆਂ ਤਕਨੀਕਾਂ ਸਿਰਫ ਕਾਰਪੋਰੇਟਾਂ ਦੇ ਮੁਨਾਫ਼ੇ ਲਈ ਵਰਤੀਆਂ ਜਾ ਰਹੀਆਂ ਹਨ.. ਅਜਿਹੇ ਸੰਕਟਾਂ ਵੇਲੇ ਆਮ ਬੰਦੇ ਦਾ ਹੱਥ ਆਮ ਬੰਦਾ ਹੀ ਫੜਦਾ ਹੈ।"

ਉਨ੍ਹਾਂ ਦੀ ਇਸ ਗੱਲ ਦਾ ਜਵਾਬ ਨਾ ਮੇਰੇ ਕੋਲ ਹੈ, ਨਾ ਵਿਜੈ ਸ਼ੇਖ਼ਰ ਮਿਸ਼ਰਾ ਕੋਲ ਤੇ ਨਾ ਵਿਵੇਕ ਜੋਸ਼ੀ ਕੋਲ। ਦਿੱਲੀ ਬੈਠੇ ਸੇਠਾਂ ਕੋਲ ਤਾਂ ਕੀ ਹੋਣਾ।... ਹਾਂ, ਗਿਆਨ ਕੋਲ ਹੋਏਗਾ। ਇਹ ਜ਼ਰੂਰ ਸਿਰ ਹਿਲਾ ਰਿਹਾ। ਉਹ ਹੀ ਰੋਬੋਟ ਕੋਲ ਖੜ੍ਹਾ ਭਾਟੀਆ ਸਰ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਤੱਕ ਰਿਹਾ ਹੈ। ਭਾਟੀਆ ਸਰ, ਨੌਜਵਾਨ ਤੇ ਗਿਆਨ ਅਗਲੀ ਬਿਲਡਿੰਗ 'ਤੇ ਫਸੇ ਲੋਕਾਂ ਨੂੰ ਲੰਗਰ ਖੁਆਉਣ ਲਈ ਤੁਰ ਪਏ ਹਨ।

ਮੋਬਾ. 94630 63990

***

ਦੋ ਕਵਿਤਾਵਾਂ ਜੰਗ ਬਾਰੇ

ਮੈਂ ਚਾਹੁੰਦਾਂ ਹਾਂ ਇਕ ਜੰਗ...

ਮੈਂ ਚਾਹੁੰਦਾਂ ਹਾਂ ਹੁਣ ਇਕ ਜੰਗ
ਲੜੀ ਜਾਵੇ ਦੇਸ਼ ਅੰਦਰ
ਲੁਟੇਰੇ ਹਾਕਮਾਂ, ਭ੍ਰਿਸ਼ਟ ਅਫ਼ਸਰਾਂ ਖਿਲਾਫ਼
ਭਾਈਚਾਰਕ ਸਾਂਝ ਲਈ ਖਤਰਾ ਬਣੇ
ਭਾਸ਼ਨਾਂ, ਬਿਆਨਾਂ, ਟੀਵੀ ਚੈਨਲਾਂ ਤੇ ਐਂਕਰਾਂ ਖਿਲਾਫ਼...
ਜਾਂ ਫਿਰ ਉਹਨਾਂ ਸਿਆਸੀ
ਤੇ ਧਾਰਮਿਕ ਲੋਕਾਂ
ਉਪਰ ਸੁੱਟੇ ਜਾਣ ਮੁਹੱਬਤ,
ਆਪਸੀ ਸਾਂਝ ਦੇ ਪ੍ਰਮਾਣੂ ਬੰਬ
ਤਾਂ ਜੋ ਮੁੜ ਉਹ ਖੜ੍ਹੇ ਨਾ ਹੋ ਸਕਣ
ਸਦੀਆਂ ਤੀਕਰ
ਨਫ਼ਰਤ ਫੈਲਾਉਣ ਲਈ...।

ਮੈਂ ਚਾਹੁੰਦਾਂ ਹਾਂ ਇਕ ਜੰਗ ਦੇਸ਼ ਅੰਦਰ
ਨਸ਼ਿਆਂ ਵਿਰੁੱਧ ਲੜੀਏ
ਸਿੱਖਿਆ ਤੇ ਸਿਹਤ ਸਹੂਲਤਾਂ
ਦੇ ਪੱਖ ਚ ਖੜ੍ਹੀਏ
ਤਾਂ ਜੋ
ਅਸੀਂ ਸਭ ਦੇਸ਼ ਵਾਸੀ
ਵਤਨ ਨੂੰ ਖੁਸ਼ਹਾਲ ਤੇ ਵਿਕਸਤ ਤੱਕ ਸਕੀਏ
ਮੈਂ ਚਾਹੁੰਦਾਂ ਹਾਂ ਇਕ ਜੰਗ ਹੋਰ
ਕੱਠੇ ਹੋ ਕੇ
ਆਪਾਂ ਰਲ ਕੇ ਲੜੀਏ ...।

ਮੈਂ ਚਾਹੁੰਦਾਂ ਹਾਂ ਇਸ ਜੰਗ ਅੰਦਰ
ਦਾਗੀਆਂ ਜਾਣ ਬੇਰੁਜ਼ਗਾਰੀ ਦੀ ਹਿੱਕ ਤੇ
ਰੁਜ਼ਗਾਰ ਦੀਆਂ ਮਿਜ਼ਾਈਲਾਂ
ਗ਼ਰੀਬੀ ਦੇ ਅੱਤਵਾਦ ਨੂੰ ਭੁੰਨ ਸੁੱਟੀਏ
ਏਕੇ ਤੇ ਮਿਹਨਤ ਨਾਲ਼
ਜੋ ਭੁੱਖਮਰੀ ਵੰਡ ਰਿਹਾ ਹੈ
ਆਓ! ਇੱਕ ਜੰਗ ਹੋਰ ਲੜੀਏ...

ਮੈਂ ਚਾਹੁੰਦਾਂ ਹਾਂ ਇਕ ਜੰਗ ਦੇਸ਼ ਅੰਦਰ
ਹੋਰ ਲੜੀਏ
ਉਹ ਹੋਵੇ
ਅਧਿਕਾਰਾਂ ਦੀ ਜੰਗ
ਹੱਕਾਂ ਦੀ ਜੰਗ
ਇਨਸਾਫ਼ ਦੀ ਜੰਗ
ਸਭਨਾਂ ਦੀ ਸਾਂਝੀ ਜੰਗ
ਸਭਨਾਂ ਲਈ
ਧਰਮਾਂ, ਮਜ਼੍ਹਬਾਂ ਤੋਂ ਉਪਰ
ਦੇਸ਼ ਦੇ ਅੰਦਰੂਨੀ ਦੁਸ਼ਮਣਾਂ ਖਿਲਾਫ਼
ਅਸੀਂ ਤਿਆਰ ਹਾਂ
ਤੁਸੀਂ ਵੀ ਤਿਆਰ ਹੋਵੋ
ਭਾਰਤ ਨੂੰ
ਲੋਕਾਂ ਦਾ ਭਾਰਤ ਬਣਾਉਣ ਲਈ...।

ਜਸਵੰਤ ਗਿੱਲ ਸਮਾਲਸਰ
97804-51878

ਤੈਨੂੰ ਜੰਗ ਦੀ ਪਈ ਐ

ਜਿੱਤਣ ਲਈ ਚੋਣਾਂ, ਤੈਨੂੰ ਜੰਗ ਦੀ ਪਈ ਐ।
ਲੋਕਾਈ ਨੂੰ ਰੋਟੀ ਦੇ ਅਗਲੇ ਡੰਗ ਦੀ ਪਈ ਐ।

ਦੇ ਕੇ ਭੜਕਾਊ ਭਾਸ਼ਣ ਸਾਡੇ ਲਾਂਘੇ ਜ਼ਮੀਨੀ ਬੰਦ ਕੀਤੇ,
ਤੇਰੇ ਸਮੁੰਦਰ ਦੇ ਰਾਹ ਹਰ ਚੀਜ਼ ਲੰਘ ਦੀ ਪਈ ਐ।

ਸਾਡੀ ਕੌਮ ਨਸ਼ਿਆਂ ਦੇ ਵਿੱਚ ਮਰੀ-ਮੁੱਕੀ ਜਾਂਦੀ,
ਪਰ ਖ਼ਾਲਸੇ ਨੂੰ ਸ਼ਰਦਾਈ-ਭੰਗ ਦੀ ਪਈ ਐ।

ਬੱਚੇ ਸਮਲਿੰਗੀ, ਟੈਂਪੂ, ਪਤਾ ਨੀ ਕੀ ਕੀ ਬਣੇ ?
ਮਾਪਿਆਂ ਨੂੰ ਹਲੇ ਵੀ ਸੰਗ ਦੀ ਪਈ ਐ।

ਦੁਸ਼ਮਣ ਦਰਾਂ ਮੂਹਰੇ ਆ ਕੇ ਮਾਰੇ ਲਲਕਾਰੇ,
ਸਾਨੂੰ ਅਜੇ ਵੀ ਆਪਣੀ ਖੰਘ ਦੀ ਪਈ ਐ।

ਦਿਲਬਰੋ ਦੱਸੋ ਤੁਸੀਂ ਕਦੋਂ ਤੱਕ ਚੁੱਪ ਰਹਿਣਾ,
ਕਲਮ 'ਦੀਪ' ਦੀ ਜਵਾਬ ਮੰਗ ਦੀ ਪਈ ਐ।

ਦੀਪ ਦਿਲਬਰ (62390-79663)

ਅਲਵਿਦਾ, ਵਿਗਿਆਨੀ ਜੈਯੰਤ ਨਾਰਲੀਕਰ

-ਵਿਸ਼ਵ ਕਾਂਤ

ਖਗੋਲ ਵਿਗਿਆਨ (Astronomy) ਦੇ ਅੰਤਰਰਾਸ਼ਟਰੀ ਪ੍ਰਸਿੱਧੀ ਦੇ ਮਾਲਕ, ਵਿਗਿਆਨੀ ਅਤੇ ਵਿਗਿਆਨ ਦੇ ਪਸਾਰ ਨੂੰ ਪ੍ਰਣਾਏ ਸਤਿਕਾਰਤ ਜੈਯੰਤ ਨਾਰਲੀਕਰ ਸਾਥੋਂ 20 ਮਈ ਨੂੰ ਸਦਾ ਲਈ ਵਿੱਛੜ ਗਏ। ਉਹ 86 ਸਾਲ ਦੇ ਸਨ। ਜੈਯੰਤ ਨਾਰਲੀਕਰ ਦਾ ਜਨਮ 19 ਜੁਲਾਈ 1938 ਵਿੱਚ ਕੋਹਲਾਪੁਰ (ਮਹਾਰਾਸ਼ਟਰ) ਵਿੱਚ ਹੋਇਆ। ਜੈਯੰਤ ਨਾਰਲੀਕਲ ਨੇ ਮੁਢਲੀ ਸਿੱਖਿਆ ਬਨਾਰਸ ਵਿੱਚ ਪ੍ਰਾਪਤ ਕੀਤੀ, ਮੈਥ ਵਿੱਚ ਉੱਚ ਡਿਗਰੀ ਲਈ, ਕੈਂਬਰਿਜ਼, ਯੂਨੀਵਰਸਿਟੀ (ਇੰਗਲੈਂਡ) ਚਲੇ ਗਏ। ਉਥੇ ਹੀ ਆਪ ਨੇ ਸੰਸਾਰ ਪ੍ਰਸਿੱਧ ਖਗੋਲ ਵਿਗਿਆਨੀ, ਫਰੈਡ ਹਾਇਲ ਦੀ ਅਗਵਾਈ ਵਿੱਚ ਖੋਜ (Ph.D.) ਕੀਤੀ । ਨਾਰਲੀਕਰ ਅਤੇ ਬਰੈਡ ਹਾਇਲ , ਬ੍ਰਹਿਮੰਡ ਉਤਪੱਤੀ ਦੇ ਮਹਾਂ ਧਮਾਕਾ (Big Bang) ਸਿਧਾਂਤ ਨਾਲ ਸਹਿਮਤ ਨਹੀਂ ਸਨ ਅਤੇ ਇਸ ਦੀ ਥਾਂ ਅਰਧ-ਸਥਿਰ ਅਵਸਥਾ ਸਿਧਾਂਤ ਪੇਸ਼ ਕੀਤਾ। ਇਸ ਕਰਕੇ ਜੈਯੰਤ ਨਾਰਲੀਕਲ ਦੇ ਨਾਂ ਦੀ ਅੰਤਰਰਾਸ਼ਟਰੀ ਪ੍ਰਸਿੱਧੀ ਹੈ।

ਬਿੱਗ ਬੈਂਗ ਸਿਧਾਂਤ ਮੁਤਾਬਿਕ, ਇਸ ਬ੍ਰਹਿਮੰਡ ਦਾ ਕੁੱਲ ਮਾਦਾ, ਸ਼ੁਰੂਆਤ ਵਿੱਚ, ਇੱਕ ਗੋਲੇ ਦੇ ਰੂਪ ਵਿੱਚ, ਬਹੁਤ ਹੀ ਥੋੜ੍ਹੀ ਥਾਂ ਵਿੱਚ ਸੁੰਗੜਿਆ ਹੋਇਆ ਸੀ। ਇਸ ਧਾਰਨਾ ਦਾ ਅਧਾਰ ਹੈ ਕਿ ਕਿਸੇ ਪਰਮਾਣੂ ਦਾ ਤਕਰੀਬਨ ਸਾਰਾ ਹੀ ਪੁੰਜ, ਉਸ ਦੇ ਕੇਂਦਰਕ ਵਿੱਚ, ਬਹੁਤ ਹੀ ਘੱਟ ਥਾਂ ਵਿੱਚ ਹੁੰਦਾ ਹੈ। ਜਿਆਦਾ, ਖਾਲੀ ਥਾਂ ਵਿੱਚ, ਇਲੈਕਟਰੋਨ ਕੇਂਦਰਕ ਦੁਆਲੇ ਚੱਕਰ ਲਾਉਂਦੇ ਰਹਿੰਦੇ ਹਨ। ਪਰਮਾਣੂ ਵਿੱਚ ਜ਼ਿਆਦਾ ਥਾਂ ਖਾਲੀ ਹੁੰਦੀ ਹੈ ਜਿਵੇਂ ਕਈ ਕਿਲੋਮੀਟਰ ਦੇ ਦਾਇਰੇ ਵਿਚਕਾਰ ਕੋਈ ਮਟਰ ਦਾ ਦਾਣਾ ਪਿਆ ਹੋਵੇ। ਇਸੇ ਤਰ੍ਹਾਂ 13.8 ਬਿਲੀਅਨ ਸਾਲ ਪਹਿਲਾਂ, ਸਾਰੇ ਬ੍ਰਹਿਮੰਡ ਦਾ ਪੁੰਜ ਇਕ ਥਾਂ ਤੇ ਕੇਂਦਰਿਤ ਸੀ । ਇਸ ਵਿੱਚ ਮਹਾਂ ਧਮਾਕਾ ਹੋਇਆ। ਇਸ ਖਿਲਾਰੇ ਵਿੱਚੋਂ ਗਲੈਕਸੀਆਂ, ਗਲੈਕਸੀਆਂ ਵਿੱਚ ਤਾਰੇ (ਸੂਰਜ) ਅਤੇ ਤਾਰੇ-ਮੰਡਲਾਂ ਨੇ ਜਨਮ ਲਿਆ। ਮਹਾਂ-ਧਮਾਕੇ ਤੋਂ ਬ੍ਰਹਿਮੰਡ ਦੀ ਉਤਪੱਤੀ ਇਸ ਸਿਧਾਂਤ ਨੂੰ ਬਿੱਗ-ਬੈਂਗ ਸਿਧਾਂਤ ਕਿਹਾ ਜਾਂਦਾ ਹੈ ਪਰ ਹਾਇਲ-ਨਾਰਲੀਕਰ ਸਿਧਾਂਤ ਇਸ ਨੂੰ ਠੀਕ ਨਹੀਂ ਮੰਨਦਾ। ਇਸ ਦੀ ਥਾਂ ਅਰਧ-ਸਥਿਰ ਬ੍ਰਹਿਮੰਡ ਸਿਧਾਂਤ ਦਾ ਸੁਝਾਅ ਦਿੰਦਾ ਹੈ। ਸਥਿਰ ਅਵਸਥਾ ਸਿਧਾਂਤ ਮੁਤਾਬਕ ਬ੍ਰਹਿਮੰਡ ਦੀ ਕੋਈ ਸ਼ੁਰੂਆਤ ਅਤੇ ਅੰਤ ਨਹੀਂ ਹੁੰਦਾ। ਨਵਾਂ ਮਾਦਾ ਪੈਦਾ ਹੁੰਦਾ ਰਹਿੰਦਾ ਹੈ। ਹਾਇਲ-ਨਾਰਲੀਕਰ, ਸਿਧਾਂਤ ਸੁਝਾਅ ਦਿੰਦਾ ਹੈ ਕਿ ਬ੍ਰਹਿਮੰਡ ਸਦੀਵੀ ਹੈ। ਇਸ ਵਿਚਲੇ ਕੁਆਸਾਰ ਤਾਰਿਆਂ ਵਿੱਚ ਸਮੇਂ ਸਮੇਂ 'ਤੇ ਧਮਾਕੇ ਹੁੰਦੇ ਰਹਿੰਦੇ ਹਨ, ਮਾਦਾ ਪੈਦਾ ਹੁੰਦਾ ਰਹਿੰਦਾ ਹੈ, ਬ੍ਰਹਿਮੰਡ ਦੀ ਲਗਾਤਾਰਤਾ ਬਣੀ ਰਹਿੰਦੀ ਹੈ।

ਸ਼੍ਰੀ ਜੈਯੰਤ ਨਾਰਲੀਕਰ ਨੂੰ, ਭਾਰਤ ਵਿੱਚ, ਖਗੋਲ ਵਿਗਿਆਨ ਦੇ ਵਿਕਾਸ ਵਿੱਚ ਪਾਏ ਯੋਗਦਾਨ ਲਈ ਸਦਾ ਯਾਦ ਰੱਖਿਆ ਜਾਵੇਗਾ। ਉਨ੍ਹਾਂ ਦੁਆਰਾ ਪੂਨਾ ਵਿਖੇ ਅੰਤਰ ਯੂਨੀਵਰਸਿਟੀ ਖਗੋਲ ਵਿਗਿਆਨ ਕੇਂਦਰ ਸਥਾਪਿਤ ਕਰਨਾ ਇੱਕ ਵੱਡੀ ਦੇਣ ਹੈ। ਭਾਰਤ ਵਿੱਚ ਵਿਗਿਆਨਿਕ ਚੇਤਨਾ ਦੇ ਪਸਾਰ ਲਈ ਯਤਨਸ਼ੀਲ ਲੋਕ, ਨਾਰਲੀਕਰ ਨੂੰ ਇਸ ਕਰਕੇ ਵੀ ਯਾਦ ਰੱਖਣਗੇ ਕਿ ਉਨ੍ਹਾਂ ਆਪਣੀ ਉੱਚੀ ਪਦਵੀ ਨੂੰ ਨਕਲੀ ਵਿਗਿਆਨਾਂ (Pseudo Sciences) ਨੂੰ ਨਕਾਰਨ ਸਮੇਂ, ਆੜੇ ਨਹੀਂ ਆਉਣ ਦਿੱਤਾ। ਉਨ੍ਹਾਂ ਨੇ ਜੋਤਿਸ਼ ਵਰਗੇ ਫਰੇਬੀ ਗਿਆਨ ਨੂੰ ਦ੍ਰਿੜ ਟੱਕਰ ਦਿੱਤੀ। ਉਨ੍ਹਾਂ ਨੌਜਵਾਨਾਂ ਨੂੰ ਵਿਗਿਆਨ ਵੱਲ ਮੋੜਨ ਦੇ ਯਤਨ ਕੀਤੇ। ਵਰਣਨਯੋਗ ਹੈ ਕਿ ਜੋਤਿਸ਼ ਦਾ ਖੰਡਨ ਕਰਦਾ ਉਨ੍ਹਾਂ ਦਾ ਇੱਕ ਲੇਖ ਨਵੰਬਰ-ਦਸੰਬਰ 2004 ਦੇ ਹਿੰਦੀ ਤਰਕਸ਼ੀਲ ਵਿੱਚ ਲਗਾਇਆ ਗਿਆ ਸੀ। ਇਹ ਲੇਖ ਪੜ੍ਹ ਕੇ ਮਹਾਂਰਾਸ਼ਟਰ ਦੇ ਇੱਕ ਵਿਅਕਤੀ ਮੋਹਨ ਲਾਲ ਨੇ ਤਰਕਸ਼ੀਲ (ਹਿੰਦੀ) ਦੇ ਉਸ ਸਮੇਂ ਦੇ ਸੰਪਾਦਕ ਗੁਰਮੀਤ ਸਿੰਘ ਨੂੰ ਨੋਟਿਸ ਭੇਜਿਆ ਕਿ ਇਸ ਵਿੱਚ ਗਲਤ ਤੱਥ ਲਿਖੇ ਹਨ ਸੋ ਮੈਂ ਕਾਨੂੰਨੀ ਕਾਰਵਾਈ ਲਈ ਪੁਲੀਸ ਪਾਸ ਇਸਦੀ ਸ਼ਿਕਾਇਤ ਕਰ ਰਿਹਾ ਹਾਂ। ਅਤੇ ਇਸ ਸ਼ਿਕਾਇਤ ਦੀ ਕਾਪੀ ਪ੍ਰੈਸ ਕੌਂਸਲ ਆਫ਼ ਇੰਡੀਆ ਨੂੰ ਵੀ ਭੇਜ ਰਿਹਾ ਹਾਂ। ਜੈਯੰਤ ਨਾਰਲੀਕਰ ਨੂੰ ਇਸ ਬਾਰੇ ਪਤਾ ਲੱਗਣ 'ਤੇ ਉਨ੍ਹਾਂ ਨੇ ਤਰਕਸ਼ੀਲ (ਹਿੰਦੀ) ਦੇ ਸੰਪਾਦਕ ਨੂੰ ਵਿਸ਼ੇਸ਼ ਪੱਤਰ ਭੇਜ ਕੇ ਆਪਣੇ ਲੇਖ ਵਿੱਚ ਬਿਆਨ ਕੀਤੇ ਤੱਥਾਂ ਦੀ ਪੁਸ਼ਟੀ ਕੀਤੀ ਜੋ ਤਰਕਸ਼ੀਲ ਦੇ ਜੁਲਾਈ-ਅਗਸਤ 2005 ਅੰਕ ਵਿੱਚ ਪ੍ਰਕਾਸ਼ਿਤ ਹੋਇਆ।

ਉਨ੍ਹਾਂ ਨੂੰ ਭਾਰਤ ਸਰਕਾਰ ਵੱਲੋਂ ਪਦਮ ਸ਼੍ਰੀ, ਪਦਮ ਭੂਸ਼ਣ, ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ ਜੋ ਕਿ ਅਸਲ ਵਿੱਚ ਇਨ੍ਹਾਂ ਸਨਮਾਨਾਂ ਦਾ ਵੀ ਸਨਮਾਨ ਹੈ। ਨਾਰਲੀਕਰ ਦੀ ਸਾਹਿਤਕ ਖੇਤਰ ਵਿੱਚ ਵੀ ਵੱਡੀ ਦੇਣ ਹੈ। ਇਸ ਲਈ ਉਨ੍ਹਾਂ ਦੀ ਝੋਲੀ ਸਾਹਿਤ ਅਕਾਦਮੀ ਪੁਰਸਕਾਰ ਵੀ ਪਿਆ। ਉਨ੍ਹਾਂ ਦੀ ਕਲਗੀ 'ਚ ਹੋਰ ਵੀ ਬਹੁਤ ਸਾਰੇ ਰਾਸ਼ਟਰੀ ਅੰਤਰਰਾਸ਼ਟਰੀ ਸਨਮਾਨ ਸੁਸ਼ੋਭਿਤ ਹਨ। ਵਿਗਿਆਨਕ ਚੇਤਨਾ ਦੇ ਪਸਾਰ ਲਈ ਸੁਹਿਰਦ ਲੋਕਾਂ ਵਿੱਚ, ਨਾਰਲੀਕਰ ਦੀ ਯਾਦ ਹਮੇਸ਼ਾ ਤਾਜ਼ਾ ਰਹੇਗੀ। ਤਰਕਸ਼ੀਲ ਸੋਸਾਇਟੀ ਪੰਜਾਬ, ਇਸ ਮਹਾਨ ਲੋਕ ਵਿਗਿਆਨੀ ਦੇ ਅਧੂਰੇ ਕਾਜ਼ ਨੂੰ ਅੱਗੇ ਵਧਾ ਕੇ, ਸੱਚੀ ਸ਼ਰਧਾਂਜਲੀ ਦੇਣ ਦਾ ਅਹਿਦ ਕਰਦੀ ਹੈ।

ਅਮਿੱਟ ਛਾਪ ਛੱਡ ਗਿਆ ਦੂਜਾ ਸੂਬਾਈ ਵਿਦਿਆਰਥੀ ਵਿਗਿਆਨਕ ਚੇਤਨਾ ਕੈਂਪ

ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਵਿਦਿਆਰਥੀਆਂ ਦੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਸਰਵਪੱਖੀ ਵਿਕਾਸ ਅਤੇ ਸ਼ਖ਼ਸੀਅਤ ਵਿਚਲੇ ਗੁਣ ਵਿਕਸਤ ਕਰਨ ਦੇ ਮਕਸਦ ਨੂੰ ਲੈ ਕੇ 7 ਤੋਂ 9 ਜੂਨ ਤੱਕ ਤਰਕਸ਼ੀਲ ਭਵਨ ਬਰਨਾਲਾ ਵਿਖੇ ਦੂਜਾ ਸੂਬਾਈ ਵਿਦਿਆਰਥੀ ਵਿਗਿਆਨਕ ਚੇਤਨਾ ਕੈਂਪ ਲਾਇਆ ਗਿਆ।

ਇਸ ਕੈਂਪ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਪੰਜਾਬ ਦੇ ਨਾਮਵਰ ਚਿੰਤਕਾਂ, ਮਾਹਿਰਾਂ ਵੱਲੋਂ ਵਿਦਿਆਰਥੀਆਂ ਨੂੰ ਵਿਗਿਆਨਕ ਚੇਤਨਾ, ਚੰਗੀ ਜੀਵਨ ਜਾਚ, ਨੈਤਿਕ ਕਦਰਾਂ-ਕੀਮਤਾਂ, ਖ਼ੁਰਾਕ ਤੇ ਸਿਹਤ, ਮਾਨਸਿਕ ਰੋਗਾਂ ਤੋਂ ਕਿਵੇਂ ਬਚੀਏ ?, ਨਸ਼ਿਆਂ ਤੋਂ ਬਚਾਅ, ਜੀਵ-ਵਿਕਾਸ ਅਤੇ ਮਨੁੱਖ ਦੀ ਉਤਪਤੀ, ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ, ਜਾਦੂ ਕਲਾ, ਖੇਡ ਖੇਡ ਵਿੱਚ ਵਿਗਿਆਨ, ਸੰਮੋਹਨ ਨੀਂਦ, ਜ਼ਿੰਦਗੀ ਵਿੱਚ ਕਲਾ ਦਾ ਮਹੱਤਵ, ਚੰਗੇ ਸਾਹਿਤ ਦੀ ਚੋਣ ਅਤੇ ਰਚਨਾਵਾਂ ਲਿਖਣ ਦੀ ਕਲਾ, ਸਾਈਬਰ ਅਪਰਾਧ ਤੋਂ ਬਚਾਅ ਅਤੇ ਲੋਕ-ਪੱਖੀ ਸਭਿਆਚਾਰ ਆਦਿ ਵਿਸ਼ਿਆਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਗਈ।

ਇਸ ਤਿੰਨ ਰੋਜ਼ਾ ਕੈਂਪ ਵਿੱਚ 73 ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਜਿਨ੍ਹਾਂ ਦੀ ਰਜਿਸਟ੍ਰੇਸ਼ਨ ਦੀ ਜ਼ਿਮੇਂਵਾਰੀ ਤਰਕਸ਼ੀਲ ਕਾਰਕੁਨਾਂ ਭੀਮ ਰਾਜ ਬਰਨਾਲਾ, ਕੁਲਵੰਤ ਕੌਰ ਪਟਿਆਲਾ ਅਤੇ ਮੋਹਨ ਬਡਲਾ ਵੱਲੋਂ ਨਿਭਾਈ ਗਈ।

ਪਹਿਲੇ ਦਿਨ ਸਮੂਹ ਵਿਦਿਆਰਥੀਆਂ ਵੱਲੋਂ ਸਟੇਜ ਉੱਤੇ ਆਪਣੀ ਜਾਣ ਪਛਾਣ ਕਰਵਾਉਣ ਉਪਰੰਤ ਸੁਸਾਇਟੀ ਦੇ ਸੂਬਾਈ ਜੱਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਨੇ ਤਰਕਸ਼ੀਲ ਸੁਸਾਇਟੀ ਪੰਜਾਬ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਵਿਦਿਆਰਥੀ ਚੇਤਨਾ ਕੈਂਪ ਦਾ ਮਕਸਦ ਵਿਦਿਆਰਥੀਆਂ ਵਿੱਚ ਵਿਗਿਆਨਕ ਚੇਤਨਾ ਅਤੇ ਘਟਨਾਵਾਂ ਨੂੰ ਕੀ, ਕਿਉਂ, ਕਿਵੇਂ ਅਤੇ ਕਿੱਥੇ ਦੀ ਕਸੌਟੀ 'ਤੇ ਪਰਖਣ ਦੇ ਇਲਾਵਾ ਉਨ੍ਹਾਂ ਵਿੱਚ ਸਵੈ ਵਿਸ਼ਵਾਸ ਅਤੇ ਸੰਘਰਸ਼ ਦੀ ਭਾਵਨਾ ਵਿਕਸਤ ਕਰਨਾ ਹੈ ਤਾਂ ਕਿ ਉਹ ਜ਼ਿੰਦਗੀ ਦੀਆਂ ਸਮੱਸਿਆਵਾਂ ਦਾ ਟਾਕਰਾ ਮਜ਼ਬੂਤੀ ਨਾਲ ਕਰ ਸਕਣ।

ਇਸਤੋਂ ਪਹਿਲਾਂ ਕੈਂਪ ਵਿੱਚ ਭਾਗ ਲੈਣ ਵਾਲੇ ਸਮੂਹ ਵਿਦਿਆਰਥੀਆਂ ਦੇ ਗ਼ਦਰੀ ਗੁਲਾਬ ਕੌਰ, ਚਾਰਲਸ ਡਾਰਵਿਨ, ਬਰੂਨੋ, ਡਾ.ਦਾਭੋਲਕਰ, ਡਾ. ਕਾਵੂਰ ਅਤੇ ਕ੍ਰਿਸ਼ਨ ਬਰਗਾੜੀ ਨਾਮੀ ਛੇ ਵੱਖ ਵੱਖ ਗਰੁੱਪ ਬਣਾ ਕੇ ਉਨ੍ਹਾਂ ਨੂੰ ਗਰੁੱਪ ਲੀਡਰ ਦੀ ਅਗਵਾਈ ਹੇਠ ਆਪਸੀ ਵਿਚਾਰ ਵਟਾਂਦਰਾ ਕਰਨ,ਵੱਖ ਵੱਖ ਵਿਸ਼ਿਆਂ ਤੇ ਸਵਾਲ ਕਰਨ ਅਤੇ ਸਟੇਜ ਤੋਂ ਆਪਣੇ ਵਿਚਾਰ ਪੇਸ਼ ਕਰਨ ਲਈ ਪ੍ਰੇਰਿਤ ਕੀਤਾ ਗਿਆ।

ਇਸ ਦਿਨ ਦੇ ਅਗਲੇ ਸੈਸ਼ਨ ਵਿੱਚ ਪ੍ਰਿੰਸੀਪਲ ਹਰਿੰਦਰ ਕੌਰ ਨੇ 'ਖੇਡ ਖੇਡ ਵਿੱਚ ਵਿਗਿਆਨ' ਰਾਹੀਂ ਵਿਦਿਆਰਥੀਆਂ ਨੂੰ ਦਿਲਚਸਪ ਢੰਗ ਨਾਲ ਭੌਤਿਕ ਤੇ ਰਸਾਇਣਕ ਕਿਰਿਆਵਾਂ ਰਾਹੀਂ ਵਿਗਿਆਨ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਬਾਰੇ ਜਾਣਕਾਰੀ ਦਿੱਤੀ । ਚੌਥੇ ਸੈਸ਼ਨ ਵਿੱਚ ਸਾਈਬਰ ਅਪਰਾਧ ਮਾਹਿਰ ਮਨਦੀਪ ਸਿੰਘ ਮੱਲੀ ਨੇ 'ਸਾਈਬਰ ਅਪਰਾਧ' ਬਾਰੇ ਵਿਚਾਰ ਸਾਂਝੇ ਕਰਦਿਆਂ ਵਿਦਿਆਰਥੀਆਂ ਨੂੰ ਨਸ਼ਿਆਂ, ਅਸ਼ਲੀਲਤਾ, ਪਬਜੀ ਤੇ ਫਰੀ ਫਾਇਰ ਗੇਮਾਂ ਅਤੇ ਸਾਈਬਰ ਅਪਰਾਧ ਨਾਲ ਸੰਬੰਧਿਤ ਗਤੀਵਿਧੀਆਂ ਤੋਂ ਦੂਰ ਰਹਿਣ ਅਤੇ ਸੋਸ਼ਲ ਮੀਡੀਆ ਉਤੇ ਸਿਰਫ ਉਸਾਰੂ ਪੋਸਟਾਂ ਪਾਉਣ ਅਤੇ ਵੇਖਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਸੋਸ਼ਲ ਮੀਡੀਆ ਰਾਹੀਂ ਕਿਸੇ ਤਰ੍ਹਾਂ ਦਾ ਧੋਖਾ ਹੋਣ ਦੀ ਸੂਰਤ ਵਿੱਚ ਸਾਈਬਰ ਅਪਰਾਧ ਵਿਭਾਗ ਦੇ ਫੋਨ ਨੰਬਰ 1930 ਉਤੇ ਤੁਰੰਤ ਸੰਪਰਕ ਕਰਨ ਦੀ ਅਪੀਲ ਕੀਤੀ।

ਰਾਤ ਦੇ ਖਾਣੇ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਲੋਕ-ਪੱਖੀ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਤਰਕਸ਼ੀਲ ਆਗੂ ਰਾਮ ਕੁਮਾਰ ਪਟਿਆਲਾ ਅਤੇ ਬਿੰਦਰ ਧਨੌਲਾ ਨੇ ਹੱਥ ਦੀ ਸਫਾਈ ਦੇ ਟਰਿੱਕ ਵਿਖਾ ਕੇ ਵਿਦਿਆਰਥੀਆਂ ਨੂੰ ਪਾਖੰਡੀ ਬਾਬਿਆਂ, ਸਾਧਾਂ ਅਤੇ ਜੋਤਸ਼ੀਆਂ ਦੇ ਝਾਂਸੇ ਤੋਂ ਬਚਣ ਲਈ ਪ੍ਰੇਰਿਤ ਕੀਤਾ।

8 ਜੂਨ ਨੂੰ ਕੈਂਪ ਦੇ ਦੂਜੇ ਦਿਨ ਦੇ ਪਹਿਲੇ ਸੈਸ਼ਨ ਵਿੱਚ ਤਰਕਸ਼ੀਲ ਮੈਗਜ਼ੀਨ ਦੇ ਮੁੱਖ-ਸੰਪਾਦਕ ਰਾਜਪਾਲ ਬਠਿੰਡਾ ਨੇ ਪ੍ਰਸਿੱਧ ਵਿਗਿਆਨੀ ਚਾਰਲਸ ਡਾਰਵਿਨ ਦੇ ਜੀਵ-ਵਿਕਾਸ ਦੇ ਸਿਧਾਂਤ ਦੀ ਵਿਆਖਿਆ ਕੀਤੀ। ਉਨ੍ਹਾਂ ਨੇ ਸਕੂਲੀ ਸਿਲੇਬਸ ਚੋਂ ਜੀਵ-ਵਿਕਾਸ ਦੇ ਸਿਧਾਂਤ ਨੂੰ ਬਾਹਰ ਕੱਢਣ ਅਤੇ ਰੂੜ੍ਹੀਵਾਦੀ ਵਿਸ਼ੇ ਸ਼ਾਮਿਲ ਕਰਨ ਦੀ ਨਿਖੇਧੀ ਕੀਤੀ।

ਦੂਜੇ ਸੈਸ਼ਨ ਵਿੱਚ ਪ੍ਰਸਿੱਧ ਕਲਾ-ਮਾਹਿਰ ਗੁਰਪ੍ਰੀਤ ਆਰਟਿਸਟ ਬਠਿੰਡਾ ਨੇ ਜ਼ਿੰਦਗੀ ਵਿੱਚ ਕਲਾ ਦਾ ਮਹੱਤਵ ਦੱਸਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਜ਼ਿੰਦਗੀ ਵਿੱਚ ਸਿਰਜਣਾ, ਸੰਵੇਦਨਸ਼ੀਲਤਾ, ਨੈਤਿਕਤਾ ਅਤੇ ਮਾਨਵਵਾਦੀ ਮਾਨਸਿਕਤਾ ਪ੍ਰਫੁੱਲਿਤ ਕਰਨ ਲਈ ਗੀਤ-ਸੰਗੀਤ, ਨਾਟਕ, ਚਿੱਤਰਕਾਰੀ, ਨ੍ਰਿਤ, ਸਾਹਿਤ ਪੜ੍ਹਨ, ਲਿਖਣ ਆਦਿ ਦੀਆਂ ਰੁਚੀਆਂ ਵਿਕਸਤ ਕਰਨ ਦੀ ਬੇਹੱਦ ਲੋੜ ਹੈ। ਉਨ੍ਹਾਂ ਨੇ ਮੌਕੇ ਉੱਤੇ ਸ਼ਹੀਦ ਭਗਤ ਸਿੰਘ ਅਤੇ ਕੁਦਰਤੀ ਦ੍ਰਿਸ਼ਾਂ ਨਾਲ ਸੰਬੰਧਿਤ ਚਿੱਤਰਕਾਰੀ ਦੀ ਪੇਸ਼ਕਾਰੀ ਕਰਕੇ ਆਪਣੀ ਚਿੱਤਰ-ਕਲਾ ਦਾ ਲੋਹਾ ਵੀ ਮੰਨਵਾਇਆ।

ਤੀਜੇ ਸੈਸ਼ਨ ਵਿੱਚ ਸੀਨੀਅਰ ਤਰਕਸ਼ੀਲ ਆਗੂ ਚੰਨਣ ਵਾਂਦਰ ਅਤੇ ਮਾਸਟਰ ਰਾਜਿੰਦਰ ਭਦੌੜ ਨੇ

ਵਿਦਿਆਰਥੀਆਂ ਨੂੰ ਸੰਮੋਹਨ ਨੀਂਦ ਦੀ ਅਮਲੀ ਪ੍ਰਕਿਰਿਆ ਰਾਹੀਂ ਸਿੱਖਿਅਤ ਕਰਦਿਆਂ ਕਿਹਾ ਕਿ ਇਸ ਵਿਧੀ ਰਾਹੀਂ ਡਰ ,ਫੋਬੀਆ,ਮਾਨਸਿਕ ਤਣਾਓ ਅਤੇ ਬੁਰਾਈਆਂ ਉੱਤੇ ਕਾਬੂ ਪਾਇਆ ਜਾ ਸਕਦਾ ਹੈ ਪਰ ਕੁਝ ਪਾਖੰਡੀ ਲੋਕ ਧਰਮ ਦੀ ਆੜ ਹੇਠ ਸੰਮੋਹਨ ਵਿਧੀ ਦਾ ਦੁਰਪ੍ਰਯੋਗ ਕਰਕੇ ਲੋਕਾਂ ਦੀ ਅੰਨ੍ਹੀ ਲੁੱਟ ਕਰ ਰਹੇ ਹਨ। ਚੌਥੇ ਸੈਸ਼ਨ ਵਿੱਚ ਤਰਕਸ਼ੀਲ ਆਗੂ ਦੀਪ ਦਿਲਬਰ ਨੇ ਵਿਦਿਆਰਥੀਆਂ ਨੂੰ ਵੱਖ ਵੱਖ ਵਿਸ਼ਿਆਂ ਤੇ ਰਚਨਾਵਾਂ ਲਿਖਣ ਦੇ ਦਿਲਚਸਪ ਗੁਰ ਦੱਸੇ ਜਦਕਿ ਨੌਜਵਾਨ ਆਗੂਆਂ ਰਵਿੰਦਰ ਕੌਰ ਅਤੇ ਅਮੀਸ਼ ਬਾਗਪੁਰ ਨੇ 'ਕੀ ਪੜ੍ਹੀਏ, ਕਿਵੇਂ ਪੜ੍ਹੀਏ'? ਵਿਸ਼ੇ ਬਾਰੇ ਬੋਲਦਿਆਂ ਵਿਗਿਆਨਕ, ਇਨਕਲਾਬੀ ਅਤੇ ਹੋਰ ਮਿਆਰੀ ਸਾਹਿਤ ਦਾ ਅਧਿਐਨ ਕਰਨ ਲਈ ਪ੍ਰੇਰਿਤ ਕੀਤਾ।

ਪੰਜਵੇਂ ਸੈਸ਼ਨ ਵਿੱਚ ਨਸ਼ਾ ਛੁਡਾਊ ਮਾਹਿਰ ਸਿਕੰਦਰ ਸਿੰਘ ਢੁੱਡੀਕੇ ਨੇ ਆਪਣੀ ਜ਼ਿੰਦਗੀ ਦੇ ਕੌੜੇ ਤਜ਼ਰਬਿਆਂ ਦੇ ਅਧਾਰ 'ਤੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਬਚਣ ਲਈ ਬਹੁਤ ਪ੍ਰਭਾਵਸ਼ਾਲੀ ਤਰੀਕੇ ਨਾਲ ਪ੍ਰੇਰਿਆ। ਛੇਵੇਂ ਸੈਸ਼ਨ ਵਿੱਚ ਨੈਸ਼ਨਲ ਐਵਾਰਡੀ ਮਾਸਟਰ ਕਰਮਜੀਤ ਸਿੰਘ ਲਲਤੋਂ ਨੇ ਵਿਦਿਆਰਥੀਆਂ ਨੂੰ ਔਰਤ ਵਿਰੋਧੀ, ਹਥਿਆਰਾਂ, ਨਸ਼ਿਆਂ ਅਤੇ ਅਸ਼ਲੀਲਤਾ ਬਾਰੇ ਲੱਚਰ ਗੀਤ ਸੰਗੀਤ ਸੁਣਨ ਦੀ ਥਾਂ ਸਭਿਅਕ ਅਤੇ ਉਸਾਰੂ ਗੀਤ ਸੰਗੀਤ ਨਾਲ ਜੁੜਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਵੱਲੋਂ ਇਸ ਮੌਕੇ ਗਾਏ ਲੋਕ-ਪੱਖੀ ਗੀਤਾਂ ਦੌਰਾਨ ਵਿਦਿਆਰਥੀਆਂ ਨੇ ਵੀ ਪੂਰਾ ਸਾਥ ਦੇ ਕੇ ਮਾਹੌਲ ਨੂੰ ਹੋਰ ਦਿਲਚਸਪ ਅਤੇ ਰੰਗੀਨ ਬਣਾ ਦਿੱਤਾ।

ਕੈਂਪ ਦੇ ਦੂਜੇ ਅਤੇ ਤੀਜੇ ਦਿਨ ਸਵੇਰੇ 6 ਵਜੇ ਸੂਬਾਈ ਤਰਕਸ਼ੀਲ ਆਗੂ ਸੁਰਜੀਤ ਟਿੱਬਾ ਦੀ ਅਗਵਾਈ ਹੇਠ ਵਿਦਿਆਰਥੀਆਂ ਨੂੰ ਖੁੱਲ੍ਹੇ ਮੈਦਾਨ ਵਿੱਚ ਸਰੀਰਕ ਕਸਰਤ ਕਰਵਾਈ ਗਈ ਅਤੇ ਉਨ੍ਹਾਂ ਨੂੰ ਚੰਗੀ ਸਿਹਤ ਤੇ ਖੁਰਾਕ ਸੰਬੰਧੀ ਸਿੱਖਿਅਤ ਕੀਤਾ ਗਿਆ।

9 ਜੂਨ ਨੂੰ ਕੈਂਪ ਦੇ ਆਖਰੀ ਦਿਨ ਪਹਿਲੇ ਸੈਸ਼ਨ ਦੇ ਮੁੱਖ ਬੁਲਾਰੇ ਅਤੇ ਉੱਘੇ ਵਿਦਵਾਨ ਡਾ. ਰਾਜਿੰਦਰ ਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਹੈ ਕਿ ਸ਼ਹੀਦ ਭਗਤ ਸਿੰਘ ਦਾ ਕਿਸੇ ਵੀ ਧਰਮ, ਆਤਮਾ, ਪ੍ਰਮਾਤਮਾ, ਜਾਤ-ਪਾਤ, ਪਾਠ-ਪੂਜਾ ਅਤੇ ਕਿਸਮਤ ਵਿਚ ਕੋਈ ਵਿਸ਼ਵਾਸ ਨਹੀਂ ਸੀ ਅਤੇ ਇਸਦਾ ਖੁਲਾਸਾ ਉਸਨੇ ਆਪਣੀ ਲਿਖੀ ਮਹਾਨ ਰਚਨਾ ਮੈਂ ਨਾਸਤਿਕ ਕਿਉਂ ਹਾਂ? ਵਿੱਚ ਬਾਖੂਬੀ ਕੀਤਾ ਹੈ।

ਦੂਜੇ ਸੈਸ਼ਨ ਵਿੱਚ ਮਾਸਟਰ ਰਾਜਿੰਦਰ ਭਦੌੜ ਨੇ ਸਮਾਜ ਵਿੱਚ ਅਖੌਤੀ ਭੂਤਾਂ ਪ੍ਰੇਤਾਂ ਦੀ ਕਸਰ ਅਤੇ ਮਾਨਸਿਕ ਰੋਗਾਂ ਬਾਰੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਮਾਜਿਕ ਨਾਬਰਾਬਰੀ ਅਤੇ ਬੇਇਨਸਾਫ਼ੀ 'ਤੇ ਅਧਾਰਿਤ ਰਾਜ ਪ੍ਰਬੰਧ ਦੇ ਨਤੀਜੇ ਵਜੋਂ ਉਪਜੇ ਮਾਨਸਿਕ ਰੋਗ ਸਾਡੇ ਸਮੁੱਚੇ ਸਮਾਜ, ਸਿਹਤ ਅਤੇ ਕਾਰਜ ਪ੍ਰਣਾਲੀ ਨੂੰ ਕਮਜ਼ੋਰ ਅਤੇ ਬਰਬਾਦ ਕਰ ਦਿੰਦੇ ਹਨ। ਇਸ ਲਈ ਸਾਨੂੰ ਪਾਖੰਡੀ ਬਾਬਿਆਂ,ਜੋਤਸ਼ੀਆਂ ਦੇ ਝਾਂਸੇ ਵਿੱਚ ਫਸ ਕੇ ਲੁੱਟ ਕਰਵਾਉਣ ਦੀ ਥਾਂ ਆਪਣੀ ਸੋਚ ਨੂੰ ਵਿਗਿਆਨਕ ਅਤੇ ਮਜ਼ਬੂਤ ਬਣਾਉਣ ਦੀ ਲੋੜ ਹੈ।

ਤੀਜੇ ਸੈਸ਼ਨ ਵਿੱਚ ਵਿਦਿਆਰਥੀਆਂ ਦੇ ਕੁਇਜ਼ ਮੁਕਾਬਲੇ ਵੀ ਕਰਵਾਏ ਗਏ ਅਤੇ ਜੇਤੂ ਟੀਮਾਂ ਨੂੰ ਮੈਡਲ ਅਤੇ ਤਰਕਸ਼ੀਲ ਕਿਤਾਬਾਂ ਦੇ ਕੇ ਸਨਮਾਨਿਤ ਕੀਤਾ ਗਿਆ।

ਚੌਥੇ ਅਤੇ ਆਖਰੀ ਸੈਸ਼ਨ ਵਿੱਚ ਛੇ ਗਰੁੱਪਾਂ ਦੇ ਵਿਦਿਆਰਥੀ ਲੀਡਰਾਂ ਪ੍ਰਿੰਸ, ਅਜੈ ਸ਼ਰਮਾ, ਕਿਰਤਪਾਲ ਸਿੰਘ, ਸਾਹਿਲ, ਬਰਿੰਦਰ ਸਿੰਘ ਅਤੇ ਏਕਮਪ੍ਰੀਤ ਸਿੰਘ ਤੋਂ ਇਲਾਵਾ ਅਮਾਨਤਪ੍ਰੀਤ ਸਿੰਘ, ਗੁਰਪ੍ਰੀਤ, ਅਮੀਸ਼ ਬਾਗਪੁਰ ਅਤੇ ਓਮ ਪ੍ਰਕਾਸ਼ ਨੇ ਸਟੇਜ ਤੋਂ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਇਸ ਚੇਤਨਾ ਕੈਂਪ ਵਿੱਚ ਵੱਖ ਵੱਖ ਵਿਸ਼ਿਆਂ ਦੀ ਜਾਣਕਾਰੀ ਮਿਲਣ ਨਾਲ ਉਨ੍ਹਾਂ ਦੀ ਸੋਚ ਅਤੇ ਸਵੈ=ਵਿਸ਼ਵਾਸ਼ ਵਿੱਚ ਵਾਧਾ ਹੋਇਆ ਹੈ ਅਤੇ ਹੋਰ ਬਹੁਤ ਕੁਝ ਨਵਾਂ ਸਿੱਖਣ ਨੂੰ ਮਿਲਿਆ ਹੈ।

ਕੈਂਪ ਵਿੱਚ ਤਿੰਨੇ ਦਿਨ ਚਾਹ ਪਾਣੀ,ਖਾਣੇ ਸਮੇਤ ਸਮੁੱਚੇ ਪ੍ਰਬੰਧਾਂ ਦੀ ਜ਼ਿੰਮੇਵਾਰੀ ਤਰਕਸ਼ੀਲ ਕਾਮਿਆਂ ਬਿੰਦਰ ਧਨੌਲਾ, ਕੁਲਦੀਪ ਨੈਣੇਵਾਲ, ਗੁਰਪ੍ਰੀਤ ਸ਼ਹਿਣਾ ਅਤੇ ਰਾਜੇਸ਼ ਅਕਲੀਆ ਨੇ ਬਾਖੂਬੀ ਨਿਭਾਈ ਜਦਕਿ ਵੱਖ ਵੱਖ ਸੈਸ਼ਨ ਦੌਰਾਨ ਸਟੇਜ ਸੰਚਾਲਨ ਸੂਬਾ ਕਮੇਟੀ ਆਗੂਆਂ ਜਸਵੰਤ ਮੋਹਾਲੀ, ਸੁਖਵਿੰਦਰ ਬਾਗਪੁਰ, ਰਾਮ ਸਵਰਨ ਲੱਖੇਵਾਲੀ, ਗੁਰਪ੍ਰੀਤ ਸ਼ਹਿਣਾ, ਸੁਰਜੀਤ ਟਿੱਬਾ ਅਤੇ ਮੋਹਨ ਬਡਲਾ ਨੇ ਕੀਤਾ।

ਇਸ ਮੌਕੇ ਸੂਬਾ ਕਮੇਟੀ ਆਗੂ ਹੇਮ ਰਾਜ ਸਟੈਨੋ, ਰਾਜੇਸ਼ ਅਕਲੀਆ, ਸੁਮੀਤ ਅੰਮ੍ਰਿਤਸਰ, ਕੁਲਜੀਤ ਡੰਗਰਖੇੜਾ ਤੋਂ ਇਲਾਵਾ ਸਹਿਯੋਗੀ ਕੇਵਲ ਕ੍ਰਿਸ਼ਨ ਜੀਦਾ, ਜੋਨ ਆਗੂ ਸੰਦੀਪ ਧਾਰੀਵਾਲ ਭੋਜਾਂ, ਅਜੀਤ ਪ੍ਰਦੇਸੀ, ਬੂਟਾ ਸਿੰਘ ਵਾਕਫ਼, ਅਸ਼ੋਕ ਕੁਮਾਰ ਰੋਪੜ, ਗਿਆਨ ਸਿੰਘ ਬਠਿੰਡਾ, ਮਾਸਟਰ ਲੱਖਾ ਸਿੰਘ ਮਾਨਸਾ, ਰਣਧੀਰ ਗਿਲਪੱਤੀ, ਖੁਸ਼ਵੰਤ ਬਰਗਾੜੀ, ਵਿਨੋਦ ਬਾਰੇਕਾ, ਵਿਸ਼ਵ ਕਾਂਤ, ਪਾਲ ਬਾਗਪੁਰ, ਜਿੰਦਰ ਬਾਗਪੁਰ, ਹਰਪ੍ਰੀਤ ਗੋਨਿਆਣਾ, ਅਵਤਾਰ ਬਰਨਾਲਾ, ਗੁਰਮੀਤ ਜੱਜ, ਦਵਿੰਦਰ ਸਰਥਲੀ, ਸਹਿਦੇਵ ਸਿੰਘ, ਰਮਨੀਤ ਬਾਗਪੁਰ, ਅਨੀਸ਼ ਬਾਗਪੁਰ, ਪੂਰਨ ਸਿੰਘ ਆਦਿ ਹਾਜ਼ਰ ਸਨ।

ਸੁਮੀਤ ਅੰਮ੍ਰਿਤਸਰ
ਸੂਬਾਈ ਮੀਡੀਆ ਮੁਖੀ

ਵਿਦਿਆਰਥੀ ਚੇਤਨਾ ਕੈਂਪ ਲਈ ਸਹਾਇਤਾ

1. ਕੇਵਲ ਜੀਦਾ -	5000 ਰੁਪਏ
2. ਜੁਝਾਰ ਲੌਂਗੋਵਾਲ -	5000 ਰੁਪਏ
3. ਕੁਲਵੰਤ ਕੌਰ ਪਟਿਆਲਾ -	2000 ਰੁਪਏ
4. ਵਿਸ਼ਵ ਕਾਂਤ -	500 ਰੁਪਏ

ਸਰਗਰਮੀਆਂ

ਇਕਾਈ ਸ਼ਾਹਕੋਟ

ਕੌਮਾਂਤਰੀ ਮਜ਼ਦੂਰ ਦਿਵਸ ਉਪਰ ਵਿਚਾਰ ਚਰਚਾ

ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸ਼ਾਹਕੋਟ ਵੱਲੋਂ ਕੌਮਾਂਤਰੀ ਮਜ਼ਦੂਰ ਦਿਵਸ ਉਪਰ ਵਿਚਾਰ ਚਰਚਾ ਦਾ ਆਯੋਜਨ ਕੀਤਾ ਗਿਆ। ਤਰਕਸ਼ੀਲ ਸੁਸਾਇਟੀ, ਪੰਜਾਬ ਖੇਤ ਮਜ਼ਦੂਰ ਯੂਨੀਅਨ, ਡੀ.ਟੀ.ਐੱਫ, ਅਤੇ ਸਮਾਜ ਦੇ ਚੇਤਨ ਹਿੱਸੇ ਨਾਲ ਸਬੰਧਿਤ ਬੁੱਧੀਜੀਵੀਆਂ ਵਿਚਕਾਰ ਜਿੱਥੇ ਆਰੀਆ-ਅਨਾਰੀਆ ਦੀ ਗੱਲ ਹੋਈ, ਜਾਤ-ਪਾਤ ਦੀਆਂ ਸਭਿਆਚਾਰਕ ਅਤੇ ਆਰਥਿਕ ਜੜ੍ਹਾਂ ਨੂੰ ਫਰੋਲਿਆ ਗਿਆ, ਮਜ਼ਦੂਰ ਦੀ ਪਰਿਭਾਸ਼ਾ ਦਾ ਜ਼ਿਕਰ ਵਿਗਿਆਨਕ ਨਜ਼ਰੀਏ ਤੋਂ ਹੋਇਆ, ਲੁਟੇਰੀ ਜਮਾਤ ਦੇ ਖਾਸੇ ਦੀ ਗੱਲ ਹੋਈ, ਪੈਦਾਵਾਰ ਦੇ ਸੁਭਾਅ ਨੂੰ ਸਮਝਣ ਦੀ ਕੋਸ਼ਿਸ਼ ਹੋਈ, ਥੁੜਾਂ ਮਾਰਿਆਂ ਲਈ ਜਥੇਬੰਦੀਆਂ ਦੀ ਭੂਮਿਕਾ ’ਤੇ ਚਰਚਾ ਹੋਈ ਉਥੇ ਜ਼ਮੀਨ ਦੀ ਵੰਡ ਦੇ ਮਹੱਤਵਪੂਰਨ ਵਿਸ਼ੇ ’ਤੇ ਹੋਈਆਂ ਵਿਚਾਰਾਂ ਨੇ ਇਹ ਸਾਬਤ ਕੀਤਾ ਕਿ ਬੇਜ਼ਮੀਨੇ ਲੋਕਾਂ ਦੀਆਂ ਸੌ ਮਰਜਾਂ ਦੀ ਦਵਾ ਸਿਰਫ ਤੇ ਸਿਰਫ ਜ਼ਮੀਨ ਪ੍ਰਾਪਤੀ ਹੀ ਹੋ ਸਕਦੀ ਹੈ।

ਮੁੱਖ ਬੁਲਾਰੇ ਹਰਮੇਸ਼ ਮਾਲੜੀ ਵੱਲੋਂ ਮਜਦੂਰ ਵਰਗ, ਖਾਸ ਕਰ ਦਲਿਤ ਵਰਗ ਦੀ ਹੋਣੀ ਨੂੰ ਗੁਲਾਮਦਾਰੀ ਯੁੱਗ ਤੋਂ ਲੈ ਕੇ ਮੌਜੂਦਾ ਹਾਕਮਾਂ ਵੱਲੋਂ 29 ਕਿਰਤ ਕਾਨੂੰਨ ਰੱਦ ਕਰਕੇ ਚਾਰ ਲੇਬਰ ਕਾਨੂੰਨ ਬਣਾਉਣ ਤੱਕ ਦੇ ਵਰਤਾਰੇ ਨੂੰ ਸਰੋਤਿਆਂ ਦੇ ਸਨਮੁੱਖ ਕੀਤਾ ਗਿਆ। ਉਨ੍ਹਾਂ ਅੱਗੇ ਕਿਹਾ ਕਿ ਪੈਦਾਵਾਰ ਦਾ ਖਾਸਾ ਸਮੂਹਿਕ ਹੈ, ਪਰ ਮਾਲਕੀ ਨਿੱਜੀ ਹੈ। ਮਾਲਕੀ ਵੀ ਸਮੂਹਿਕ ਹੋ ਜਾਵੇ ਤਾਂ ਆਰਥਿਕ ਪਾੜੇ ਦੀ ਸਮੱਸਿਆ ਹੱਲ ਹੋ ਸਕਦੀ ਹੈ। ਜਾਤ ਪਾਤ ਦੀਆਂ ਜੜ੍ਹਾਂ ਬਾਰੇ ਗੱਲ ਕਰਦਿਆਂ ਸਾਥੀ ਮਾਲੜੀ ਨੇ ਕਿਹਾ ਕਿ ਕਬੀਲਾ ਯੁੱਗ ਵਿੱਚ ਯੁੱਧਾਂ ਵਿੱਚ ਹਾਰੇ ਹੋਏ ਕਬੀਲਿਆਂ ਨੂੰ ਗੁਲਾਮ ਬਣਾ ਲਿਆ ਜਾਂਦਾ ਸੀ। ਹੋਰ ਦੇਸ਼ਾਂ ਵਿੱਚ ਵਕਤ ਗੁਜ਼ਰਨ ਨਾਲ ਗੁਲਾਮਦਾਰੀ ਮੁੱਕ ਗਈ ਪਰ ਭਾਰਤ ਵਿੱਚ ਇਹ ਵੱਖਰੇ ਰੂਪ ਵਿੱਚ ਅੱਜ ਵੀ ਬਰਕਰਾਰ ਹੈ। ਉਦੋਂ ਦੇ ਹਾਰੇ ਹੋਏ ਕਬੀਲੇ ਹੀ ਅੱਜ ਦੇ ਦਲਿਤ ਹਨ। ਆਰੀਆ ਲੋਕਾਂ ਨੇ ਭਾਰਤ ਆਉਣ ਸਮੇਂ, ਉਨ੍ਹਾਂ ਪਾਸੋਂ ਹਾਰੇ ਰਾਜਿਆਂ ਮਹਾਂਰਾਜਿਆਂ ਨੂੰ ਉਪਾਧੀਆਂ ਦੇ ਕੇ ਆਪਣੇ ਨਾਲ ਮਿਲਾ ਲਿਆ, ਪਰ ਗੁਲਾਮਾਂ ਨੂੰ ਗੁਲਾਮ ਹੀ ਰੱਖਿਆ ਗਿਆ।

ਇਸ ਮੌਕੇ ਮਾਸਟਰ ਰਜਿੰਦਰ ਭਦੌੜ, ਸੁਖਵਿੰਦਰ ਬਾਗਪੁਰ ਅਤੇ ਮਜ਼ਦੂਰ ਆਗੂ ਸੁਖਵਿੰਦਰ ਲਾਲੀ ਨੇ ਵੀ ਆਪਣੇ ਵਿਚਾਰ ਰੱਖੇ।

ਜੰਗ ਖਿਲਾਫ਼ ਵਿਸ਼ਾਲ ਰੋਸ ਮਾਰਚ

ਇਕਾਈ ਸ਼ਾਹਕੋਟ ਵੱਲੋਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਪੰਜਾਬ ਖੇਤ ਮਜ਼ਦੂਰ ਯੂਨੀਅਨ, ਡੀ.ਟੀ.ਐਫ. ਅਤੇ ਹੋਰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ 14 ਮਈ ਨੂੰ ਸ਼ਾਹਕੋਟ ਵਿੱਚ ਇੱਕ ਵਿਸ਼ਾਲ ਰੋਸ-ਮਾਰਚ ਕੀਤਾ ਗਿਆ। ਇਸ ਮੌਕੇ ਬੁਲਾਰਿਆਂ ਨੇ ਦੱਸਿਆ ਕਿ ਭਾਰਤ ਅਤੇ ਪਾਕਿਸਤਾਨ ਦੀਆਂ ਲੋਕ-ਵਿਰੋਧੀ ਸਰਕਾਰਾਂ ਵੱਲੋਂ ਦੋਵਾਂ ਮੁਲਕਾਂ ਦੇ ਲੋਕਾਂ ਉਪਰ ਬੇਮਤਲਬ ਦੀ ਭਰਾ-ਮਾਰੂ ਜੰਗ ਥੋਪੀ ਜਾ ਰਹੀ ਹੈ। ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀ, ਇਹ ਸਿਰਫ ਕਿਰਤ ਕਰਨ ਵਾਲੇ ਲੋਕਾਂ ਦਾ ਉਜਾੜਾ ਕਰਦੀ ਹੈ। ਹਕੂਮਤਾਂ ਭਰਾ-ਮਾਰੂ ਜੰਗਾਂ ਕਰਵਾ ਕੇ ਆਪਣਾ ਉੱਲੂ ਸਿੱਧਾ ਕਰਦੀਆਂ ਹਨ। ਵੱਡੀਆਂ ਸਾਮਰਾਜੀ ਕੰਪਨੀਆਂ ਆਪਣੇ ਹਥਿਆਰ ਗਰੀਬ ਮੁਲਕਾਂ ਨੂੰ ਸਪਲਾਈ ਕਰਕੇ ਵੱਡੇ ਮੁਨਾਫੇ ਕਮਾਉਂਦੀਆਂ ਹਨ। ਸਥਾਨਕ ਬੱਸ ਸਟੈਂਡ ’ਤੇ ਹੋਏ ਵਿਸ਼ਾਲ ਇਕੱਠ ਨੂੰ ਮਾਸਟਰ ਗੁਰਚਰਨ ਸਿੰਘ ਚਾਹਲ, ਜਿੰਦਰ ਬਾਗਪੁਰ, ਮਜਦੂਰ ਆਗੂ ਸੁਖਜਿੰਦਰ ਲਾਲੀ ਆਦਿ ਨੇ ਸੰਬੋਧਨ ਕੀਤਾ। ਉਪਰੰਤ ਸ਼ਾਹਕੋਟ ਦੇ ਬਾਜ਼ਾਰਾਂ ਵਿੱਚ ਰੋਹ ਭਰਪੂਰ ਰੋਸ ਮਾਰਚ ਕੀਤਾ ਗਿਆ।

- ਡਾ. ਨਰਿੰਦਰ ਬਾਂਸਲ,
ਮੁਖੀ ਮੀਡੀਆ ਵਿਭਾਗ, ਇਕਾਈ ਸ਼ਾਹਕੋਟ

ਸਰੀ (ਕੈਨੇਡਾ) ਵਿਖੇ ਤਰਕਸ਼ੀਲ ਮੇਲਾ 27 ਜੁਲਾਈ ਨੂੰ

ਤਰਕਸ਼ੀਲ ਸੁਸਾਇਟੀ ਸਰੀ (ਕੈਨੇਡਾ) ਦੀ ਅਹਿਮ ਮੀਟਿੰਗ ਪ੍ਰਧਾਨ ਜਸਵਿੰਦਰ ਹੇਅਰ ਦੀ ਪ੍ਰਧਾਨਗੀ ਹੇਠ ਪ੍ਰੋਗਰੈਸਿਵ ਕਲਚਰਲ ਸੈਂਟਰ ਸਰੀ ਵਿਖੇ ਹੋਈ। ਮੀਟਿੰਗ ਵਿੱਚ ਨਵਲਪ੍ਰੀਤ ਰੰਗੀ ਦੀ ਡਾਕੂਮੈਂਟਰੀ ‘ਕਾਲੇ ਪਾਣੀ ਦਾ ਮੋਰਚਾ’ ਦਿਖਾਈ ਗਈ ਅਤੇ ਇਸ ਵਿੱਚ ਉਠਾਏ ਪ੍ਰਦੂਸ਼ਣ ਦੇ ਮਸਲੇ ਦਾ ਹੱਲ ਕਰਨ ਦੀ ਮੰਗ ਕੀਤੀ ਗਈ।

ਇਸ ਉਪਰੰਤ ਸੁਸਾਇਟੀ ਦੇ ਸਰਪ੍ਰਸਤ ਅਵਤਾਰ ਬਾਈ ਨੇ ਕੌਮੀ ਐਗਜ਼ੈਕਟਿਵ ਕਮੇਟੀ ਦੀ 27 ਮਈ 2025 ਵਾਲੀ ਮੀਟਿੰਗ ਦੀ ਪੂਰੀ ਰਿਪੋਰਟਿੰਗ ਕੀਤੀ ਅਤੇ 27 ਜੁਲਾਈ 2025 ਨੂੰ ਕਰਵਾਏ ਜਾ ਰਹੇ ਸਲਾਨਾ ਤਰਕਸ਼ੀਲ ਮੇਲੇ ਦੇ ਸਬੰਧ ਵਿੱਚ ਚਰਚਾ ਕੀਤੀ। ਇਹ ਜਾਣਕਾਰੀ ਦਿੰਦਿਆਂ ਮੀਡੀਆ ਸਕੱਤਰ ਨਿਰਮਲ ਕਿੰਗਰਾ ਨੇ ਦੱਸਿਆ ਕਿ ਇਹ ਮੇਲਾ ਸਰੀ ਆਰਟ ਸੈਂਟਰ 13750-88 ਐਵੀਨਿਊ ਸਰੀ ਵਿਖੇ ਹੋਵੇਗਾ। ਮੇਲੇ ਵਿੱਚ ਸੁਰਿੰਦਰ ਸ਼ਰਮਾ (ਲੋਕ ਕਲਾ ਮੰਚ ਮੰਡੀ ਮੁੱਲਾਂਪੁਰ) ਦੀ ਨਿਰਦੇਸ਼ਨਾ ਹੇਠ ਨਾਟਕ ਖੇਡਿਆ ਜਾਵੇਗਾ। ਸੁਸਾਇਟੀ ਵੱਲੋਂ ਆਪਣਾ ਯੂਟਿਊਬ ਚੈਨਲ ਸ਼ੁਰੂ ਕਰਨ ਬਾਰੇ ਵੀ ਫੈਸਲਾ ਕੀਤਾ ਗਿਆ।

ਪਾਠਕਾਂ ਨਾਲ ਚਰਚਾ

ਪਿਛਲੇ ਅੰਕ ਵਿੱਚ ਪਾਠਕਾਂ ਤੋਂ ਇਹ ਸਵਾਲ ਪੁੱਛਿਆ ਗਿਆ ਸੀ ਕਿ ਕੀ ਰਸਾਇਣਕ ਖਾਦਾਂ ਤੋਂ ਬਗੈਰ ਤਿਆਰ ਕੀਤੀ ਕਣਕ ਵੱਧ ਗੁਣਕਾਰੀ ਹੁੰਦੀ ਹੈ ? ਜੇ ਹੈ ਤਾਂ ਇਸਦਾ ਵਿਗਿਆਨਕ ਆਧਾਰ ਕੀ ਹੈ ? ਇਸ ਦੇ ਜਵਾਬ ਵਿੱਚ ਆਮ ਪਾਠਕਾਂ ਵੱਲੋਂ ਬਹੁਤੇ ਉੱਤਰ ਨਹੀਂ ਪ੍ਰਾਪਤ ਹੋਏ ਹਾਲਾਂ ਕਿ ਇਹ ਗੱਲ ਬਹੁਤ ਚਰਚਾ ਵਿੱਚ ਰਹਿੰਦੀ ਹੈ। ਸਾਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਬਠਿੰਡਾ ਕੇਂਦਰ ਦੇ ਭੂਮੀ-ਵਿਗਿਆਨੀ ਸੁਖਵਿੰਦਰ ਸਿੰਘ ਵੱਲੋਂ ਜੋ ਉੱਤਰ ਪ੍ਰਾਪਤ ਹੋਇਆ ਹੈ। ਉਹ ਤੁਹਾਡੇ ਨਾਲ ਸਾਂਝਾ ਕਰ ਰਹੇ ਹਾਂ। ਉਨ੍ਹਾਂ ਵੱਲੋਂ ਭੇਜੇ ਉੱਤਰ ਅਨੁਸਾਰ ਅਨਾਜ ਦੀ ਪੂਰੀ ਪੌਸ਼ਟਿਕਤਾ ਲਈ ਜ਼ਮੀਨ ਵਿੱਚ ਸਾਰੇ ਤੱਤਾਂ ਦੀ ਭਰਪੂਰ ਮਾਤਰਾ ਹੋਣੀ ਜਰੂਰੀ ਹੈ।

ਅਨਾਜ ਦੀ ਪੌਸ਼ਟਿਕਤਾ ਲਈ ਖਾਦਾਂ ਦੀ ਵਰਤੋਂ ਦਾ ਮਹੱਤਵ

ਪੌਦਿਆਂ ਦੇ ਵਿਗਿਆਨਕ ਅਧਿਐਨ ਉਪਰੰਤ ਖੋਜੀਆਂ ਨੇ ਦੱਸਿਆ ਹੈ ਕਿ ਕਿਸੇ ਪੌਦੇ ਨੂੰ ਬੀਜ ਤੋਂ ਬੀਜ ਤੱਕ ਭਾਵ ਜੀਵਨ ਚੱਕਰ (ਪੌਦੇ ਦੇ ਜੰਮਣ, ਵਧਣ ਫੁੱਲਣ, ਫਲ ਦੇਣ ਤੱਕ) ਪੂਰਾ ਕਰਨ ਲਈ 16 ਤੱਤਾਂ ਦੀ ਲੋੜ ਹੁੰਦੀ ਹੈ। ਪੌਦੇ ਪ੍ਰਕਾਸ਼ ਸੰਸਲੇਸ਼ਣ ਅਤੇ ਇਨਾਂ ਅਹਿਮ ਤੱਤਾਂ ਦੀ ਪ੍ਰਸਪਰ ਕਿਰਿਆ ਰਾਹੀਂ ਮਿਆਰੀ ਪ੍ਰੋਟੀਨ, ਕਾਰਬੋਹਾਈਡ੍ਰੇਟਸ, ਖਣਿਜ ਅਤੇ ਵਿਟਾਮਿਨਾਂ ਦਾ ਨਿਰਮਾਣ ਕਰਦੇ ਹਨ। ਅਜਿਹੀ ਗੁਣ ਭਰਪੂਰ ਅਤੇ ਸੰਤੁਲਿਤ ਖੁਰਾਕ ਖਾਣ ਨਾਲ ਹੀ ਮਨੁੱਖੀ ਮਨ ਅਤੇ ਤਨ ਤੰਦਰੁਸਤ ਰਹਿ ਸਕਦਾ ਹੈ। ਆਮ ਤੌਰ ਤੇ ਵੱਡੇ ਮੰਨੇ ਜਾਂਦੇ ਤੱਤ, ਜਿਨ੍ਹਾਂ ਦੀ ਜਿਆਦਾ ਮਾਤਰਾ ਵਿੱਚ ਲੋੜ ਹੁੰਦੀ ਹੈ-ਕਾਰਬਨ, ਹਾਈਡ੍ਰੋਜਨ, ਆਕਸੀਜਨ, ਨਾਈਟ੍ਰੋਜਨ, ਫਾਸਫੋਰਸ, ਪੋਟਾਸ਼ੀਅਮ, ਕੈਲਸ਼ੀਅਮ, ਮੈਗਨੀਸ਼ੀਅਮ ਅਤੇ ਸਲਫਰ ਹਨ ਜਦ ਕਿ ਛੋਟੇ ਤੱਤ- ਲੋਹਾ, ਮੈਂਗਨੀਜ਼, ਜਿਸਤ, ਬੋਰੋਨ, ਤਾਂਬਾ, ਮੋਲੀਬਡੀਨਮ ਅਤੇ ਕਲੋਰੀਨ ਮੁਕਾਬਲਤਨ ਘੱਟ ਮਾਤਰਾ ਵਿੱਚ ਲੋੜੀਂਦੇ ਹਨ। ਇਸਤੋਂ ਇਲਾਵਾ ਸੋਡੀਅਮ, ਕੋਬਾਲਟ ਤੇ ਸੈਲੀਨੀਅਮ ਦੀ ਵੀ ਵਿਸ਼ੇਸ਼ ਅਹਿਮੀਅਤ ਹੁੰਦੀ ਹੈ। ਬੇਸ਼ੱਕ ਕਾਰਬਨ ਹਵਾ ਵਿਚਲੀ ਕਾਰਬਨ ਡਾਈਆਕਸਾਈਡ ਵਿੱਚੋਂ, ਹਾਈਡ੍ਰੋਜਨ ਅਤੇ ਆਕਸੀਜਨ ਪਾਣੀ ਵਿੱਚੋ ਮਿਲ ਜਾਂਦੇ ਹਨ ਪਰ ਹਵਾ ਵਿਚਲੀ ਨਾਈਟ੍ਰੋਜਨ (78%) ਦੀ ਸਿੱਧੀ ਵਰਤੋਂ ਸਿਰਫ ਫਲੀਦਾਰ ਪੌਦੇ ਹੀ ਕਰ ਸਕਦੇ ਹਨ। ਇਸ ਲਈ ਆਮ ਫਸਲਾਂ ਲਈ ਨਾਈਟ੍ਰੋਜਨ ਤੱਤ ਦੀ ਪੂਰਤੀ ਲਈ ਖਾਦ ਦੀ ਵਰਤੋਂ ਕਰਨੀ ਪੈਂਦੀ ਹੈ। ਜਦਕਿ ਬਾਕੀ ਤੱਤ ਜ਼ਮੀਨ ਵਿਚੋਂ ਮਿਲ ਜਾਂਦੇ ਹਨ। ਇਸ ਲਈ ਖੁਰਾਕੀ ਗੁਣਵੱਤਾ ਭਰਪੂਰ ਫਸਲ ਉਤਪਾਦਨ ਲਈ ਕਾਸ਼ਤਯੋਗ ਜ਼ਮੀਨ ਦੀ ਮਿਆਰੀ ਸਿਹਤ ਪਹਿਲੀ ਸ਼ਰਤ ਹੈ, ਪ੍ਰੰਤੂ ਭਾਰਤੀ ਭੂਮੀ ਵਿਗਿਆਨ ਸੰਸਥਾ ਦੀ ਰਿਪੋਰਟ ਅਨੁਸਾਰ ਦੇਸ਼ ਵਿੱਚ 43% ਜਮੀਨਾਂ ਵਿੱਚ ਜਿੰਕ, 18.3% ਵਿੱਚ ਬੋਰੋਨ, 12.1% ਵਿੱਚ ਲੋਹਾ, 5.6% ਵਿੱਚ ਮੈਂਗਨੀਜ਼ ਅਤੇ 5.4% ਵਿੱਚ ਤਾਂਬੇ ਦੀ ਘਾਟ ਪਾਈ ਗਈ ਹੈ। ਸ਼ਾਇਦ ਇਸੇ ਕਾਰਨ ਹੀ ਰਾਸ਼ਟਰੀ ਪੋਸ਼ਣ ਸੰਸਥਾ ਦੀ ਰਿਪੋਰਟ (2017) ਅਨੁਸਾਰ ਬਾਜਰੇ ਅਤੇ ਕਣਕ ਵਿੱਚ ਕਾਰਬੋਹਾਈਡ੍ਰੇਟ ਦੀ ਮਾਤਰਾ ਵਿੱਚ 9% ਕਮੀ, ਦਾਲਾਂ ਦੇ ਪ੍ਰੋਟੀਨ ਵਿੱਚ 10% ਕਮੀ, ਟਮਾਟਰ ਵਿੱਚ ਵਿਟਾਮਿਨ ਬੀ1, ਜ਼ਿੰਕ ਅਤੇ ਲੋਹੇ ਦੀ 66-73% ਕਮੀ, ਸੇਬ ਵਿੱਚ ਲੋਹੇ ਦੀ 60% ਕਮੀ, ਆਲੂ ਵਿੱਚ ਬੇਸ਼ੱਕ ਲੋਹੇ ਦੀ ਮਾਤਰਾ ਵਧੀ ਪਰ ਵਿਟਾਮਿਨ ਬੀ-1, ਮੈਗਨੀਸ਼ੀਅਮ ਅਤੇ ਜਿੰਕ ਦੀ ਮਾਤਰਾ ਵਿੱਚ ਜਿਕਰਯੋਗ ਕਮੀ ਪਾਈ ਗਈ ਹੈ।

ਸੰਘਣੀ ਖੇਤੀ ਅਤੇ ਇਕਹਿਰੀ ਫਸਲ ਪ੍ਰਣਾਲੀ (ਝੋਨਾ-ਕਣਕ) ਦੇ ਦੌਰ 'ਚ ਵਧੇਰੇ ਝਾੜ ਦੇਣ ਵਾਲੀਆਂ ਦੋਗਲੀਆਂ ਕਿਸਮਾਂ ਦੀ ਕਾਸ਼ਤ ਨੇ ਕੁਦਰਤੀ ਸ੍ਰੋਤ-ਪਾਣੀ ਅਤੇ ਮਿੱਟੀ ਉਪੱਰ ਬੇਅੰਤ ਦਬਾਅ ਪਾਇਆ। ਸੜਕਾਂ ਅਤੇ ਰਿਹਾਇਸ਼ੀ ਕਲੋਨੀਆਂ ਦਾ ਮੱਕੜਜਾਲ ਵਾਹੀਯੋਗ ਜਮੀਨਾਂ ਨੂੰ ਨਿਗਲ ਰਿਹੈ, ਜਿਸਦੇ ਸਿੱਟੇ ਵਜੋਂ ਭਵਿੱਖ ਵਿੱਚ ਕੁੱਲ ਅਨਾਜ ਉਤਪਾਦਨ ਘਟਣ ਦੀ ਸੰਭਾਵਨਾ ਹੈ। ਦੂਜੇ ਪਾਸੇ ਖੇਤੀ ਲਈ ਨਹਿਰੀ ਪਾਣੀ ਦੀ ਥੁੜ, ਜਮੀਨਦੋਜ ਪਾਣੀ ਦੇ ਪੱਧਰ 'ਚ ਗਿਰਾਵਟ ਅਤੇ ਪਾਣੀ ਦੇ ਮਿਆਰ 'ਚ ਵਿਗਾੜ, ਵਾਤਾਵਰਨ ਤਬਦੀਲੀ ਅਤੇ ਕੀੜੇ-ਮਕੌੜੇ-ਬਿਮਾਰੀਆਂ ਦੇ ਹਮਲੇ ਕਾਰਨ ਪ੍ਰਤੀ ਏਕੜ ਝਾੜ ਵਧਾਉਣ ਲਈ ਅਗਲੇਰੇ ਤਕਨੀਕੀ ਵਿਕਾਸ ਦੇ ਨਾਲ ਨਾਲ ਅਨਾਜ ਦੀ ਪੌਸ਼ਟਿਕ ਗੁਣਵੱਤਾ ਵਧਾਉਣ ਲਈ ਜਰੂਰੀ ਤੱਤਾਂ ਦੀ ਪੂਰਤੀ ਇੱਕ ਚੁਣੌਤੀ ਹੈ। ਬੇਸ਼ੱਕ ਜੈਵਿਕ ਖਾਦਾਂ ਦੀ ਲਗਾਤਾਰ ਵਰਤੋਂ ਲਾਹੇਵੰਦੀ ਹੈ ਪ੍ਰੰਤੂ ਇਸਦੇ ਸ੍ਰੋਤ, ਮਿਆਰ ਅਤੇ ਪੂਰਤੀ ਵੀ ਵੱਡੀ ਮੁਸ਼ਕਿਲ ਹੈ।

ਔਸਤਨ 20 ਕੁਇੰਟਲ ਕਣਕ ਅਤੇ 30 ਕੁਇੰਟਲ ਝੋਨਾ ਪੈਦਾ ਕਰਨ ਲਈ 120 ਕਿਲੋ ਨਾਈਟ੍ਰੋਜਨ, 16 ਕਿਲੋ ਫਾਸਫੋਰਸ ਅਤੇ 80 ਕਿਲੋ ਪੋਟਾਸ਼ੀਅਮ ਪ੍ਰਤੀ ਏਕੜ ਦੀ ਲੋੜ ਪੈਂਦੀ ਹੈ। ਝੋਨਾ-ਕਣਕ ਦੀ ਲਗਾਤਾਰ ਕਾਸ਼ਤ ਦੇ ਨਤੀਜੇ ਵਜੋਂ ਇਹਨਾਂ ਤੱਤਾਂ ਦੀ ਜਮੀਨ ਵਿੱਚ ਘਾਟ ਆਉਣ ਕਾਰਨ ਉਤਪਾਦਨ ਵਿੱਚ ਕਮੀ ਵੱਧਦੀ ਆਬਾਦੀ ਦੀਆਂ ਖੁਰਾਕੀ ਲੋੜਾਂ ਦੀ ਚਿਰ ਸਥਾਈ ਪੂਰਤੀ ਦੇ ਰਾਹ ਵਿੱਚ ਰੁਕਾਵਟ ਬਣੇਗੀ। ਇਨ੍ਹਾਂ ਤੱਤਾਂ ਦੀ ਪੂਰਤੀ ਲਈ ਹੀ ਖਾਦਾਂ ਮੋੜਵੇਂ ਰੂਪ ਵਿੱਚ ਪਾਈਆਂ ਜਾਂਦੀਆਂ ਹਨ। ਇਸ ਲਈ ਰਸਾਇਣਕ ਖਾਦਾਂ ਦੀ, ਜਮੀਨ ਵਿੱਚ ਮਿਲਾਉਣ ਲਈ ਠੋਸ ਰੂਪ 'ਚ ਸਿੱਧੀ ਵਰਤੋਂ ਜਾਂ ਤਰਲ ਰੂਪ (ਖਾਸ ਕਰਕੇ ਸੂਖਮ ਤੱਤ) 'ਚ ਫਸਲ ਉੱਪਰ ਛਿੜਕਾਅ ਕਫਾਇਤੀ ਅਤੇ ਸੁਖਾਲਾ ਰਾਹ ਹੈ। ਮਿੱਟੀ ਪਰਖ ਆਧਾਰਿਤ, ਅਨਾਜੀ ਫਸਲਾਂ ਦੀ ਲੋੜ ਮੁਤਾਬਿਕ ਰਸਾਇਣਕ ਖਾਦਾਂ ਦੀ ਮਾਤਰਾ, ਪਾਉਣ ਦਾ ਸਹੀ ਸਮਾਂ ਅਤੇ ਵਿਧੀ ਅਨੁਸਾਰ ਵਰਤਣ ਨਾਲ ਅਨਾਜ ਦਾ ਉਤਪਾਦਨ ਵਧੇਗਾ, ਇਸਦੇ ਨਾਲ ਨਾਲ ਅਨਾਜ ਦੀ ਖੁਰਾਕੀ ਗੁਣਵੱਤਾ ਬਣੇਗੀ। ਇਸਤੋਂ ਇਲਾਵਾ ਭਵਿੱਖ ਲਈ ਜਮੀਨ ਦੀ ਉਤਪਾਦਕ ਸ਼ਕਤੀ ਬਰਕਰਾਰ ਰੱਖੀ ਜਾ ਸਕੇਗੀ।

ਪਾਠਕ ਪ੍ਰਤੀਕਰਮ

* ਮਈ-ਜੂਨ ਅੰਕ ਵਿੱਚ ਅਵਤਾਰ ਗੋਂਦਾਰਾ ਦਾ ਲੇਖ 'ਏਥੇ ਕੁਝ ਨਹੀਂ ਬਦਲਣਾ?' ਤਬਦੀਲੀ ਪ੍ਰਤੀ ਨਿਰ-ਉਤਸ਼ਾਹਿਤ ਹੋ ਚੁੱਕੇ ਲੋਕਾਂ ਦੀ ਸੋਚ ਉੱਤੇ ਚੰਗੀਆਂ ਟਕੋਰਾਂ ਲਾਉਂਦਾ ਸੀ। ਪਰ ਉਨ੍ਹਾਂ ਵੱਲੋਂ ਵਰਤੇ ਗਏ ਕੁਝ ਸ਼ਬਦ ਸਾਡੇ ਵਰਗੇ ਸਾਧਾਰਣ ਪਾਠਕਾਂ ਲਈ ਗੱਲ ਨੂੰ ਚੰਗੀ ਤਰ੍ਹਾਂ ਸਮਝਣ ਵਿੱਚ ਮੁਸ਼ਕਿਲ ਪੈਦਾ ਕਰਦੇ ਸਨ ਜਿਵੇਂ ਕਿ ਸ਼ਬਦ 'ਮਹਿਰੂਮ' 'ਜੁੱਜ' ਆਦਿ। ਇਸੇ ਤਰ੍ਹਾਂ ਅਮਰੀਕੀ ਬੁੱਧੀਜੀਵੀ ਫੂਕੋ ਵੱਲੋਂ 'ਇਤਿਹਾਸ ਦਾ ਅੰਤ' ਐਲਾਨ ਕਰਨ ਦਾ ਕੀ ਭਾਵ ਸੀ, ਇਹ ਵੱਧ ਸਪਸ਼ਟ ਕਰਨ ਦੀ ਲੋੜ ਸੀ। ਕੁੱਲ ਮਿਲਾ ਕੇ ਮੈਗਜ਼ੀਨ ਦਾ ਮੈਟਰ ਵਧੀਆ ਲੱਗਿਆ।

ਸ਼ਿੰਦਰ ਪਾਲ, ਮੋਹਾਲੀ

(ਲਿਖਤਾਂ ਵਿੱਚ ਸੌਖੇ ਅਤੇ ਆਮ ਬੋਲਚਾਲ ਦੇ ਸ਼ਬਦ ਵਰਤਣ ਦੀ ਮੰਗ ਅਕਸਰ ਆਉਂਦੀ ਰਹਿੰਦੀ ਹੈ। ਸਾਡੀ ਕੋਸ਼ਿਸ਼ ਵੀ ਹੁੰਦੀ ਹੈ ਕਿ ਵਿਸ਼ੇ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾਵੇ ਕਿ ਆਮ ਪਾਠਕ ਨੂੰ ਸਮਝਣ ਵਿੱਚ ਕੋਈ ਮੁਸ਼ਕਿਲ ਨਾ ਆਵੇ। ਪਰ ਇਹ ਗੱਲ ਨਾਵਲ ਕਹਾਣੀ ਆਦਿ ਵਿੱਚ ਲਾਗੂ ਕਰਨੀ ਤਾਂ ਸੌਖੀ ਹੁੰਦੀ ਹੈ ਪਰ ਵਾਰਤਕ ਲਿਖਣ ਸਮੇਂ ਕਈ ਕਾਰਣਾਂ ਕਰਕੇ ਅਜਿਹੇ ਸ਼ਬਦ ਵਰਤੇ ਜਾਂਦੇ ਹਨ ਜੋ ਸਾਡੀ ਆਮ ਬੋਲਚਾਲ ਦਾ ਹਿੱਸਾ ਨਹੀਂ ਹੁੰਦੇ। ਜਿਵੇਂ ਕਈ ਵਾਰ 'ਸੌਖਾ' ਸ਼ਬਦ ਲੇਖਕ ਦੀ ਭਾਵਨਾ ਨੂੰ ਸਹੀ ਤਰ੍ਹਾਂ ਪ੍ਰਗਟ ਨਹੀਂ ਕਰਦਾ। ਕਈ ਵਾਰ 'ਸੌਖੇ ਸ਼ਬਦ' ਨਾਲ ਭਾਸ਼ਾ ਦੀ ਖੂਬਸੂਰਤੀ ਅਤੇ ਪ੍ਰਭਾਵ ਘਟ ਜਾਂਦਾ ਹੈ। ਜਿਵੇਂ 'ਮਹਿਰੂਮ' ਦੀ ਜਗ੍ਹਾ 'ਵਾਂਝਾ' ਸ਼ਬਦ ਵਰਤਣ ਨਾਲ ਅਰਥ ਤਾਂ ਓਹੀ ਰਹਿ ਜਾਂਦੇ ਹਨ ਪਰ ਲੇਖਕ ਦੀ ਸ਼ੈਲੀ ਦੇ ਅਨੁਸਾਰੀ ਨਹੀਂ ਹੁੰਦੇ। ਇਸ ਤਰ੍ਹਾਂ ਕੁਝ ਸ਼ਬਦ ਭਾਂਵੇਂ ਘੱਟ ਵਰਤੇ ਜਾਂਦੇ ਹਨ ਪਰ ਉਨ੍ਹਾਂ ਦਾ ਹੋਰ ਸੌਖਾ ਬਦਲ ਨਹੀਂ ਹੁੰਦਾ। ਉਦਾਹਰਣ ਵਜੋਂ 'ਜੁੱਜ' ਅੰਗਰੇਜ਼ੀ ਸ਼ਬਦ 'ਫੈਕਟਰ' ਦੀ ਪੰਜਾਬੀ ਹੈ, ਸੋ ਇਸ ਦੀ ਜਗ੍ਹਾ ਤਾਂ ਫਿਰ ਅੰਗਰੇਜ਼ੀ ਸ਼ਬਦ ਫੈਕਟਰ ਹੀ ਵਰਤਣਾ ਪੈਣਾ ਹੈ, ਜਿਸ 'ਤੇ ਫਿਰ ਕਈਆਂ ਨੂੰ ਇਤਰਾਜ਼ ਹੋ ਸਕਦਾ ਹੈ ਕਿ ਅੰਗਰੇਜ਼ੀ ਸ਼ਬਦ ਕਿਉਂ ਵਰਤਿਆ। ਫਿਰ ਵੀ ਕੋਸ਼ਿਸ਼ ਕਰਾਂਗੇ ਕਿ ਪਾਠਕਾਂ ਨੂੰ 'ਔਖੇ' ਜਾਪਦੇ ਸ਼ਬਦ ਘੱਟ ਤੋਂ ਘੱਟ ਵਰਤੇ ਜਾਣ। ਦੂਜੇ ਪਾਸੇ ਪਾਠਕਾਂ ਨੂੰ ਵੀ ਰਾਇ ਹੈ ਕਿ ਉਹ ਨਵੇਂ ਨਵੇਂ ਸ਼ਬਦ ਸਿਖਦੇ ਰਹਿਣ ਜਿਸ ਨਾਲ ਉਹ ਭਾਸ਼ਾ ਦੀਆਂ ਬਰੀਕੀਆਂ ਅਤੇ ਸੂਖ਼ਮ ਇਸ਼ਾਰਿਆਂ ਦਾ ਵੱਧ ਆਨੰਦ ਮਾਣ ਸਕਣਗੇ।

'ਇਤਿਹਾਸ ਦਾ ਅੰਤ'=ਸੋਵੀਅਤ ਯੂਨੀਅਨ ਟੁੱਟਣ ਤੋਂ ਬਾਅਦ, ਦੁਨੀਆ ਭਰ ਵਿੱਚ ਚਰਚਿਤ ਹੋਈ, ਅਮਰੀਕੀ ਰਾਜਨੀਤੀ-ਮਾਹਿਰ ਮਾਈਕਲ ਫੂਕੋ ਦੀ ਕਿਤਾਬ *The End of History* ***ਨੇ-ਗੈਰ-ਵਿਗਿਆਨਕ ਹੋਕਾ ਦਿੱਤਾ ਸੀ ਕਿ ਖੁੱਲ੍ਹੀ ਮੰਡੀ (ਪੂੰਜੀਵਾਦ) ਮਾਨਵੀ ਸਭਿਅਤਾ ਦਾ ਸਿਖਰ ਹੈ, ਇਸ ਤੋਂ ਅਗਾਂਹ ਕੁਝ ਨਹੀਂ ਹੋਣਾ, ਕਿਸੇ ਕਿਸਮ ਦੀ ਵਿਚਾਰਧਾਰਕ ਤਬਦੀਲੀ ਨਹੀਂ ਹੋਣੀ। ਯੂਰਪ-ਅਮਰੀਕਾ ਵਿੱਚ ਇਸ ਨੂੰ ਤਕੀਆ ਕਲਾਮ ਵਜੋਂ ਵਰਤਿਆ ਜਾਂਦਾ ਹੈ।***

- ਅਵਤਾਰ ਗੋਂਦਾਰਾ)

* ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼ 'ਤਰਕਸ਼ੀਲ' ਮੈਗਜ਼ੀਨ ਦਾ ਮਈ-ਜੂਨ 2025 ਦੇ ਇਸ ਅੰਕ ਨਾਲ 40ਵਾਂ ਵਰ੍ਹਾ ਸ਼ੁਰੂ ਹੋ ਗਿਆ ਹੈ। ਇਸ ਮੈਗਜ਼ੀਨ ਦੇ ਸਰਵਰਕ ਉੱਪਰ ਬਹੁਤ ਹੀ ਸੋਹਣੀ ਦਿਮਾਗ਼ ਤੋਂ ਜਾਲੇ ਲਾਹ ਰਹੇ ਇੱਕ ਵਿਅਕਤੀ ਦੀ ਤਸਵੀਰ ਬਣਾਈ ਗਈ ਹੈ ਜਿਸ ਥੱਲੇ ਲਿਖਿਆ ਹੈ ਘਰਾਂ ਦੇ ਜਾਲੇ ਲਾਹੁਣ ਨਾਲੋਂ ਦਿਮਾਗਾਂ ਦੇ ਜਾਲੇ ਲਾਹੁਣੇ ਵੱਧ ਮੁਸ਼ਕਿਲ ਕਾਰਜ਼ ਹੈ । ਇਹ ਜ਼ਿੰਦਗੀ ਦੀ ਅਸਲੀਅਤ ਨੂੰ ਦਰਸਾਇਆ ਗਿਆ ਹੈ। ਇਸ ਵਿਸ਼ੇ ਨਾਲ ਹੀ ਸਬੰਧਤ, ਮੇਰੀ ਲਿਖੀ ਕਹਾਣੀ 'ਭੂਤਾਂ ਵਾਲੀ ਕੋਠੀ' ਇਸ ਅੰਕ ਵਿੱਚ ਲੱਗੀ ਹੈ। ਇਸ ਵਿੱਚ 'ਬੱਚਿਆਂ ਸੰਗ ਮੁਸਕਰਾਈਏ' ਕਿਤਾਬ ਦਾ ਜੋ ਜ਼ਿਕਰ ਕੀਤਾ ਹੈ ਬਹੁਤ ਚੰਗਾ ਲੱਗਿਆ। ਸਾਰੀ ਕਿਤਾਬ ਵਿੱਚੋਂ ਜੇਕਰ ਕੋਈ ਇੱਕ ਗੱਲ ਵੀ ਬੱਚਿਆਂ ਉੱਪਰ ਅਸਰ ਕਰ ਗਈ ਤਾਂ ਸਮਝੋ ਸਾਡਾ ਬਹੁਤ ਵੱਡਾ ਫ਼ਾਇਦਾ ਹੋਣ ਵਾਲਾ ਹੈ। ਨਾਲ ਹੀ ਦੱਸਿਆ ਗਿਆ ਹੈ ਕਿ ਤਰਕਸ਼ੀਲ ਦਾ ਅਗਲਾ ਅੰਕ (ਜੁਲਾਈ-ਅਗਸਤ 2025) 'ਏ.ਆਈ. ਵਿਸ਼ੇਸ਼ ਅੰਕ ਹੋਵੇਗਾ। ਕਿਉਂਕਿ ਏ.ਆਈ. ਅੱਜ ਕੱਲ੍ਹ ਭਖਮੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਇਸ ਲਈ ਹਰ ਪਾਠਕ ਨੂੰ ਏ.ਆਈ. ਬਾਰੇ ਜਾਣਕਾਰੀ ਲੈਣ ਲਈ ਉਤਸੁਕਤਾ ਬਣੀ ਰਹੇਗੀ ਅਤੇ ਅਗਲਾ ਅੰਕ ਬਹੁਤ ਹੀ ਜਗਿਆਸਾ ਭਰਪੂਰ ਅਤੇ ਖਿੱਚ ਦਾ ਕੇਂਦਰ ਰਹੇਗਾ।

ਨਵੀਂ ਟੈਕਨਾਲੋਜੀ ਰਾਹੀਂ ਭਰਮ ਭੁਲੇਖੇ ਤੇਜੀ ਨਾਲ ਫੈਲਾਏ ਜਾ ਰਹੇ ਹਨ। ਇਸ ਲਈ ਅੱਜ ਤਰਕਸ਼ੀਲ ਵਰਗੇ ਮੈਗਜ਼ੀਨ ਦੀ ਲੋੜ੍ਹ ਪਹਿਲਾਂ ਨਾਲੋਂ ਬਹੁਤ ਵਧ ਗਈ ਹੈ। ਕੁੱਲ ਮਿਲਾ ਕੇ ਜ਼ਿੰਦਗੀ ਅਤੇ ਸਮਾਜ ਨੂੰ ਸੋਹਣੇ ਰਸਤੇ ਉੱਤੇ ਤੋਰਨ ਲਈ ਤਰਕਸ਼ੀਲ ਮੈਗਜ਼ੀਨ ਸਾਡੇ ਦੋਸਤ ਵਜੋਂ ਕੰਮ ਕਰੇਗਾ। ਸੰਪਾਦਕੀ ਪੰਨੇ ਉੱਪਰ ਲਿਖੇ ਵਿਚਾਰਾਂ ਤੋਂ ਬਹੁਤ ਸੁਹਣੀ ਜਾਣਕਾਰੀ ਮਿਲੀ ਅਤੇ 40ਵਾਂ ਵਰ੍ਹਾ ਸ਼ੁਰੂ ਹੋਣ ਤੇ ਤਰਕਸ਼ੀਲ ਦੀ ਸਾਰੀ ਟੀਮ ਨੂੰ ਲੱਖ ਲੱਖ ਵਧਾਈਆਂ ਜੀ।

ਰਮੇਸ਼ ਗਰਗ,
ਸੀਨੀ. ਵਾਈਸ ਪ੍ਰਧਾਨ, ਪੰਜਾਬ ਪ੍ਰਦੇਸ਼ ਵਪਾਰ ਮੰਡਲ।

* ਮਈ-ਜੂਨ 2025 ਦਾ ਅੰਕ ਵਾਚਿਆ। 'ਤਰਕਸ਼ੀਲ' ਦੀ ਨਵੀਂ ਦਿੱਖ ਨੇ ਬੇਹੱਦ ਪ੍ਰਭਾਵਿਤ ਕੀਤਾ। ਸੰਪਾਦਕੀ ਪੰਨਾ ਰਵਾਇਤ ਤੋਂ ਹਟ ਕੇ ਸੀ। ਸਾਰਾ ਮੈਟਰ ਇੱਕ ਤਰਤੀਬ ਵਿਚ ਪਰੋਇਆ ਹੋਇਆ ਸੀ। 'ਤਰਕਸ਼ੀਲ' ਝੂਠੀਆਂ ਪੋਸਟਾਂ ਦੀ ਪੜਤਾਲ ਕਰਕੇ ਸੱਚ ਸਾਹਮਣੇ ਲਿਆਵੇਗਾ। ਆਸ ਕਰਦਾ ਹਾਂ ਕਿ 'ਤਰਕਸ਼ੀਲ' ਇਸ ਵਾਅਦੇ ਤੇ ਹਮੇਸ਼ਾਂ ਖਰਾ ਉੱਤਰਦਾ ਰਹੇਗਾ। 'ਏਥੇ ਕੁਝ ਨੀ ਬਦਲਣਾ ?', 'ਇਤਿਹਾਸ ਨੂੰ ਪੁੱਠਾ ਗੇੜਾ ਦੇਣ ਦੀ ਕੋਸ਼ਿਸ਼', 'ਅਨੰਨਿਆ ਦੀ ਪਰਵਾਜ਼', 'ਅੰਧਵਿਸ਼ਵਾਸ਼ੀ ਧਾਰਮਿਕਤਾ...' ਤੇ 'ਸਭਿਆਚਾਰਕ ਤਬਦੀਲੀ...' ਰਚਨਾਵਾਂ ਪਾਠਕ ਨੂੰ ਸੋਚਣ ਲਈ ਮਜਬੂਰ ਕਰਦੀਆਂ ਹਨ। 'ਕੇਸ ਰਿਪੋਰਟ' ਅੱਜ ਦਾ ਕੌੜਾ ਸੱਚ ਉਜਾਗਰ ਕਰਦੀ ਹੈ। 'ਇੱਕ ਵਿਗਿਆਨੀ ਦੀ ਗੁਫ਼ਾ...' ਖੋਜ ਭਰਪੂਰ ਲੇਖ ਸੀ ਪਰ ਲੇਖਕ ਦਾ ਨਾਮ ਗਾਇਬ ਸੀ। ਪੁਸਤਕ 'ਬੱਚਿਆਂ ਸੰਗ ਮੁਸਕਰਾਈਏ' ਦੇ ਰੀਵਿਊ ਕਰਤਾ ਦਾ ਨਾਮ ਵੀ ਲਿਖਣਾ ਚਾਹੀਦਾ ਸੀ। 'ਪੈਰੀਅਰ ਦੀ ਵਿਰਾਸਤ' ਜਾਣਕਾਰੀ ਭਰਪੂਰ ਲਿਖਤ ਸੀ। ਰਚਨਾ 'ਬਿਨ੍ਹਾਂ ਲਾਗਤ ਦਾ ਧੰਦਾ ਬਾਬਾਗਿਰੀ', 'ਟੀਕੇ ਤੋਂ ਚੀਕਾਂ' ਅਤੇ ਕਹਾਣੀ 'ਭੂਤਾਂ ਵਾਲੀ ਕੋਠੀ' ਦਾ ਮੈਟਰ ਦਿਲਚਸਪ ਤੇ ਪ੍ਰਭਾਵਸ਼ਾਲੀ ਸੀ। ਪਾਠਕਾਂ ਨਾਲ ਚਰਚਾ ਲਈ ਇੱਕ ਸਵਾਲ ਹਰ ਅੰਕ ਵਿਚ ਪੁੱਛਿਆ ਜਾਵੇ। ਏ.ਆਈ. ਵਿਸ਼ੇਸ਼ ਅੰਕ ਦੀ ਸ਼ਿੱਦਤ ਨਾਲ ਉਡੀਕ ਹੈ। ਸਮੁੱਚੀ ਮਿਹਨਤੀ ਟੀਮ ਨੂੰ ਮੁਬਾਰਕਾਂ..!!

– ਬੂਟਾ ਸਿੰਘ ਵਾਕ.ਫ, ਮੁਕਤਸਰ

ਤਰਕਸ਼ੀਲ ਮੈਗਜ਼ੀਨ ਮਈ ਜੂਨ 2025 ਅੰਕ ਮੇਰੀ ਰਾਇ ਵਿੱਚ ਬਹੁਤ ਹੀ ਸਵਾਦਲਾ, ਨਿਵੇਕਲਾ ਤੇ ਆਮ ਸਾਧਾਰਨ ਪਾਠਕਾਂ ਨੂੰ ਆਪਣੇ ਨਾਲ ਤੋਰਨ ਵਾਲਾ ਸੀ। ਪਰ ਲੇਖਾਂ ਵਿੱਚ ਵਰਤੇ ਕੁਝ ਔਖੇ ਸ਼ਬਦਾਂ ਬਾਰੇ ਵੱਲ ਧਿਆਨ ਦਵਾਉਣਾ ਚਾਹਾਂਗਾ।

ਅਵਤਾਰ ਗੋਂਦਾਰਾ ਜੀ ਦੇ ਲੇਖ 'ਇਥੇ ਕੁਝ ਨੀ ਬਦਲਣਾ' ਵਿੱਚ ਆਉਂਦੇ ਸ਼ਬਦ '**ਸਸ਼ੱਕਤ**' ਦੇ ਅਰਥਾਂ ਦਾ ਪਤਾ ਨਹੀਂ ਲੱਗਿਆ। ਇਸੇ ਪੰਨੇ 'ਤੇ ਸ਼ਬਦ 'ਆਵਾਰਗੀ' ਵੀ ਸਮਝ ਤੋਂ ਬਾਹਰ ਸੀ।

ਇਸੇ ਤਰ੍ਹਾਂ ਆਖਰੀ ਪੰਨਾ ਵਿੱਚ ਸ਼ਬਦ 'ਪਾਰਾਵਾਰ' ਅਤੇ ਸ਼ਬਦ 'ਅੰਤਰ-ਨਿਹਿਤ' ਦੀ ਥਾਂ ਹੋਰ ਸੌਖੇ ਸ਼ਬਦ ਵਰਤ ਲੈਣੇ ਚਾਹੀਦੇ ਸਨ।

- ਅਜੀਤ ਪ੍ਰਦੇਸੀ ਰੋਪੜ

(ਸੌਖੇ ਸ਼ਬਦਾਂ ਦੀ ਵਰਤੋਂ ਬਾਰੇ ਵੈਸੇ ਤਾਂ ਸ਼ਿੰਦਰਪਾਲ ਮੋਹਾਲੀ ਦੇ ਖ਼ਤ ਦੇ ਜਵਾਬ ਵਿੱਚ ਅਵਤਾਰ ਗੋਂਦਾਰਾ ਜੀ ਨੇ ਆਪਣਾ ਪੱਖ ਸਪਸ਼ਟ ਕੀਤਾ ਹੈ ਪਰ ਤੁਹਾਡੇ ਵੱਲੋਂ ਧਿਆਨ ਵਿੱਚ ਲਿਆਂਦੇ ਸ਼ਬਦ ਵੀ ਅਸੀਂ ਸਬੰਧਿਤ ਲੇਖਕਾਂ ਦੇ ਧਿਆਨ ਵਿੱਚ ਲਿਆ ਦਿੱਤੇ ਹਨ।)

ਤਰਕਸ਼ੀਲ ਮੈਗਜੀਨ ਵਿਚ ਛਪੀ ਰਮੇਸ਼ ਗਰਗ ਦੀ ਕਹਾਣੀ 'ਭੂਤਾਂ ਵਾਲੀ ਕੋਠੀ' ਵਧੀਆ ਢੰਗ ਨਾਲ ਅੱਗੇ ਤੁਰਦੀ ਅਤੇ ਨਵੇਂ ਅਰਥ ਸਿਰਜਦੀ ਕਹਾਣੀ ਹੈ। ਅਜੇ ਤੱਕ ਭੂਤਾਂ ਵਾਲੀਆਂ ਕਹਾਣੀਆਂ ਡਰ, ਸਹਿਮ, ਵਹਿਮ ਸਿਰਜਦੀਆਂ ਰਹੀਆਂ ਹਨ ਪਰ ਇਹ ਕਹਾਣੀ ਇਸ ਤੋਂ ਅੱਗੇ ਡਰ ਚੋਂ ਮੁਨਾਫ਼ਾ ਅਤੇ ਫਿਰ ਮਾਰਕੀਟ ਬਣਨ ਦਾ ਬਿਰਤਾਂਤ ਬਣਾਉਂਦੇ ਹੋਏ ਅੱਜ ਦੇ ਪਦਾਰਥਵਾਦੀ ਯੁੱਗ ਤੱਕ ਜਾਂਦੀ ਹੈ। ਪੜ੍ਹਾਈ, ਵਿਗਿਆਨ ਨੇ ਸੁਚੇਤ ਬੰਦਿਆਂ ਚੋਂ ਭੂਤਾਂ ਪ੍ਰੇਤਾਂ ਦਾ ਭਰਮ ਕੱਢ ਦਿੱਤਾ ਹੈ। ਚਲਾਕ ਬੰਦੇ ਇਸ ਭਰਮ ਨੂੰ ਮੁਨਾਫ਼ੇ ਚ ਬਦਲ ਲੈਂਦੇ ਨੇ।

ਜਸਪਾਲ ਮਾਨਖੇੜਾ, ਬਠਿੰਡਾ

ਮੈਗਜ਼ੀਨ ਵਿੱਚ ਕਾਫੀ ਤਬਦੀਲੀ ਵੇਖਣ ਨੂੰ ਮਿਲੀ, ਪਰ ਸ਼ਬਦ-ਜੋੜਾਂ ਵੱਲ ਵੱਧ ਧਿਆਨ ਦੇਣ ਦੀ ਲੋੜ ਹੈ। ਜਿਵੇਂ ਕਿ ਪਹਿਲੇ ਸਫ਼ੇ ਉੱਤੇ ਹੀ ਪਹਿਲਾਂ ਸ਼ਬਦ 'ਤਣਾਅ' ਵਰਤਿਆ ਗਿਆ ਹੈ ਜੋ ਸਹੀ ਹੈ ਪਰ ਅਗਲੀ ਲਾਈਨ ਵਿੱਚ ਹੀ ਇਸ ਨੂੰ 'ਤਨਾਅ' ਲਿਖਿਆ ਗਿਆ ਹੈ, ਜੋ ਗਲਤ ਹੈ। ਇਸੇ ਤਰ੍ਹਾਂ ਦੋ ਵੱਖ ਵੱਖ ਸਤਰਾਂ ਵਿੱਚ 'ਬਣਾਉਣ' ਅਤੇ 'ਬਨਾਉਣ' ਦੋ ਵੱਖੋ ਵੱਖਰੇ ਸ਼ਬਦ-ਜੋੜ ਵਰਤੇ ਗਏ ਹਨ, ਇਨ੍ਹਾਂ ਵਿਚੋਂ 'ਬਣਾਉਣ' ਸ਼ਬਦ ਸਹੀ ਹੈ। ਇਸੇ ਤਰ੍ਹਾਂ ਕਿਤੇ ਕਿਤੇ 'ਉਹਨਾਂ' ਜਾ 'ਇਹਨਾਂ' ਸ਼ਬਦ ਲਿਖੇ ਗਏ ਹਨ ਜਦ ਕਿ ਸਹੀ ਰੂਪ 'ਉਨ੍ਹਾਂ' ਅਤੇ 'ਇਨ੍ਹਾਂ' ਹੈ। ਜੇ ਅਜਿਹੀਆਂ ਗਲਤੀਆਂ ਵੱਲ ਵੱਧ ਧਿਆਨ ਦਿੱਤਾ ਜਾਵੇ ਤਾਂ ਮੈਗ਼ਜ਼ੀਨ ਦਾ ਪ੍ਰਭਾਵ ਵੀ ਹੋਰ ਚੰਗਾ ਬਣੇਗਾ ਅਤੇ ਪੰਜਾਬੀ ਭਾਸ਼ਾ ਲਈ ਵੀ ਇਹ ਲਾਭਦਾਇਕ ਹੋਵੇਗਾ।

ਡਾ. ਸਤੀਸ਼ ਮਲਹੋਤਰਾ, ਅੰਮ੍ਰਿਤਸਰ

ਇਸ ਵਾਰ ਦਾ ਸੰਪਾਦਕੀ ਬਾ-ਕਮਾਲ ਲੱਗਿਆ। ਛੋਟੇ ਛੋਟੇ ਵਾਕਾਂ ਵਿੱਚ ਲਿਖੀ ਤਰਤੀਬ ਅਨੁਸਾਰ ਜਾਣਕਾਰੀ ਕੁੱਜੇ ਵਿੱਚ ਸਮੁੰਦਰ ਸਮਾਨ ਲੱਗੀ। ਯੂ-ਟਿਊਬ 'ਤੇ ਚੱਲ ਰਹੇ ਚਾਨਣ ਗੀਤ ਨੂੰ ਮੈਗਜ਼ੀਨ ਵਿੱਚ ਛਾਪ ਕੇ ਨਵੇਂ ਲੇਖਕਾਂ ਨੂੰ ਅਜਿਹੇ ਗੀਤ ਲਿਖਣ ਲਈ ਹੱਲਾ-ਸ਼ੇਰੀ ਦਿੱਤੀ ਗਈ ਹੈ।

ਗੁਰਦਿਆਲ ਸਾਗਰ ਦੀ ਇੱਕ ਲਾਈਨ 'ਹਾਕਮ...' ਪੰਨਾ 23 'ਤੇ ਹੈ ਅਤੇ ਦੂਜੀ ਲਾਈਨ ਪੰਨਾ 24 ਉੱਤੇ। ਜਦ ਕਿ ਇਹ ਦੋਨੋਂ ਲਾਈਨਾਂ ਦੋ ਪੰਨਿਆਂ 'ਤੇ ਆਹਮੋ-ਸਾਹਮਣੇ ਹੋਣੀਆਂ ਚਾਹੀਦੀਆਂ ਸਨ।

ਜਗਸੀਰ ਜੀਦੇ ਦੀਆਂ 'ਨਸ਼ਤਰਾਂ' ਬਹੁਤ ਵਧੀਆ ਲੱਗੀਆਂ। ਕੁਲਜੀਤ ਡੰਗਰਖੇੜਾ ਵੱਲੋਂ ਲਿਖੀ 'ਪੇਰੀਆਰ ਦੀ ਵਿਰਾਸਤ' ਜਾਣਕਾਰੀ ਭਰਪੂਰ ਅਤੇ ਪ੍ਰੇਰਣਾਦਾਇਕ ਸੀ। 'ਆਪਣੇ ਵਿਚਾਰਾਂ ਦੇ ਬੀਜ ਬੀਜਦੇ ਜਾਓ' ਅਤੇ 'ਕਿਤਾਬਾਂ' ਦੋਵੇਂ ਲਿਖਤਾਂ ਥੋੜ੍ਹੇ ਸ਼ਬਦਾਂ ਵਿੱਚ ਬਹੁਤ ਵੱਡੇ ਵਿਚਾਰ ਲੱਗੇ।

ਕ੍ਰਿਸ਼ਨ ਰਾਹੀ, ਚੰਡੀਗੜ੍ਹ

ਧਰਮ, ਇਨਸਾਨੀਅਤ ਤੇ ਗਰੋਕ

- ਜਸਵੰਤ ਮੋਹਾਲੀ

ਕਿਤਾਬਾਂ ਦੀ ਚਰਚਾ ਲਈ ਬਣੇ ਵਟਸਐਪ ਗਰੁੱਪ "ਕਿਤਾਬੀ ਮਜਲਿਸ" ਵਿੱਚ ਧਰਮ ਤੇ ਇਨਸਾਨੀਅਤ ਨੂੰ ਲੈਕੇ ਬਹਿਸ ਛਿੜ ਪਈ। ਵੱਖ ਵੱਖ ਮੈਂਬਰਾਂ ਨੇ ਜੋ ਕਿਹਾ ਉਸਦਾ ਛੋਟਾ ਜਿਹਾ ਹਿੱਸਾ ਤੁਸੀਂ ਵੀ ਪੜ੍ਹੋ।

ਜਗਦੇਵ -ਕੇਵਲ ਤੇ ਕੇਵਲ ਇਨਸਾਨੀਅਤ ਹੀ ਅਜੇਹਾ ਧਰਮ ਹੈ ਜੋ ਏਕਤਾ ਵੱਲ ਪ੍ਰੇਰਿਤ ਕਰਦੀ ਰਹੀ ਹੈ। ਇਤਿਹਾਸ ਗਵਾਹ ਹੈ; ਹੁਣ ਤੱਕ ਜਿੰਨੇ ਵੀ ਵੱਡੇ ਵੱਡੇ ਨਰਸੰਹਾਰ, ਕਤਲ-ਓ-ਗਾਰਤ ਹੋਏ ਹਨ, ਧਰਮ ਦੇ ਨਾਮ 'ਤੇ ਹੀ ਹੋਏ ਹਨ।

ਹਰਪਾਲ ਪੰਨੂ - ਧਰਮ ਦੀ ਗੈਰਹਾਜਰੀ ਵਿਚ ਇਨਸਾਨੀਅਤ, ਹੈਵਾਨੀਅਤ ਹੈ। ਜਦ ਦੋ ਬੰਦੇ ਧਰਮ ਦੇ ਨਾਮ 'ਤੇ ਲੜਦੇ ਹੋਣ, ਸਮਝੋ ਦੋਵਾਂ ਵਿੱਚੋਂ ਕੋਈ ਧਰਮੀ ਨਹੀਂ।

ਜਗਦੇਵ - ਕੀ ਧਰਮ ਇੱਕ ਮੁਸ਼ਕਿਲ ਪਹੇਲੀ ਹੈ ਜਿਸ ਨੂੰ ਆਮ ਮਨੁੱਖ ਸਹਿਜੇ ਸਮਝ ਨਹੀਂ ਸਕਦਾ ਜਾਂ ਫਿਰ ਧਾਰਮਿਕ ਆਗੂ ਮੁੱਢ-ਕਦੀਮ ਤੋਂ ਹਾਲੇ ਤੱਕ ਸਮਝਾ ਨਹੀਂ ਸਕੇ?

ਲਵਲੀ - ਰਾਣਾ ਰਣਬੀਰ ਜੀ ਨੇ ਵੀ ਆਪਣੀ ਕਿਤਾਬ 'ਚ ਲਿਖਿਆ ਸੀ- ਅਸੀਂ ਧਰਮ ਨੂੰ ਮੰਨਦੇ ਹਾਂ, ਧਰਮ ਦੀ ਨਹੀਂ ਮੰਨਦੇ।

ਜਸਵੰਤ- "ਧਰਮ ਦੀ ਮੰਨਦੇ ਜਾਂ ਧਰਮ ਨੂੰ ਮੰਨਦੇ" ਇਹ ਨਹੀਂ ਪਤਾ... ਪਰ ਇਹ ਪੱਕਾ ਪਤੈ ਕਿ ਧਰਮ ਦੇ ਨਾਂ 'ਤੇ ਲੋਕ ਲੜਦੇ, ਮਰਦੇ ਤੇ ਨਫਰਤ ਕਰਦੇ ਹਨ।

ਅੰਮ੍ਰਿਤਪਾਲ - ਲੜਦੇ ਨਹੀਂ, ਲੜਾਏ ਜਾਂਦੇ ਹਨ।

ਹਰਪਾਲ ਪੰਨੂ - ਹਰੇਕ ਪ੍ਰਾਣੀ, ਵਣ ਤ੍ਰਿਣ, ਅਪਣਾ ਪਰਾਇਆ ਸੁਖੀ ਵਸੇ, ਸੰਸਾਰ ਮੰਗਲਮਈ ਹੋਵੇ, ਅਜਿਹੀ ਭਾਵਨਾ ਅਤੇ ਕਰਮ, ਧਰਮ ਹਨ।

ਜਸਵੰਤ- ਅੱਛਾ ਜੀ ਇਹਨੂੰ ਧਰਮ ਕਹਿੰਦੇ ਆ। ਮੈਂ ਤਾਂ ਇਹਨੂੰ ਕੌਮਨ ਸੈਂਸ ਸਮਝਦਾ ਸੀ।

ਫਿਰ ਭੁਪਿੰਦਰ ਸਰੋਆ ਨੇ ਗਰੋਕ (ਏ.ਆਈ.) ਤੋਂ ਪੁੱਛ ਲਿਆ "ਇਨਸਾਨੀਅਤ ਅਤੇ ਧਰਮ ਵਿਚਕਾਰ ਮੂਲ ਅੰਤਰ ਕੀ ਹੈ" ਤੇ ਗਰੁੱਪ ਵਿੱਚ ਗਰੋਕ ਦਾ ਜਵਾਬ ਸਾਂਝਾ ਕੀਤਾ - ਇਨਸਾਨੀਅਤ ਮਨੁੱਖੀ ਮੁੱਲਾਂ ਦਇਆ, ਸਮਾਨਤਾ ਅਤੇ ਨੈਤਿਕਤਾ ਤੇ ਅਧਾਰਤ ਹੈ, ਜੋ ਸਾਰੇ ਲੋਕਾਂ ਨੂੰ ਸਾਂਝੇ ਤੌਰ 'ਤੇ ਜੋੜਦੀ ਹੈ। ਧਰਮ ਖਾਸ ਵਿਸ਼ਵਾਸਾਂ, ਰੀਤੀ ਰਿਵਾਜਾਂ ਅਤੇ ਅਕੀਦਿਆਂ ਦਾ ਸਮੂਹ ਹੈ, ਜੋ ਅਕਸਰ ਕਿਸੇ ਦੈਵੀ ਸ਼ਕਤੀ ਜਾਂ ਰੂਹਾਨੀ ਮਾਰਗ 'ਤੇ ਕੇਂਦਰਿਤ ਹੁੰਦਾ ਹੈ। ਸੰਖੇਪ ਵਿੱਚ ਇਨਸਾਨੀਅਤ ਸਾਰਿਆਂ ਲਈ ਸਾਂਝੀ ਨੈਤਿਕਤਾ ਹੈ, ਜਦ ਕਿ ਧਰਮ ਵਿਸ਼ੇਸ਼ ਸੱਭਿਆਚਾਰਕ ਜਾਂ ਅਧਿਆਤਮਕ ਪਛਾਣ ਹੈ। ...ਤੇ ਇਸ ਤਰ੍ਹਾਂ ਗਰੋਕ ਵੀ ਇਸ ਵਟਸਐਪ ਬਹਿਸ ਵਿੱਚ ਅਸਿੱਧੇ ਤੌਰ 'ਤੇ ਸ਼ਾਮਲ ਹੋ ਗਿਆ।

ਮੈਨੂੰ ਇਹ ਜਾਪਿਆ ਜਿਵੇਂ ਗਰੋਕ ਇੱਕ ਸਾਂਝਾ ਤੇ ਨਿਰਪੱਖ ਮੋਹਤਬਰ ਬੰਦਾ ਹੋਵੇ ਜਿਸਨੇ ਆਪਣੇ ਕੋਲ ਹਾਸਲ ਜਾਣਕਾਰੀ ਦੇ ਅਧਾਰ 'ਤੇ ਜੁਆਬ ਦਿੱਤਾ। ਇਨਸਾਨ ਵੀ ਹਾਸਲ ਜਾਣਕਾਰੀ ਦੇ ਅਧਾਰ 'ਤੇ ਹੀ ਜੁਆਬ ਦਿੰਦੇ ਹਨ। ਪਰ ਹੌਲੀ ਹੌਲੀ ਬੰਦੇ ਕੁੱਝ ਖਾਸ ਧਾਰਨਾਵਾਂ ਬਣਾ ਲੈਂਦੇ ਹਨ ਤੇ ਉਨ੍ਹਾਂ ਖਾਸ ਧਾਰਨਾਵਾਂ ਤੋਂ ਉਲਟ ਕੁੱਝ ਸੁਨਣਾ ਪਸੰਦ ਨਹੀਂ ਕਰਦੇ। ਆਪਣੇ ਅਕੀਦੇ ਦੇ ਉਲਟ ਕਹੀ ਗਈ ਗੱਲ ਤੋਂ ਕਈ ਵਾਰ ਬੰਦੇ ਦੀਆਂ ਭਾਵਨਾਵਾਂ ਆਹਤ ਹੋ ਜਾਂਦੀਆਂ ਹਨ। ਖਾਸ ਕਰਕੇ ਧਾਰਮਿਕ ਬੰਦੇ ਅਜਿਹੀਆਂ ਹਾਲਤਾਂ ਵਿੱਚ ਮਰਨ ਮਾਰਨ 'ਤੇ ਉੱਤਰ ਆਉਂਦੇ ਹਨ। ਪਰ ਮਸਨੂਈ ਬੁੱਧੀ ਧਾਰਨਾਵਾਂ ਨਹੀਂ ਬਣਾਉਂਦੀ। ਗਰੋਕ ਜਾਂ ਬਣਾਉਟੀ ਬੁੱਧੀ ਦੇ ਕੰਪਿਊਟਰ 'ਤੇ ਜੋ ਵੀ ਡੇਟਾ ਪਾਓ ਉਸ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਦੀ। ਇਸਦਾ ਕਾਰਣ ਹੈ ਕਿ ਇਸ ਮਸ਼ੀਨ ਯਾਨਿ ਕੰਪਿਊਟਰ ਕੋਲ 'ਬੁੱਧੀ' ਹੈ ਪਰ ਮਾਨਸਿਕਤਾ ਨਹੀਂ। ਮਾਨਸਿਕਤਾ ਜੋ ਸਾਰੀਆਂ ਭਾਵਨਾਵਾਂ (Feelings and Emotions) ਦਾ ਸਮੂਹ ਹੈ।

ਤੁਸੀਂ ਨਵੀਂ ਜਨਰੇਸ਼ਨ ਵਾਲੇ ਯਾਨੀ 5ਜੀ ਮੋਬਾਈਲ ਤਾਂ ਖਰੀਦਦੇ ਹੋ, ਪਰ ਜੇਕਰ ਇਨ੍ਹਾਂ ਰਾਹੀਂ ਹਾਸਲ ਹੋਈ ਵਿਗਿਆਨਕ ਜਾਣਕਾਰੀ (ਧਰਤੀ, ਮਨੁਖ ਦੀ ਉਤਪਤੀ ਕਿਵੇਂ ਹੋਈ ਆਦਿ) ਦੀ ਥਾਂ ਤੁਸੀਂ ਆਪਣੇ ਆਪਣੇ ਧਰਮ ਦੀ ਇਸ ਬਾਰੇ ਦਿੱਤੀ ਬੇਤੁਕੀ ਵਿਆਖਿਆ ਨੂੰ ਮੰਨਦੇ ਰਹਿੰਦੇ ਹੋ ਤਾਂ ਇਸ ਅਗਿਆਨਤਾ ਨੂੰ ਤੁਸੀਂ ਖੁਦ ਚੁਣਿਆਂ ਹੈ। ਜੇਕਰ ਅੱਜ ਵੀ ਤੁਸੀਂ ਧਾਰਮਿਕ ਨਫਰਤ ਤੇ ਕਤਲੇਆਮ ਪਿਛਲੀ ਰਾਜਨੀਤੀ ਨਹੀਂ ਸਮਝਦੇ ਤਾਂ ਸੱਤਾ ਦਾ ਮੋਹਰਾ ਬਨਣਾ ਤੁਸੀਂ ਖੁਦ ਚੁਣਿਆਂ ਹੈ। ਧਰਮ ਤੇ ਇਨਸਾਨੀਅਤ ਵਿੱਚ ਅੰਤਰ ਬਾਰੇ ਗਰੋਕ ਦਾ ਜੁਆਬ ਹੈ ਕਿ ਇਨਸਾਨੀਅਤ ਸਾਂਝੀ ਨੈਤਿਕਤਾ ਹੈ ਤੇ ਧਰਮ ਵਿਸ਼ੇਸ਼ ਪਛਾਣ। ਗਰੋਕ ਦੇ ਜੁਆਬ ਨੂੰ ਆਪਣੀ ਸਮਝ ਦਾ ਹਿੱਸਾ ਬਨਾਉਣ ਲਈ ਅਤੇ ਸਾਡੀ ਸਮਾਜਕ ਸ਼ਾਂਤੀ (ਦੰਗੇ ਫਸਾਦ ਰਹਿਤ ਸਮਾਜ) ਲਈ ਜ਼ਰੂਰੀ ਹੈ ਕਿ ਮਸ਼ੀਨੀ ਬੁੱਧੀ ਦੇ ਨਾਲ ਨਾਲ ਇਨਸਾਨੀ ਬੁੱਧੀ ਨੂੰ ਵੀ ਬੇਝਿਜਕ ਹੋਕੇ ਅਪਡੇਟ ਕਰੀਏ ਤੇ ਨਵੇਂ ਵਿਚਾਰਾਂ ਨੂੰ ਖੁੱਲ੍ਹੇ ਦਿਲ ਨਾਲ ਕਬੂਲ ਕਰੀਏ।

ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਵਧ ਚੜ੍ਹ ਕੇ ਹਿੱਸਾ ਲਵੋ

ਕਿਸੇ ਵੀ ਵਿਅਕਤੀ ਦੇ ਜੀਵਨ ਵਿੱਚ ਵਿਦਿਆਰਥੀ ਕਾਲ ਬਹੁਤ ਮਹੱਤਵਪੂਰਨ ਹੁੰਦਾ ਹੈ। ਵਿਦਿਆਰਥੀ ਜੀਵਨ ਵਿੱਚ ਉਸ ਨੂੰ ਜੋ ਗਿਆਨ ਹਾਸਲ ਹੁੰਦਾ ਹੈ, ਜੋ ਉਸਦੀ ਸੋਚ ਬਣਦੀ ਹੈ, ਜਿਸ ਤਰ੍ਹਾਂ ਦੀ ਉਸਦੀ ਸ਼ਖ਼ਸੀਅਤ ਉਸਾਰੀ ਹੁੰਦੀ ਹੈ, ਉਸ ਉੱਤੇ ਹੀ ਉਸਦੀ ਅਗਲੀ ਜ਼ਿੰਦਗੀ ਨਿਰਭਰ ਕਰਦੀ ਹੈ। ਸਮਾਜ ਪ੍ਰਤੀ ਉਸਦੇ ਵਿਚਾਰਾਂ ਦੀ ਨੀਂਹ ਵੀ ਵਿਦਿਆਰਥੀ ਜੀਵਨ ਦੌਰਾਨ ਹੀ ਧਰੀ ਜਾਂਦੀ ਹੈ।

ਇਸ ਗੱਲ ਦੀ ਅਹਿਮੀਅਤ ਨੂੰ ਸਮਝਦੇ ਹੋਏ ਤਰਕਸ਼ੀਲ ਸੋਸਾਇਟੀ ਪੰਜਾਬ ਵੱਲੋਂ ਵਿਦਿਆਰਥੀਆਂ ਲਈ ਵਿਗਿਆਨਕ ਚੇਤਨਾ ਪਰਖ ਪ੍ਰੀਖਿਆ ਸ਼ੁਰੂ ਕੀਤੀ ਗਈ ਹੈ। ਇਸ ਪ੍ਰੀਖਿਆ ਦੇ ਉਦੇਸ਼ਾਂ ਵਿੱਚ ਵਿਦਿਆਰਥੀਆਂ ਵਿੱਚ ਵਿਗਿਆਨਕ ਸੋਚ ਦਾ ਸੰਚਾਰ ਕਰਨਾ, ਉਨ੍ਹਾਂ ਦੇ ਮਨਾਂ ਵਿਚੋਂ ਹਰ ਤਰ੍ਹਾਂ ਦੇ ਅੰਧਵਿਸ਼ਵਾਸਾਂ ਨੂੰ ਖਤਮ ਕਰਨਾ, ਅਸ਼ਲੀਲਤਾ, ਨਸ਼ਿਆਂ ਅਤੇ ਹੋਰ ਬੁਰਾਈਆਂ ਬਾਰੇ ਸੁਚੇਤ ਕਰਨਾ, ਸਮਾਜ ਦੇ ਸਹੀ ਨਾਇਕਾਂ ਤੋਂ ਜਾਣੂ ਕਰਵਾਉਣਾ, ਹਰ ਤਰ੍ਹਾਂ ਦੇ ਵੰਡਾਂ-ਵਖਰੇਵਿਆਂ ਅਤੇ ਊਚ-ਨੀਚ ਤੋਂ ਮੁਕਤ ਵਧੀਆ ਸਮਾਜ ਦੀ ਉਸਾਰੀ ਲਈ ਭਾਵਨਾ ਪੈਦਾ ਕਰਨੀ ਆਦਿ ਸ਼ਾਮਲ ਹਨ।

ਪ੍ਰੀਖਿਆ ਦੀ ਵਿਧੀ :- ਇਸ ਲਈ ਹਰ ਸਾਲ ਦੋ ਪੁਸਤਕਾਂ- (ਇੱਕ ਮਿਡਲ ਸ਼੍ਰੇਣੀਆਂ ਲਈ ਅਤੇ ਦੂਸਰੀ ਸੈਕੰਡਰੀ ਸ਼੍ਰੇਣੀਆਂ ਲਈ) ਛਾਪ ਕੇ ਵਿਦਿਆਰਥੀਆਂ ਤੱਕ ਪਹੁੰਚਾਈਆਂ ਜਾਂਦੀਆਂ ਹਨ। ਫਿਰ ਇਨ੍ਹਾਂ ਪੁਸਤਕਾਂ ਦੇ ਆਧਾਰ 'ਤੇ ਪੰਜਾਬ ਭਰ ਵਿੱਚ ਪ੍ਰੀਖਿਆ ਲਈ ਜਾਂਦੀ ਹੈ। ਇਸ ਪ੍ਰੀਖਿਆ ਵਿੱਚ ਹਰ ਸਾਲ 30 ਹਜਾਰ ਤੋਂ ਉਪਰ ਵਿਦਿਆਰਥੀ ਭਾਗ ਲੈਂਦੇ ਹਨ। ਇਨ੍ਹਾਂ ਵਿਚੋਂ ਚੰਗੀ ਕਾਰਗੁਜ਼ਾਰੀ ਦਿਖਾਉਣ ਵਾਲੇ ਬੱਚਿਆਂ ਨੂੰ ਇਕਾਈ ਅਤੇ ਜ਼ੋਨ ਪੱਧਰ ਤੋਂ ਲੈ ਕੇ ਸੂਬਾਈ ਪੱਧਰ ਤੀਕ ਲੱਖਾਂ ਰੁਪਏ ਦੀਆਂ ਕਿਤਾਬਾਂ ਦੇ ਰੂਪ ਵਿੱਚ ਇਨਾਮ ਦਿੱਤੇ ਜਾਂਦੇ ਹਨ। ਸੂਬਾਈ ਪੱਧਰ ਉੱਤੇ ਨਕਦ ਇਨਾਮ ਵੀ ਦਿੱਤੇ ਜਾਂਦੇ ਹਨ।

ਇਸ ਸਾਲ ਸੱਤਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਹੋ ਰਹੀ ਹੈ ਜੋ ਮਹਾਨ ਆਜਾਦੀ ਸੰਗਰਾਮਣ ਗਦਰੀ ਗੁਲਾਬ ਕੌਰ ਨੂੰ ਸਮਰਪਿਤ ਕੀਤੀ ਗਈ ਹੈ। ਇਸ ਪ੍ਰੀਖਿਆ ਲਈ ਕਿਤਾਬਾਂ ਛਪ ਕੇ ਆ ਚੁੱਕੀਆਂ ਹਨ ਅਤੇ ਸਕੂਲਾਂ ਵਿੱਚ ਪਹੁੰਚਾਈਆਂ ਜਾ ਰਹੀਆਂ ਹਨ। ਇਸ ਵਾਰ ਦੀ ਪ੍ਰੀਖਿਆ 29 ਅਤੇ 31 ਅਗਸਤ ਨੂੰ ਹੋਵੇਗੀ। ਸਕੂਲ ਆਪਣੀ ਸਹੂਲਤ ਮੁਤਾਬਿਕ ਦੋਵਾਂ ਵਿਚੋਂ ਕੋਈ ਮਿਤੀ ਚੁਣ ਸਕਦੇ ਹਨ।

ਨਵੀਆਂ ਚੁਣੌਤੀਆਂ :- ਵੈਸੇ ਤਾਂ ਸਾਡੀ ਸਿੱਖਿਆ ਵਿੱਚ ਪਹਿਲਾਂ ਵੀ ਜ਼ਿੰਦਗੀ ਅਤੇ ਸਮਾਜ ਦੇ ਮਸਲਿਆਂ ਨਾਲ ਜੁੜੇ ਮੈਟਰ ਦੀ ਘਾਟ ਸੀ, ਵਿਗਿਆਨਕ ਸੋਚ ਪੈਦਾ ਕਰਨ ਦੀ ਕੋਈ ਕੋਸ਼ਿਸ਼ ਨਹੀਂ ਸੀ। ਪਰ ਪਿਛਲੇ ਕੁਝ ਸਾਲਾਂ ਦੌਰਾਨ ਤਾਂ ਸਥਿਤੀ ਨੂੰ ਹੋਰ ਬਦਤਰ ਕੀਤਾ ਗਿਆ ਹੈ। ਵਿਗਿਆਨ ਵਿੱਚੋਂ ਜੀਵ-ਵਿਕਾਸ, ਇਤਿਹਾਸ ਵਿੱਚੋਂ ਹਾਕਮਾਂ ਦੀ ਸੋਚ ਵਿੱਚ ਫਿੱਟ ਨਾ ਆਉਂਦੀਆਂ ਮਹੱਤਵਪੂਰਨ ਘਟਨਾਵਾਂ ਅਤੇ ਰਾਜਨੀਤੀ ਸ਼ਾਸਤਰ ਵਿੱਚੋਂ ਅਗਾਂਹਵਧੂ ਲਹਿਰਾਂ ਦਾ ਜ਼ਿਕਰ ਸਿਲੇਬਸ 'ਚੋਂ ਖਾਰਜ ਕਰ ਦਿੱਤਾ ਗਿਆ ਹੈ। ਜੋਤਿਸ਼, ਕਥਿਤ ਵੈਦਿਕ ਗਿਆਨ ਅਤੇ ਕਰਮਕਾਂਡਾਂ ਬਾਰੇ ਡਿਗਰੀਆਂ/ ਡਿਪਲੋਮੇ ਸ਼ੁਰੂ ਕੀਤੇ ਜਾ ਰਹੇ ਹਨ। ਸਿੱਖਿਆ ਰਾਹੀਂ ਫੈਲਾਏ ਜਾ ਰਹੇ ਪਿਛਾਂਹਖਿੱਚੂ, ਕੱਟੜ ਅਤੇ ਫਿਰਕੂ ਵਿਚਾਰਾਂ ਦਾ ਟਾਕਰਾ ਕਰਨ ਲਈ ਵਿਗਿਆਨਕ ਚੇਤਨਾ ਪਰਖ ਪ੍ਰੀਖਿਆ ਵਰਗੇ ਉੱਦਮਾਂ ਨੂੰ ਹੋਰ ਹੁਲਾਰਾ ਦੇਣ ਦੀ ਲੋੜ ਹੈ।

ਅਧਿਆਪਕਾਂ ਨੂੰ ਅਪੀਲ :- ਅਸੀਂ ਜਾਣਦੇ ਹਾਂ ਕਿ ਅਧਿਆਪਕਾਂ ਉੱਤੇ ਬੇਲੋੜੇ ਕੰਮ ਦਾ ਬਹੁਤ ਬੋਝ ਹੈ। ਮਹਿਕਮੇਂ ਵੱਲੋਂ ਉਨ੍ਹਾਂ ਨੂੰ ਅੰਕੜਿਆਂ, ਡਾਕਾਂ ਅਤੇ ਕਾਗਜੀ ਕਾਰਵਾਈਆਂ ਵਿੱਚ ਹੱਦੋਂ ਵੱਧ ਉਲਝਾਕੇ ਰੱਖਿਆ ਜਾ ਰਿਹਾ ਹੈ। ਇਸਦੇ ਬਾਵਜੂਦ ਉਹ ਬੱਚਿਆਂ ਦੀਆਂ ਅਕਾਦਮਿਕ ਲੋੜਾਂ ਦੀ ਪੂਰਤੀ ਲਈ ਮਿਹਨਤ ਕਰ ਰਹੇ ਹਨ। ਬੱਚਿਆਂ ਦੀ ਕਿਤਾਬੀ ਪੜ੍ਹਾਈ ਤੋਂ ਅੱਗੇ ਉਨ੍ਹਾਂ ਵਿੱਚ ਚੰਗੇ ਵਿਚਾਰ, ਵਿਗਿਆਨਕ ਸੋਚ ਅਤੇ ਸਮਾਜ ਪ੍ਰਤੀ ਸਰੋਕਾਰ ਪੈਦਾ ਕਰਨ ਲਈ ਹੋਰ ਵੱਧ ਸਮਾਂ ਕੱਢਣ ਦੀ ਲੋੜ ਹੈ। ਇਹ ਪ੍ਰੀਖਿਆ ਇਸ ਦਿਸ਼ਾ ਵਿੱਚ ਕੰਮ ਕਰਨ ਦਾ ਇੱਕ ਮੌਕਾ ਹੈ। ਸੋ ਅਸੀਂ ਅਧਿਆਪਕਾਂ ਅਤੇ ਸਮੂਹ ਅਧਿਆਪਕ ਜਥੇਬੰਦੀਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਨਾ ਸਿਰਫ ਵਿਦਿਆਰਥੀਆਂ ਨੂੰ ਇਸ ਪ੍ਰੀਖਿਆ 'ਚ ਭਾਗ ਲੈਣ ਲਈ ਪ੍ਰੇਰਨਾ ਦੇਣ ਦੇ ਨਾਲ ਨਾਲ ਇਸਦੀ ਤਿਆਰੀ ਲਈ ਅਗਵਾਈ ਦੇਣ ਅਤੇ ਪ੍ਰੀਖਿਆ ਪੁਸਤਕ ਵਿੱਚ ਦਿੱਤੇ ਮੈਟਰ ਨੂੰ ਸਮਝਣ ਵਿੱਚ ਮਦਦ ਕਰਨ।

ਤਰਕਸ਼ੀਲ ਦੇ ਪਾਠਕਾਂ ਨੂੰ ਵੀ ਅਪੀਲ ਹੈ ਕਿ ਉਹ ਆਪਣੇ ਬੱਚਿਆਂ ਅਤੇ ਸੰਪਰਕ ਵਾਲੇ ਹੋਰ ਵਿਦਿਆਰਥੀਆਂ ਨੂੰ ਇਸ ਪ੍ਰੀਖਿਆ ਵਿੱਚ ਸ਼ਾਮਲ ਹੋਣ ਲਈ ਪ੍ਰੇਰਨਾ ਦੇਣ।

ਤਰਕਸ਼ੀਲ ਲਹਿਰ ਦੇ ਦੇਸ਼ ਵਿਦੇਸ਼ ਵਸਦੇ ਹਿਤੈਸ਼ੀਆਂ ਅਤੇ ਸਮਾਜ ਦਾ ਭਲਾ ਲੋਚਦੇ ਸਭਨਾਂ ਲੋਕਾਂ ਨੂੰ ਵਿਗਿਆਨਕ ਚੇਤਨਾ ਦੇ ਪ੍ਰਚਾਰ-ਪ੍ਰਸਾਰ ਲਈ ਕੀਤੇ ਜਾ ਰਹੇ ਇਸ ਅਹਿਮ ਕਾਰਜ ਵਿੱਚ ਸੁਸਾਇਟੀ ਲਈ ਆਰਥਿਕ ਸਹਾਇਤਾ ਭੇਜਣ ਦੀ ਸਨਿਮਰ ਅਪੀਲ ਹੈ।

ਸੂਬਾ ਕਮੇਟੀ, ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)

ਤਰਕਸ਼ੀਲ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ (ਚੰਡੀਗੜ੍ਹ) ਮਿਤੀ 17 ਜਨਵਰੀ 1994 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।

ਜਿਲਦ ਨੰ. 26 ਰਜਿ. ਨੰ. PUNPUN/2000/05393 ਅੰਕ : 4

ਦੂਸਰਾ ਸੂਬਾਈ ਵਿਦਿਆਰਥੀ ਵਿਗਿਆਨਕ ਚੇਤਨਾ ਕੈਂਪ 2025



ਚੇਤਨਾ ਕੈਂਪ ਵਿੱਚ ਸਮੁੱਚੇ ਪੰਜਾਬ ਤੋਂ ਸ਼ਾਮਲ ਹੋਏ ਵਿਦਿਆਰਥੀ ਸੂਬਾਈ ਟੀਮ ਨਾਲ

ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਮਹਿਮਾਨ ਬੁਲਾਰੇ




ਗੁਰਪ੍ਰੀਤ ਆਰਟਿਸਟ



ਕਰਮਜੀਤ ਸਿੰਘ ਲਲਤੋਂ



ਰਵਿੰਦਰ ਕੌਰ



ਡਾ. ਰਜਿੰਦਰ ਪਾਲ ਸਿੰਘ

If undelivered please return to :
Tarksheel
Tarksheel Bhawan, Tarksheel Chowk,
Sanghera By Pass, BARNALA-148101
Post Box No. 55
Cell. 98769 53561, 98728 74620
Web : www.tarksheel.org
e-mail : tarkshiloffice@gmail.com

BOOK POST
(Printed Matter)

To ....

....

....